# ਐਲੀਮੈਂਟਰੀ ਸਿੱਖਿਆ ’ਚ ਡਿਪਲੋਮਾ

# (ਡੀ.ਐੱਲ.ਐੱਡ.)

## ਕੋਰਸ–507

## ਬਲਾਕ–1

## ਸਾਮਜ, ਸਮੁਦਾਇ ਅਤੇ ਸਕੂਲ

ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ

ਏ–24/25, ਇੰਸਟੀਚਿਊਸ਼ਨਲ ਏਰੀਆ

ਸੈਕਟਰ–62, ਨੌਇਡਾ

ਗੌਤਮ ਬੁੱਧ ਨਗਰ, ਯੂਪੀ–201309

ਵੈਬਸਾਈਟ: www.nios.ac.in

## Declaration/ Disclaimer

This is translated version of D.El.Ed. course material available in English medium at www.dled.nios.ac.in. All care and diligence has been ensured while translating to ensure sanctity of materials, however, in case of any kind of divergence/translation/ meaning the source version i.e material in English medium shall prevail.

## ਘੋਸ਼ਣਾ

ਇਹ ਡੀ.ਈਐੱਲ.ਈਡੀ. ਲਈ www.dled.nios.ac.in 'ਤੇ ਉਪਲੱਬਧ ਕੋਰਸ ਸਮੱਗਰੀ ਦਾ ਕੀਤਾ ਗਿਆ ਪੰਜਾਬੀ ਅਨੁਵਾਦ ਹੈ, ਕਿਸੇ ਵੀ ਕਿਸਮ ਦੀ ਭਿੰਨਤਾ ਦੇ ਸਿਲਸਿਲੇ ਵਿੱਚ ਅੰਗਰੇਜ਼ੀ ਸੰਸਕਰਣ ਪ੍ਰਬਲ ਹੋਵੇਗਾ।

# ਇਕਾਈ 1 ਸਮਾਜ ਅਤੇ ਸਿੱਖਿਆ



ਨੋਟ

## ਸੰਰਚਨਾ


1.0 ਜਾਣ-ਪਛਾਣ

1.1 ਸਿੱਖਣ ਦੇ ਉਦੇਸ਼

1.2 ਸਮਾਜ : ਅਰਥ ਅਤੇ ਇਸਦੇ ਸੰਸਥਾਨ

1.3 ਭਾਰਤੀ ਸਮਾਜ ਦਾ ਕ੍ਰਮ ਵਿਕਾਸ

1.4 ਸਮਾਜ ਅਤੇ ਵਿਦਿਅਕ ਸੰਬੰਧ

1.5 ਸਮਾਜ ਦੇ ਅੰਗ ਦੇ ਤੌਰ ’ਤੇ ਸਕੂਲ

1.6 ਸਾਰਾਂਸ਼

1.7 ਤੁਹਾਡੀ ਪ੍ਰਗਤੀ ਦੀ ਪਰਖ ਲਈ ਉੱਤਰ

1.8 ਸੁਝਾਏ ਅਧਿਐਨ ਅਤੇ ਸੰਦਰਭ

1.9 ਸ਼ਬਦ ਸੰਗ੍ਰਹਿ/ਸੰਖੇਪ ਸ਼ਬਦ

1.10 ਇਕਾਈ ਅੰਤ ਅਭਿਆਸ


## 1.0 ਜਾਣ-ਪਛਾਣ

ਇਸ ਇਕਾਈ ਵਿੱਚ ਤੁਸੀਂ ਸਿੱਖੋਗੇ ਕਿ ਸਮਾਜ ਕੀ ਹੈ? ਸਮਾਜ ਦੀ ਪ੍ਰਕ੍ਰਿਤੀ ਅਤੇ ਨਾਲ ਹੀ ਵਿਅਕਤੀ ਅਤੇ ਸਮਾਜ ਵਿੱਚ ਰਿਸ਼ਤੇ ਦੇ ਨੈਟਵਰਕ ਬਾਰੇ। ਇਹ ਸਮਾਜ ਦੇ ਭਿੰਨ ਸੰਸਥਾਨਾਂ ਜਿਵੇਂ ਪਰਿਵਾਰ, ਸਿੱਖਿਆ, ਧਰਮ, ਸ਼ਾਸਨ ਪ੍ਰਣਾਲੀ, ਆਰਥਿਕਤਾ ਦਾ ਵੀ ਚਿਤਰਣ ਕਰਦਾ ਹੈ। ਇਨ੍ਹਾਂ ਸੰਸਥਾਨਾਂ ਰਾਹੀਂ ਤੁਸੀਂ ਬੁਨਿਆਦੀ ਢਾਂਚੇ ਅਤੇ ਸਮਾਜ ਵਿੱਚ ਇਸ ਦੀ ਕਿਰਿਆ ਬਾਰੇ ਵੀ ਜਾਣੋਗੇ। ਜਿਵੇਂ ਕਿ ਇਸ ਇਕਾਈ ਦਾ ਸਿਰਲੇਖ ਸਮਾਜ ਅਤੇ ਸਿੱਖਿਆ ਹੈ, ਇਸ ਲਈ ਮੁੱਖ ਧਿਆਨ ਸਮਾਜ ਅਤੇ ਸਿੱਖਿਆ ਪ੍ਰਣਾਲੀ ਵਿੱਚ ਮੁੱਖ ਧਿਆਨ ਸਮਾਜ ਅਤੇ ਸਿੱਖਿਆ ਪ੍ਰਣਾਲੀ ਵਿੱਚ ਸੰਬੰਧਾਂ ਨੂੰ ਸਮਝਣ ਵੱਲ ਕੇਂਦਰਤ ਕੀਤਾ ਗਿਆ ਹੈ। ਵਿਦਿਅਕ ਸੰਸਥਾਨ ਸਮਾਜ ਦੇ ਬੇਹਦ ਅਹਿਮ ਅੰਗ ਹਨ ਅਤੇ ਸਿੱਖਣਾ ਸਮਾਜਕ ਉਤਪਾਦ ਹੈ। ਇਸ ਤਰ੍ਹਾਂ ਤੁਸੀਂ ਸਮਾਜ ਅਤੇ ਮਨੁੱਖਤਾ ਦੇ ਵਿਕਾਸ ਲਈ ਵਿਦਿਅਕ ਪ੍ਰਣਾਲੀ ਦੇ ਅਹਿਮ ਯੋਗਦਾਨ ਬਾਰੇ ਵੀ ਸਿੱਖੋਗੇ। ਇਸ ਦੇ ਵਿਪਰੀਤ ਵਿਦਿਅਕ ਸੰਸਥਾਨਾਂ ਦੀ ਪ੍ਰਕਿਰਤੀ ਅਤੇ ਵਿਕਾਸ ਵੀ ਇਸ ਦੇ ਸਮਾਜਕ-ਸੰਸਕ੍ਰਿਤਕ ਕਾਰਨਾਂ, ਆਰਥਕ ਮਾਹੌਲ ਅਤੇ ਸਮਾਜਕ ਸਥਿਤੀਆਂ ਸੰਦਰਭ ਦਾ ਅਨੁਕਰਣ ਕਰਕੇ ਸਮਾਜ ਦੇ ਨੇਮਾਂ ਅਤੇ ਕਦਰਾਂ-ਕੀਮਤਾਂ ਦੁਆਰਾ ਆਕਾਰ ਦਿੱਤੇ ਜਾਂਦੇ ਹਨ।



ਨੋਟ

## 1.1 ਸਿੱਖਣ ਦੇ ਉਦੇਸ਼

ਇਸ ਇਕਾਈ ਦੇ ਅਧਿਐਨ ਮਗਰੋਂ ਤੁਸੀਂ ਯੋਗ ਹੋਵੋਗੇ:

ੳ) ਸਮਾਜ ਦੀ ਪਰਿਭਾਸ਼ਾ ਅਤੇ ਇਸ ਦੇ ਅੰਗਿਕ ਸੰਸਥਾਨਾਂ, ਉਨ੍ਹਾਂ ਦੇ ਸੰਬੰਧ ਅਤੇ ਕਿਰਿਆਵਾਂ ਦੀ ਵਿਆਖਿਆ ਕਰਨ ਦੇ।

ਅ) ਭਾਰਤੀ ਸਮਾਜ ਦੀ ਪ੍ਰਕਿਰਤੀ, ਇਸ ਦਾ ਕ੍ਰਮ-ਵਿਕਾਸ ਅਤੇ ਵਿਦਿਅਕ ਪ੍ਰਣਾਲੀ ਨਾਲ ਸੰਬੰਧ ਦੀ ਵਿਆਖਿਆ ਕਰਨ ਦੇ।

ੲ) ਸਮਾਜ ਅਤੇ ਸਿੱਖਿਆ ਦਰਮਿਆਨ ਸੰਬੰਧਾਂ ਦੇ ਵਿਸ਼ਲੇਸ਼ਣ ਦੇ।

ਸ) ਸਮਾਜ ਦੇ ਅੰਗ ਦੇ ਤੌਰ 'ਤੇ ਸਕੂਲਾਂ ਦੀ ਭੂਮਿਕਾ ਦੀ ਚਰਚਾ ਕਰਨ ਦੇ।

## 1.2 ਸਮਾਜ : ਅਰਥ ਅਤੇ ਇਸ ਦੇ ਸੰਸਥਾਨ

ਸਮਾਜ ਰਿਸ਼ਤਿਆਂ ਦਾ ਇੱਕ ਜਾਲ ਹੈ ਅਤੇ ਇਹ ਰਿਸ਼ਤੇ ਮਨੁੱਖ ਵਿਵਹਾਰ ਅਤੇ ਸਮਾਜ ਦੀਆਂ ਵਿਭਿੰਨ ਸੰਸਥਾਨਾਂ ਨੂੰ ਸਮਝਣ ਵਾਸਤੇ ਮੂਲ ਹਨ। ਤੁਹਾਡਾ ਆਪਣੇ ਪਰਿਵਾਰ, ਸਮੁਦਾਇ ਅਤੇ ਸਮਾਜ ਵਿੱਚ ਰਿਸ਼ਤਿਆਂ ਦੀਆਂ ਭਿੰਨ ਕਿਸਮਾਂ ਬਾਰੇ ਸਚੇਤ ਹੋਣਾ ਲਾਜ਼ਮੀ ਹੈ। ਪਰਿਵਾਰ ਦੇ ਅੰਦਰ ਮਾਤਾ, ਪਿਤਾ, ਬੇਟਾ, ਬੇਟੀ, ਪਤੀ, ਪਤਨੀ, ਭਰਾ-ਭੈਣ ਜਿਹੇ ਰਿਸ਼ਤੇ ਹਨ ਜਿਨ੍ਹਾਂ ਨੂੰ ਅਸੀਂ ਮੁਢਲੇ ਰਿਸ਼ਤਿਆਂ ਵਿੱਚ ਪਾਉਂਦੇ ਹਾਂ, ਜਦਕਿ ਚਾਚਾ, ਚਾਚੀ, ਭਤੀਜਾ, ਭਤੀਜੀ ਆਦਿ ਨੂੰ ਗੌਣ ਰਿਸ਼ਤਿਆਂ ਵਿੱਚ ਗਿਣਿਆ ਜਾਂਦਾ ਹੈ, ਤੀਜੀ ਸ਼੍ਰੇਣੀ ਦਾ ਇੱਕ ਰਿਸ਼ਤਾ ਵੀ ਹੈ, ਜਿਵੇਂ ਕਿ ਮਿੱਤਰ, ਗੁਆਂਢ ਦੇ ਰਿਸ਼ਤੇ ਅਤੇ ਕੁਝ ਹੋਰ ਅਜਿਹੇ ਰਿਸ਼ਤੇ। ਇਹ ਸਮਾਜਕ ਰਿਸ਼ਤੇ ਸਮਾਜ 'ਚ ਭੂਮਿਕਾ ਅਤੇ ਰੁਤਬੇ ਦੇ ਨਾਲ ਸਮਝੇ ਜਾ ਸਕਦੇ ਹਨ। ਭੂਮਿਕਾ : ਇਹ ਵਿਅਕਤੀ ਦੀਆਂ ਕਿਰਿਆਵਾਂ ਦਾ ਸੈਟ ਹੈ। ਇੱਕ ਅਧਿਆਪਕ ਸਕੂਲ ਵਿੱਚ ਅਧਿਆਪਨ, ਮੁਲਾਂਕਣ, ਕਲਾਸਰੂਮ ਸਥਿਤੀ ਵਿੱਚ ਸਮੂਹ ਦੀ ਗਤੀਵਿਧੀ ਅਤੇ ਸਕੂਲ ਪ੍ਰਸ਼ਾਸਨ ਨਾਲ ਸੰਬੰਧਤ ਕਿਰਿਆਵਾਂ ਨਿਭਾਉਂਦਾ ਹੈ। ਇਸੇ ਤਰ੍ਹਾਂ ਉਹ ਪਰਿਵਾਰ ਅਤੇ ਹੋਰਨਾਂ ਸੰਸਥਾਨਾਂ ਵਿੱਚ ਕਿਰਿਆਵਾਂ ਕਰਦਾ ਹੈ। ਇਸ ਤਰ੍ਹਾਂ ਇੱਕ ਵਿਅਕਤੀ ਰੋਜ਼ਾਨਾ ਜੀਵਨ ਵਿੱਚ ਕਈ ਭੂਮਿਕਾਵਾਂ ਨਿਭਾਉਂਦਾ ਹੈ। ਮਿਸਾਲ ਵਜੋਂ ਇਹ ਵਿਅਕਤੀ ਆਪਣੇ ਬੱਚਿਆਂ ਲਈ ਪਿਤਾ ਦੀ ਭੂਮਿਕਾ ਨਿਭਾਉਂਦਾ ਹੈ, ਮਾਪਿਆਂ ਲਈ ਪੁੱਤਰ, ਪਤਨੀ ਲਈ ਪਤੀ, ਛੋਟੇ ਭੈਣ-ਭਰਾਵਾਂ ਲਈ ਚਿੰਤਾ, ਆਪਣੇ ਵਿਦਿਆਰਥੀਆਂ ਲਈ ਅਧਿਆਪਕ ਅਤੇ ਹੋਰ ਭੂਮਿਕਾਵਾਂ। ਇਹ ਦਰਸਾਉਂਦਾ ਹੈ ਕਿ ਭੂਮਿਕਾ ਪਰਿਵਰਤੀ ਸਮਾਜਕ ਸੰਦਰਭ ਦੇ ਨਾਲ ਬਦਲਦੀ ਜਾਂਦੀ ਹੈ ਅਤੇ ਹਰੇਕ ਭੂਮਿਕਾ ਸਮਾਜ ਵਿੱਚ ਨਿਸ਼ਚਤ ਸਥਿਤੀ ਨਾਲ ਸੰਬੰਧਤ ਹੁੰਦੀ ਹੈ ਜਿਸ ਨੂੰ ਸਮਾਜਕ ਰੁਤਬਾ ਕਿਹਾ ਜਾਂਦਾ ਹੈ। ਦੋਵੇਂ ਭੂਮਿਕਾ ਅਤੇ ਰੁਤਬਾ ਸਮਾਜ ਦੇ ਕੁਝ ਨੇਮਾਂ ਅਤੇ ਕਦਰਾਂ-ਕੀਮਤਾਂ ਦੁਆਰਾ ਨਿਯਮਤ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ ਅਸੀਂ ਆਖ ਸਕਦੇ ਹਾਂ ਕਿ ਨੇਮ ਅਤੇ ਕਦਰਾਂ-ਕੀਮਤਾਂ ਸਮੂਹਕ ਵਿਵੇਕ ਅਤੇ ਕਿਸੇ ਸਮਾਜ ਦਾ ਅਣ ਲਿਖਿਆ ਸੰਵਿਧਾਨ, ਜਿਸ ਨੂੰ ਕਿ ਵਿਆਪਕ ਪੱਧਰ 'ਤੇ ਸਮਾਜ ਦੇ ਮੈਂਬਰਾਂ ਦਰਮਿਆਨ ਜਾਣਿਆ ਜਾਂਦਾ ਹੈ, ਨਾਲ ਹੀ ਸਵੀਕ੍ਰਿਤੀਆਂ (ਇਨਾਮ ਅਤੇ ਸਜ਼ਾ) ਨਾਲ ਜੁੜਿਆ ਹੋਇਆ। ਇਸ ਲਈ



ਨੋਟ

ਸਮਾਜਕ ਸੰਬੰਧਾਂ, ਭੂਮਿਕਾ ਅਤੇ ਰੁਤਬੇ, ਨੇਮਾਂ ਅਤੇ ਕਦਰਾਂ-ਕੀਮਤਾਂ ਦੀ ਸਮਝ ਸਮਾਜ ਦੀ ਸਮਝ ਦੇ ਮੂਲ ਸੰਬੰਧ ਹਨ।

ਸ਼ਬਦ ਸਮਾਜ ਲਾਤੀਨੀ ਸ਼ਬਦ SOCIETAS ਵਿੱਚ ਖੁਭਿਆ ਹੋਇਆ ਹੈ, ਜਿਸ ਦਾ ਭਾਵ ਮਿੱਤਰ ਅਤੇ ਸਹਿਯੋਗੀ ਹੁੰਦਾ ਹੈ। ਸ਼ਬਦ ਸਮੂਹਾਂ ਦਰਮਿਆਨ ਸੰਬੰਧ ਜਾਂ ਪਰਸਪਰ ਕਿਰਿਆ ਨੂੰ ਵਰਨਣ ਕਰਨ ਲਈ ਵਰਤੇ ਜਾਂਦੇ ਹਨ। ਸਮਾਜ ਦਾ ਸੰਕਲਪ ਵਿਆਪਕ ਪੱਧਰ 'ਤੇ ਚਿੰਤਕ-ਸਮਾਜ ਸ਼ਾਸਤਰੀਆਂ, ਸਮਾਜਕ ਮਾਨਵ ਵਿਗਿਆਨੀਆਂ ਅਤੇ ਸਮਾਜਕ ਵਿਗਿਆਨੀਆਂ ਦੁਆਰਾ ਪਰਿਭਾਸ਼ਤ ਕੀਤਾ ਗਿਆ ਹੈ। ਇਨ੍ਹਾਂ ਪਰਿਭਾਸ਼ਾਵਾਂ ਵਿੱਚ ਸਮਾਜ ਵਿੱਚ ਬੁਨਿਆਦੀ ਇਕਾਈ ਤੌਰ 'ਤੇ ਦੋ ਢੰਗਾਂ ਦਾ ਅਨੁਕਰਣ ਕੀਤਾ ਜਾਂਦਾ ਹੈ - ਪਹਿਲਾ ਸਮਾਜਕ ਕਿਰਿਆ ਹੈ ਅਤੇ ਦੂਜਾ ਪਰਸਪਰ ਕਿਰਿਆ। ਅਮਰੀਕੀ ਸਮਾਜ ਸ਼ਾਸਤਰੀ ਮੈਕਾਈਵਰ ਅਤੇ ਪੇਜ ਨੇ ਮੰਨਿਆ ਕਿ 'ਸਮਾਜ ਵਰਤੋਂ ਅਤੇ ਪ੍ਰਕਿਰਿਆ ਦਾ, ਅਧਿਕਾਰਤਾ ਅਤੇ ਪਰਸਪਰ ਸਹਾਇਤਾ, ਕਈ ਸਮੂਹਾਂ ਅਤੇ ਸ਼੍ਰੇਣੀਆਂ, ਮਨੁੱਖੀ ਵਿਵਹਾਰ ਅਤੇ ਸੁਤੰਤਰਤਾ ਦੇ ਨਿਯੰਤ੍ਰਣ ਦੇ ਤੌਰ 'ਤੇ ਹੈ।' ਇਸ ਤਰ੍ਹਾਂ ਅਸੀਂ ਸਮਾਜ ਨੂੰ ਲੋਕਾਂ ਦੇ ਇੱਕ ਵੱਡੇ ਸਮੂਹ ਦੇ ਤੌਰ 'ਤੇ ਵੇਖ ਸਕਦੇ ਹਾਂ, ਜਿਹੜਾ ਇੱਕ-ਦੂਜੇ ਨਾਲ ਪਰਸਪਰ ਕਿਰਿਆ ਕਰਦਾ ਹੈ, ਇੱਕੋ ਸੱਭਿਆਚਾਰ ਨੂੰ ਵੰਡਦਾ ਹੈ, ਨਾਲ ਹੀ ਇੱਕੋ ਜ਼ਮੀਨ ਅਤੇ ਜੀਵਨ ਪੱਧਤੀ ਨੂੰ ਵੀ। ਇਸ ਦੀ ਵਰਤੋਂ ਬੇਹਦ ਵਿਆਪਕ ਹੈ ਅਤੇ ਇੱਕ ਛੋਟੇ ਸਮੁਦਾਇ ਤੋਂ (ਪਿੰਡ) ਵਿਸ਼ਵ ਮਨੁੱਖੀ ਸਮਾਜ ਤੱਕ ਦਾਇਰਾ ਹੁੰਦਾ ਹੈ। ਇਹ ਦਾਇਰਾ ਆਦਿਕਾਲੀਨ ਸੰਸਕ੍ਰਿਤੀ ਤੋਂ ਆਗਾਮੀ-ਆਧੁਨਿਕ ਸੰਸਕ੍ਰਿਤੀ ਤੱਕ ਵੀ ਹੁੰਦਾ ਹੈ ਜਿਹੜਾ ਕਿ ਸਮਾਂ ਅਤੇ ਸਥਾਨ ਦੇ ਨਾਲ ਭਿੰਨ ਹੋ ਜਾਂਦਾ ਹੈ। ਹਾਲਾਂਕਿ ਸਮੁਦਾਇ ਅਤੇ ਸਮਾਜ ਦਾ ਸੰਕਲਪ ਇੱਕੋ ਨਹੀਂ ਹੈ। ਸਮਾਜ ਇੱਕ ਨਿਰਪੇਖ, ਮੋਕਲਾ ਅਤੇ ਸਾਧਾਰਣ ਸੰਕਲਪ ਹੈ ਜਦਕਿ ਸਮੁਦਾਇ ਸਮਾਜ ਦਾ ਅੰਗ ਹੁੰਦਾ ਹੈ ਅਤੇ ਨਿਸ਼ਚਤ ਖੇਤਰ, ਨਿਕਟ ਸੰਬੰਧਨ ਜਿਸ ਨੂੰ "ਸਾਡਾ ਅਹਿਸਾਸ" ਕਿਹਾ ਜਾਂਦਾ ਹੈ ਅਤੇ ਸੱਭਿਆਚਾਰਕ ਇਕਸਾਰਤਾ ਦੇ ਨਾਲ ਚਿਤਰਤ ਕੀਤਾ ਜਾਂਦਾ ਹੈ। ਟਾਲਕੋਟ ਪਾਰਸਨਜ਼, ਜਿਹੜਾ ਕਿ ਇੱਕ ਅਮਰੀਕੀ ਸਮਾਜ ਵਿਗਿਆਨੀ ਸੀ, ਨੇ ਸਮਾਜ ਲਈ ਸਮਾਜਕ ਪ੍ਰਣਾਲੀ ਦੀ ਵਰਤੋਂ ਕੀਤੀ ਅਤੇ ਪਰਸਪਰ ਕਿਰਿਆ ਨੂੰ ਮਨੁੱਖ ਵਿਵਹਾਰ ਦੀ ਵਿਆਖਿਆ ਕਰਨ ਲਈ ਬੁਨਿਆਦੀ ਇਕਾਈ ਦੇ ਤੌਰ 'ਤੇ ਵਿਚਾਰਿਆ ਹੈ। ਉਸ ਵਾਸਤੇ ਹਰੇਕ ਕਿਰਿਆ ਸਮਾਜਕ ਨਹੀਂ ਹੈ ਜਦੋਂ ਤੱਕ ਲੋਕਾਂ ਦੀ ਬਹੁਤਾਤ ਪਰਸਪਰ ਕਿਰਿਆ ਵਿੱਚ ਸ਼ਾਮਲ ਨਹੀਂ ਹੁੰਦੀ।

## ਵਿਅਕਤੀ ਅਤੇ ਸਮਾਜ

ਹਰੇਕ ਵਿਅਕਤੀ ਕਿਸੇ ਨਾ ਕਿਸੇ ਸਮਾਜ ਦਾ ਮੈਂਬਰ ਹੁੰਦਾ ਹੈ। ਸਮਾਜ ਦਾ ਮੈਂਬਰ ਹੋਣ ਨਾਤੇ ਤੁਹਾਡਾ ਸਮਾਜ ਦੇ ਭਿੰਨ ਸੰਸਥਾਨਾਂ ਬਾਰੇ ਸਚੇਤ ਹੋਣਾ ਲਾਜ਼ਮੀ ਹੈ, ਜਿਹੜੇ ਨਿਰੰਤਰਤਾ ਵੱਲ ਅਹਿਮ ਯੋਗਦਾਨ ਪਾਉਂਦੇ ਹਨ। ਸਮਾਜ, ਸਮਾਜਕ ਰਿਸ਼ਤੇ ਅਤੇ ਇਸ ਦੀ ਗਤੀਸ਼ੀਲਤਾ ਨੂੰ ਸਮਝਣ ਲਈ ਬੁਨਿਆਦੀ ਅੰਗਭੂਤ ਇਕਾਈਆਂ ਨੂੰ ਜਾਣਨਾ ਉਚਿਤ ਹੈ ਭਾਵ : ਸਮਾਜਕ ਸੰਸਥਾਨ ਅਤੇ ਸਮਾਜਕ ਪ੍ਰਕਿਰਿਆ। ਸਮਾਜਕ ਸੰਸਥਾਨ ਨੇਮਾਂ ਦੇ ਇੱਕ ਸੈਟ ਦਾ ਹਵਾਲਾ ਦਿੰਦੇ ਹਨ ਜਿਹੜੇ ਕਿ ਮਨੁੱਖੀ ਵਿਵਹਾਰ ਦੇ ਭਿੰਨ ਪਹਿਲੂਆਂ 'ਤੇ ਲਾਗੂ ਹੁੰਦੇ ਹਨ, ਜਿਹੜੇ ਕਿ ਚੰਗੀ ਤਰ੍ਹਾਂ ਸਥਾਪਤ, ਆਸਾਨੀ ਨਾਲ ਪਛਾਣੇ ਅਤੇ ਸਮਾਜ ਤੇ ਸਮਾਜਕ ਸੰਬੰਧਨਾਂ ਦੀ ਸਹਿਜ ਕਿਰਿਆ ਲਈ ਸੰਬੰਧਤ ਤੌਰ 'ਤੇ ਸਥਾਈ ਵੀ ਹਨ ਜਿਵੇਂ ਕਿ ਪਰਿਵਾਰ, ਸਿੱਖਿਆ, ਧਰਮ, ਆਰਥਿਕਤਾ, ਸ਼ਾਸਨ-ਪ੍ਰਣਾਲੀ ਹੈ ਜਿਹੜੇ ਕਿ ਇੱਕ ਵਿਸ਼ੇਸ਼ ਸਮਾਜ ਦੇ

ਨੋਟ

ਨੇਮਾਂ ਅਤੇ ਕਦਰਾਂ-ਕੀਮਤਾਂ ਦਾ ਅਨੁਕਰਣ ਕਰਕੇ ਭਿੰਨ ਭੂਮਿਕਾਵਾਂ ਅਦਾ ਕਰਦੇ ਹਨ। ਅਸੀਂ ਹੁਣ ਇਨ੍ਹਾਂ ਸੰਸਥਾਨਾਂ ਦਾ ਵਿਸਤਾਰ 'ਚ ਅਧਿਐਨ ਕਰਾਂਗੇ।

1. ਪਰਿਵਾਰ ਪਹਿਲਾ ਸਕੂਲ ਹੈ ਜਿੱਥੇ ਬੱਚੇ ਆਪਣੀ ਸ਼ੁਰੂਆਤੀ ਸਿੱਖਿਆ ਦਾ ਆਰੰਭ ਕਰਦੇ ਹਨ। ਅਧਿਆਪਕ ਦੀ ਭੂਮਿਕਾ ਮਾਂ ਅਤੇ ਪਰਿਵਾਰ ਦੇ ਹੋਰ ਮੈਂਬਰ ਨਿਭਾਉਂਦੇ ਹਨ। ਇੱਥੋਂ ਤੱਕ ਕਿ ਇੱਕ ਸਾਧਾਰਣ ਸਕੂਲ ਪ੍ਰਣਾਲੀ ਵਿੱਚ ਅਧਿਆਪਕ, ਵਿਦਿਆਰਥੀ ਦੀਆਂ ਭਿੰਨ ਭੂਮਿਕਾਵਾਂ ਹੁੰਦੀਆਂ ਹਨ ਅਤੇ ਮਾਤਾ-ਪਿਤਾ ਸਮਾਜ ਦੇ ਹੀ ਮੈਂਬਰ ਹੁੰਦੇ ਹਨ ਅਤੇ ਹਮੇਸ਼ਾ ਉਸੇ ਸਮਾਜ ਦੀਆਂ ਕਦਰਾਂ-ਕੀਮਤਾਂ ਅਤੇ ਸੱਭਿਆਚਾਰਕ ਬੋਝ (ਪੰਡ) ਉਠਾਉਂਦੇ ਹਨ। ਸਾਂਝੀ ਸੱਭਿਆਚਾਰਕ ਪੰਡ ਵੀ ਸਿਖਲਾਈ ਅਤੇ ਸਮਾਨ ਉਸਾਰੀਆਂ ਦੇ ਸਾਂਝੇ ਸੰਦਰਭ ਵੱਲ ਹੀ ਅਗਵਾਈ ਕਰਦੀ ਹੈ। ਪੂਰੀ ਉਮਰ ਪਰਿਵਾਰ ਸਮਾਜ ਦੇ ਮੂਲ ਵਿੱਚ ਇੱਕ ਬੁਨਿਆਦੀ ਸਮਾਜਕ ਸੰਸਥਾ ਰਹਿੰਦਾ ਹੈ। ਪਰਿਵਾਰ ਸਮੁਦਾਇ ਅਤੇ ਸਮਾਜ ਦੀ ਬੁਨਿਆਦੀ ਇਕਾਈ ਹੈ ਜਿਹੜੀ ਕਿ ਵਿਅਕਤੀ ਅਤੇ ਸਮਾਜ ਦਰਮਿਆਨ 'ਜੋੜਨ ਸੰਸਥਾ' ਦੇ ਤੌਰ 'ਤੇ ਭੂਮਿਕਾ ਨਿਭਾਉਂਦੀ ਹੈ। ਇਸਦਾ ਪੂਰੀ ਦੁਨੀਆ ਵਿੱਚ ਤਕਰੀਬਨ ਵਿਆਪਕ ਵਜੂਦ ਹੁੰਦਾ ਹੈ। ਇਹ ਵਿਵਾਰਕ ਬੰਧਨ, ਯੁਕਤੀਪੂਰਣ ਪ੍ਰਜਨਣ, ਬੱਚਿਆਂ ਦੀ ਸੰਭਾਲ ਕਰਨ ਤੋਂ ਸਮਾਜ ਅਤੇ ਵਿਅਕਤੀ ਨੂੰ ਕਈ ਕਿਰਿਆਵਾਂ ਦਾ ਨਿਸਤਾਰਾ ਕਰਦਾ ਹੈ, ਮਨੁੱਖੀ ਵਿਵਹਾਰ ਅਤੇ ਕਿਰਿਆ ਨੂੰ ਘੱਟੋ-ਘੱਟ ਖਪਤ ਲਈ ਆਰਥਕ ਇਕਾਈ ਦੇ ਤੌਰ 'ਤੇ ਨਿਯੰਤ੍ਰਤ ਕਰਦਾ ਹੈ। ਇਹ ਇਸ ਭੂਮਿਕਾ ਨੂੰ ਹੋਰਨਾਂ ਸੰਬੰਧਤ ਸੰਸਥਾਨਾਂ ਨਾਲ ਨਿਸਤਾਰਾ ਕਰਦਾ ਹੈ। ਜਿਵੇਂ ਕਿ ਵਿਆਹ ਅਤੇ ਸਕੀਰੀ। ਪਰਿਵਾਰ ਲਗਭਗ ਹਰੇਕ ਮਨੁੱਖੀ ਸਮਾਜ ਵਿੱਚ ਵਜੂਦ 'ਚ ਹੁੰਦਾ ਹੈ, ਹਾਲਾਂਕਿ ਨਿਰਮਾਣ (ਬਣਤਰ) ਅਤੇ ਕਿਰਿਆ ਦੇ ਸੰਬੰਧ ਵਿੱਚ ਸਮਾਜ ਦਰ ਸਮਾਜ ਅਤੇ ਸਮਾਂ ਦਰ ਸਮਾਂ ਭਿੰਨ ਹੋ ਸਕਦਾ ਹੈ।

2. ਧਰਮ: ਧਰਮ ਵੀ ਇੱਕ ਵਿਆਪਕ ਸੰਸਥਾ ਹੈ ਜਿਹੜੀ ਕਿ ਆਦਿ ਕਾਲੀਨ ਤੋਂ ਆਗਾਮੀ-ਆਧੁਨਿਕ ਸਮਾਜ ਤੱਕ ਵਜੂਦ 'ਚ ਹੁੰਦੀ ਹੈ। ਫਰਾਂਸ ਦੇ ਸਮਾਜ ਸ਼ਾਸਤਰੀ ਏਮਿਲ ਦੁਰਖੀਮ ਨੇ ਧਰਮ ਨੂੰ ਧਾਰਮਕ ਵਸਤਾਂ ਨਾਲ ਸੰਬੰਧਤ ਆਸਥਾ ਅਤੇ ਅਮਲ ਦੀ ਏਕੀਕ੍ਰਿਤ ਪ੍ਰਣਾਲੀ ਦੇ ਤੌਰ 'ਤੇ ਪਰਿਭਾਸ਼ਤ ਕੀਤਾ ਹੈ। ਕਾਰਲ ਮਾਰਕਸ ਤੋਂ ਛੁੱਟ, ਇੱਕ ਸਹਿਮਤੀ ਹੈ ਕਿ ਧਰਮ ਦੀ ਸਮਾਜ ਵਿੱਚ ਕਿਰਿਆਤਮਕ ਭੂਮਿਕਾ ਹੈ। ਹਾਲਾਂਕਿ ਕਦੇ ਕਦਾਈਂ ਇਸ ਦੀ ਕਰੜਾਈ ਦੁਸ਼ਕਿਰਿਆਤਮਕ ਵੀ ਬਣ ਜਾਂਦੀ ਹੈ।

3. ਆਰਥਿਕਤਾ: ਆਰਥਿਕ ਸੰਸਥਾਨ ਉਤਪਾਦਨ, ਵੰਡ ਖਪਤ ਨਾਲ ਹੀ ਕਿਰਿਆਤਮਕ ਪ੍ਰਣਾਲੀ ਅਤੇ ਸ਼ੈਲੀਆਂ ਦੇ ਨੇਮਾਂ, ਨਿਯਮਾਂ ਅਤੇ ਪ੍ਰਕਿਰਿਆਵਾਂ ਦਾ ਹਵਾਲਾ ਦਿੰਦੀ ਹੈ। ਆਰਥਿਕ ਕਿਰਿਆਵਾਂ ਅਤੇ ਲੋੜਾਂ ਆਪਣੇ ਵਿਕਾਸ ਦੇ ਪੜਾਵਾਂ ਦੇ ਬਾਵਜੂਦ ਜ਼ਰੂਰੀ ਹਨ। ਕਾਰਲ ਮਾਰਕਸ ਆਰਥਿਕਤਾ ਨੂੰ ਕਿਸੇ ਵੀ ਸਮਾਜ ਦੀ ਬੁਨਿਆਦੀ ਬਣਤਰ ਮੰਨਦਾ ਸੀ, ਜਿਸ ਉੱਪਰ ਹੋਰ ਸੰਸਥਾਨ ਨਿਰਭਰ ਹੁੰਦੇ ਹਨ।

4. ਸਿੱਖਿਆ: ਸਿੱਖਿਆ ਦੀ ਪ੍ਰਕਿਰਿਆ ਹਰੇਕ ਸਮਾਜ ਵਿੱਚ ਵਾਪਰਦੀ ਹੈ। ਹਾਲਾਂਕਿ ਇਸ ਦੀਆਂ ਕਿਸਮਾਂ ਇੱਕ ਸਮਾਜ ਤੋਂ ਦੂਜੇ ਸਮਾਜ ਵਿੱਚ ਭਿੰਨ ਹੋ ਸਕਦੀ ਹਨ। ਹਰੇਕ ਸਮਾਜ ਵਿੱਚ ਸਿੱਖਿਆ ਦੀਆਂ ਦੋ ਸਾਂਝੀਆਂ ਕਿਰਿਆਵਾਂ ਹੁੰਦੀਆਂ ਹਨ। ਪਹਿਲੀ ਸਿੱਖਿਆ ਦੀ ਵਿਆਪਕ ਕਿਰਿਆ ਸਮਾਜ ਦੇ ਮੈਂਬਰਾਂ ਨੂੰ ਸਮਾਜੀਕ੍ਰਿਤ ਕਰਨਾ ਹੈ ਅਤੇ ਅਗਲੀ ਪੀੜ੍ਹੀ ਨੂੰ ਸੱਭਿਆਚਾਰ ਦਾ ਸੰਚਾਰ ਕਰਨਾ ਹੈ। ਦੂਜਾ ਮਨੁੱਖੀ ਸਰੋਤਾਂ ਨਾਲ ਸੰਬੰਧਤ ਸਮਾਜ ਦੀਆਂ ਲੋੜਾਂ ਦੀ ਪੂਰਤੀ ਹੈ। ਮੁੱਖ ਸਮਾਜੀਕ੍ਰਿਤ ਏਜੰਸੀਆਂ



ਨੋਟ

ਹਨ : ਸਮੁਦਾਇ, ਪਰਿਵਾਰ, ਹਮ ਉਮਰ ਸਮੂਹ ਅਤੇ ਰਸਮੀ ਵਿਦਿਅਕ ਸੰਸਥਾਨ। ਇਸ ਤੋਂ ਇਲਾਵਾ ਸਿੱਖਿਆ ਦੀਆਂ ਹੋਰ ਵੀ ਕਈ ਕਿਰਿਆਵਾਂ ਹਨ ਜਿਵੇਂ ਕਿ ਸਮਾਜਕ ਗਤੀਸ਼ੀਲਤਾ ਅਤੇ ਅੰਤਰ ਪੁਸ਼ਤ ਪਰਿਵਰਤਣ। ਮੌਜੂਦਾ ਲੋਕਤਾਂਤਰਿਕ ਪ੍ਰਣਾਲੀ ਇਕਸਮਾਨ ਅਵਸਰ ਮੁਕਾਬਲਾ ਅਤੇ ਪ੍ਰਾਪਤੀ ਦੇ ਸਿਧਾਂਤਾਂ ਉੱਪਰ ਆਧਾਰਤ ਹੈ, ਇਸ ਲਈ ਕੋਈ ਵੀ ਪੜ੍ਹਿਆ ਲਿਖਿਆ ਅਤੇ ਕਾਬਲ ਵਿਅਕਤੀ ਆਪਣੇ ਰੁਤਬੇ ਦਾ ਵਾਧਾ ਕਰ ਸਕਦਾ ਹੈ।

5. ਸ਼ਾਸਨ ਪ੍ਰਣਾਲੀ: ਹਰੇਕ ਸਮਾਜ ਦੀ ਕੁਝ ਨਾ ਕੁਝ ਨਿਯਮਾਂ ਦੀ ਪ੍ਰਣਾਲੀ ਹੁੰਦੀ ਹੈ। ਸਿਆਸੀ ਸੰਸਥਾਵਾਂ ਨੂੰ ਇਸ ਦੇ ਸੰਗਠਨਾਂ ਅਤੇ ਜਾਇਜ਼ ਅਤੇ ਉਚਿਤ ਤਾਕਤ ਦੀ ਵਰਤੋਂ ਰਾਹੀਂ ਨਿਯੰਤ੍ਰਣ ਦੀ ਪ੍ਰਣਾਲੀ ਦੇ ਤੌਰ 'ਤੇ ਪਰਿਭਾਸ਼ਤ ਕੀਤਾ ਜਾਂਦਾ ਹੈ। ਟੀ.ਬੀ. ਬੌਟੋਮੋਰ ਅਨੁਸਾਰ ਸ਼ਾਸਨ ਪ੍ਰਣਾਲੀ ਮੁੱਖ ਤੌਰ 'ਤੇ ਤਾਕਤ ਦੀ ਵੰਡ ਅਤੇ ਸਮਾਜ ਵਿੱਚ ਅਧਿਕਾਰ ਨਾਲ ਸੰਬੰਧਤ ਹੁੰਦੀ ਹੈ।

ਇਹ ਬੁਨਿਆਦੀ ਸੰਸਥਾਨ ਹਨ ਜਿਨ੍ਹਾਂ ਦੀ ਮੌਜੂਦਗੀ ਮਾਮੂਲੀ ਜਿਹੀ ਵਿਵਿਧਤਾ ਨਾਲ ਤਕਰੀਬਨ ਵਿਆਪਕ ਹੈ। ਇਨ੍ਹਾਂ ਸੰਸਥਾਨਾਂ ਦੀ ਬਣਤਰ ਅਤੇ ਕਿਰਿਆਵਾਂ ਸਮੇਂ ਅਨੁਸਾਰ ਭਿੰਨ ਹੁੰਦੀਆਂ ਹਨ ਅਤੇ ਸਮਾਜਕ ਪ੍ਰਤਿਕਿਰਿਆ ਰਾਹੀਂ ਸਮਝੀਆਂ ਦਾ ਸਕਦੀਆਂ ਹਨ। ਸਮਾਜਕ ਪ੍ਰਕਿਰਿਆ ਸਮਾਜਕ ਪਰਸਪਰ ਕਿਰਿਆ ਦੀ ਗਤੀਸ਼ੀਲਤਾ ਨੂੰ ਵਰਨਣ ਕਰਦੀ ਹੈ ਅਤੇ ਸਮਾਜਕ ਪਰਸਪਰ ਕਿਰਿਆ ਵਿਭਿੰਨ ਸੰਸਥਾਨਾਂ ਨਾਲ ਨਿਰਮਤ ਬਣਤਰ ਦੇ ਅੰਦਰ ਵਾਪਰਦੀ ਹੈ। ਦੋ ਅਹਿਮ ਸਮਾਜਕ ਪ੍ਰਕਿਰਿਆਵਾਂ ਸਮਾਜੀਕਰਣ ਅਤੇ ਸਮਾਜਕ ਨਿਯੰਤ੍ਰਣ ਹਨ ਜਿਨ੍ਹਾਂ ਦਾ ਅਸੀਂ ਬਾਅਦ ਵਿੱਚ ਅਧਿਐਨ ਕਰਾਂਗੇ। ਦੂਜਾ ਸਕੂਲ ਅਤੇ ਸਮੁਦਾਇ ਦਰਮਿਆਨ ਪਰਸਪਰ ਕਿਰਿਆ ਤੇਜ਼ੀ ਨਾਲ ਰਸਮੀ ਅਤੇ ਅਫਸਰਸ਼ਾਹੀ ਬਣ ਚੁੱਕੀ ਹੈ। ਇਸ ਪ੍ਰਕਿਰਿਆ ਦਾ ਅਨੁਕਰਣ ਕਰਕੇ ਸਕੂਲ ਵੱਡੀਆਂ ਸੰਰਚਨਾਵਾਂ ਬਣ ਰਹੇ ਹਨ, ਸਮੁਦਾਇ ਅਤੇ ਸਮਾਜ ਤੋਂ ਦੂਰੀ ਰੱਖ ਕੇ। ਜੌਹਨ ਡੀਵੇ ਲਿਖਦਾ ਹੈ ਕਿ "ਅਸੀਂ ਇੱਕ ਨਿੱਜੀ ਖੜੋੜ ਬਿੰਦੂ ਤੋਂ ਸਕੂਲ ਵੱਲ ਝਾਤ ਮਾਰਨ ਵਾਸਤੇ ਝੁਕਾਅ ਰੱਖਦੇ ਹਾਂ, ਜਿਵੇਂ ਕਿ ਅਧਿਆਪਕ ਅਤੇ ਵਿਦਿਆਰਥੀ ਦਰਮਿਆਨ ਜਾਂ ਅਧਿਆਪਕ ਅਤੇ ਮਾਪਿਆਂ ਦਰਮਿਆਨ ਕੁਝ।" ਇਸ ਬਦਲਦੀ ਸਥਿਤੀ ਦਾ ਪਰਿਣਾਮ ਇਸ ਦੀ ਭੂਮਿਕਾ ਅਤੇ ਜ਼ਿੰਮੇਵਾਰੀ ਦੀ ਥਿੜਕਣ ਵੱਲ ਲਿਜਾਂਦਾ ਹੈ। ਜੇਕਰ ਅਸੀਂ ਸਮਾਜ ਨੂੰ ਇੱਕ ਸਮਾਜਕ ਪ੍ਰਣਾਲੀ ਦੇ ਤੌਰ 'ਤੇ ਵਿਚਰਦੇ ਹਾਂ, ਫੇਰ ਅਸੀਂ ਇਸ ਨੂੰ ਪੰਜ ਉੱਪ ਪ੍ਰਣਾਲੀਆਂ ਵਿੱਚ ਵੰਡ ਸਕਦੇ ਹਾਂ ਜਿਵੇਂ ਕਿ : ਪਰਿਵਾਰ, ਸਿੱਖਿਆ, ਧਰਮ, ਆਰਥਿਕਤਾ ਅਤੇ ਸਿਆਸਤ। ਹਰੇਕ ਉੱਪ-ਪ੍ਰਣਾਲੀ ਸਮਾਜ ਨੂੰ ਸੰਪੂਰਣ ਰੱਖਣ ਲਈ ਅਤੇ ਬਰਕਰਾਰ ਰੱਖਣ ਵਾਸਤੇ ਆਪਣੀ ਕਿਰਿਆ ਕਰਦਾ ਹੈ। ਇਸ ਤਰ੍ਹਾਂ ਅਸੀਂ ਆਖ ਸਕਦੇ ਹਾਂ ਕਿ ਸਾਰੇ ਵਿਦਿਅਕ ਸੰਸਥਾਨ ਸਮਾਜ ਦਾ ਅਭਿੰਨ ਅੰਗ ਹਨ।

ਇਸ ਖੰਡ ਵਿੱਚ ਤੁਸੀਂ ਸਮਾਜ ਦੇ ਸੰਕਲਪ, ਇਸਦਾ ਭਿੰਨ ਸਮਾਜਕ ਸੰਸਥਾਨਾਂ ਨਾਲ ਰਿਸ਼ਤਾ ਅਤੇ ਇਸਦੀ ਗਤੀਸ਼ੀਲਤਾ ਬਾਰੇ ਪੜ੍ਹਿਆ ਹੁਣ ਤੁਹਾਡੀ ਪ੍ਰਗਤੀ ਦੀ ਪਰਖ ਲਈ ਦਿੱਤੇ ਪ੍ਰਸ਼ਨਾਂ ਦਾ ਉੱਤਰ ਦਿਓ।

## ਤੁਹਾਡੀ ਪ੍ਰਗਤੀ ਦੀ ਪਰਖ – 1

ਨੋਟ : ੳ) ਆਪਣਾ ਉੱਤਰ ਹੇਠ ਸ਼ਬਦਾਂ ਵਿੱਚ ਲਿਖੋ।



ਨੋਟ

ਅ) ਇਕਾਈ ਦੇ ਅੰਤ ਵਿੱਚ ਦਿੱਤੇ ਸੰਭਵ ਉੱਤਰਾਂ ਨਾਲ ਆਪਣੇ ਉੱਤਰ ਦੀ ਪਰਖ ਕਰੋ।

1. ਸਮਾਜ ਤੋਂ ਤੁਹਾਡਾ ਕੀ ਭਾਵ ਹੈ?

________________________________________

________________________________________

________________________________________

________________________

2. ਸਮਾਜ ਵਿੱਚ ਪਰਿਵਾਰ ਦੀ ਭੂਮਿਕਾ ਦਾ ਵਰਨਣ ਕਰੋ?

________________________________________

________________________________________

________________________________________

________________________

## 1.3 ਭਾਰਤੀ ਸਮਾਜ ਦਾ ਕ੍ਰਮ ਵਿਕਾਸ

ਭਾਰਤੀ ਸਮਾਜ ਪ੍ਰਣਾਲੀ ਬਹੁਤ ਪੁਰਾਣੀ ਅਤੇ ਜਟਿਲ ਹੈ। ਭਾਰਤੀ ਉੱਪਮਹਾਦੀਪ ਦਾ ਸਮਾਜਕ ਕ੍ਰਮ-ਵਿਕਾਸ ਮੁੱਢਲੇ ਅਤੇ ਮੱਧ ਪੱਥਰ ਯੁਗ ਤੋਂ ਸਥਾਪਤ ਹੈ। ਡੂੰਘਾ ਅਬੁੱਝ ਭਾਰਤੀ ਇਤਿਹਾਸ ਅਕਸਰ ਪ੍ਰਾਚੀਨ ਅਤੇ ਵਿਸ਼ਾਲ ਸੱਭਿਅਤਾ (ਸਿੰਧੂ ਘਾਟੀ ਸੱਭਿਅਤਾ) ਦੇ ਨਾਲ ਚਿੰਨ੍ਹਤ ਕੀਤਾ ਜਾਂਦਾ ਹੈ। ਪੁਰਾਤਤਵ ਪ੍ਰਮਾਣ ਉਘਾੜਦੇ ਹਨ ਕਿ ਇਹ ਇੱਕ ਵਿਵਸਥਿਤ ਨਾਗਰਿਕ ਜੀਵਨ ਸੀ, ਜਿਹੜਾ ਕਿ ਵਿਕਸਤ ਨਗਰ ਯੋਜਨਾ, ਲਿਖਣ ਦੀ ਇੱਕ ਪ੍ਰਣਾਲੀ, ਸੋਨੇ-ਚਾਂਦੀ ਦੇ ਗਿਆਨ, ਵਜ਼ਨ ਅਤੇ ਪੈਮਾਇਸ਼ ਦੇ ਪ੍ਰਮਾਣੀਕਰਣ ਅਤੇ ਆਰਥਿਕ ਅਤੇ ਸਿਆਸੀ ਸੰਸਥਾਨਾਂ ਹੋਰ ਪ੍ਰਮਾਣਾਂ ਨਾਲ ਲੈਸ ਸੀ। ਵੈਦਿਕ ਯੁਗ ਚਾਰ ਵੇਦਾਂ, ਮੰਤਰਾਂ ਅਤੇ ਧਾਰਮਕ ਅਮਲਾਂ ਦੇ ਵਿਕਾਸ ਅਤੇ ਅਧਿਆਪਕੀ ਢੰਗ ਨਾਲ ਪ੍ਰੇਰਣਾ ਲਈ ਵੈਦਿਕ ਮਾਡਲ ਲਈ ਜਾਣਿਆ ਜਾਂਦਾ ਹੈ।

ਇਤਿਹਾਸਕ ਤੌਰ ’ਤੇ ਭਾਰਤ ਦੁਨੀਆ ਦੇ ਵਿਭਿੰਨ ਹਿੱਸਿਆਂ ਤੋਂ ਆਏ ਪਰਵਾਸੀਆਂ ਦੇ ਅਣਗਿਣਤ ਸਮੂਹਾਂ ਦਾ ਸਥਾਨ ਹੈ, ਖਾਸਕਰ ਯੋਰਪ ਅਤੇ ਏਸ਼ੀਆ ਜਿਵੇਂ ਕਿ ਸਾਕਾ, ਪਾਰਥੀਅਨ, ਕੁਸ਼ਾਨ, ਮੰਗੋਲ, ਮੁਗਲ, ਪੁਰਤਗਾਲੀ, ਅੰਗ੍ਰੇਜ਼, ਫਰਾਂਸੀਸੀ, ਡੱਚ ਅਤੇ ਹੋਰ। ਇਹ ਸਮੂਹ ਆਪਣੇ ਨਾਲ ਇਸ ਉੱਪਮਹਾਦੀਪ ਵਿੱਚ ਆਪਣੀ ਸੱਭਿਅਤਾ ਵੀ ਲੈ ਆਏ। ਲੰਮੇ ਸਮੇਂ ਦੌਰਾਨ ਇਹ ਸਾਰੇ ਸੱਭਿਆਚਾਰਕ ਸੰਪਰਕਾਂ ਨੇ ਇੱਕ ਦੂਜੇ ਨੂੰ ਪ੍ਰਭਾਵਤ ਕੀਤਾ ਅਤੇ ਇਸ ਉਪ ਮਹਾਂਦੀਪ ਨੂੰ ਵਿਭਿੰਨ ਸੱਭਿਅਤਾਵਾਂ ਦੀ ਕੁਠਾਲੀ ਦਾ ਸਥਾਨ ਬਣਾ ਦਿੱਤਾ। ਇਸ ਦਾ ਸਿੱਟਾ ਇਹ ਨਿਕਲਿਆ ਕਿ ਭਾਰਤ ਵਿਭਿੰਨ ਸੱਭਿਅਤਾਵਾਂ ਦੀ ਰਚਨਾ ਕਰਦਾ ਹੈ ਅਤੇ ਵਿਸ਼ਵ ਦੇ ਸਾਰੇ ਧਰਮਾਂ ਦੇ ਲੋਕ (ਅਨੁਯਾਈ) ਇਸ ਦੇਸ਼ ਵਿੱਚ ਇੱਕਠੇ ਰਹਿੰਦੇ ਹਨ। ਇਸਦੀ ਜਟਿਲ ਸਮਾਜਕ ਬਣਤਰ ਅਤੇ ਸੱਭਿਅਤਾ ਇੱਕ ਹੋਰ ਵਿਲੱਖਣ ਵਿਸ਼ੇਸ਼ਤਾ ਹੈ ਜਿਹੜੀ ਕਿ ਭਿੰਨ ਨਸਲਾਂ, ਜਾਤੀਆਂ, ਸਮੁਦਾਇਆਂ, ਧਰਮ ਅਤੇ ਭਾਸ਼ਾਵਾਂ ਦੇ ਵਜੂਦ ਤੋਂ ਅਨੁਰੇਖਣ

ਹੁੰਦੀ ਹੈ। ਅਜਿਹੀ ਜਟਿਲਤਾ ਅਤੇ ਵਿਭਿੰਨਤਾ ਦੇ ਬਾਵਜੂਦ ਇਸ ਦੀ ਇੱਕ ਪਛਾਣ ਹੈ, ਜਿਸ ਨੂੰ ਵਿਭਿੰਨਤਾ ਵਿੱਚ ਏਕਤਾ ਕਿਹਾ ਜਾਂਦਾ ਹੈ।

## ਵਿਭਿੰਨਤਾ 'ਚ ਏਕਤਾ

ਤੁਸੀਂ ਬਚਪਨ ਤੋਂ ਹੀ ਸੁਣਦੇ ਹੋਵੋਗੇ ਕਿ ਵਿਭਿੰਨਤਾ ਵਿੱਚ ਏਕਤਾ ਭਾਰਤ ਦੀ ਇੱਕ ਵਿਲੱਖਣ ਪਛਾਣ ਹੈ। ਪ੍ਰਾਚੀਨ ਕਾਲ ਤੋਂ ਇਸ ਵਿਸ਼ੇਸ਼ਤਾ ਦੀ ਪਛਾਣ ਕਈ ਵਿਦੇਸ਼ੀ ਯਾਤਰੂਆਂ ਵੱਲੋਂ ਕੀਤੀ ਗਈ ਹੈ, ਜਿਵੇਂ ਕਿ ਮੈਗਸਥਨੀਜ਼ (315 ਬੀ ਸੀ), ਫਾ ਸੀਨ (405-11 ਏ ਡੀ), ਮਾਰਕੋ ਪੋਲੋ (1288 ਏ ਡੀ), ਇਬਨ ਬਤੂਤਾ (1325-51 ਏ ਡੀ) ਅਤੇ ਹੋਰ। ਇੱਥੇ ਅਸੀਂ ਇਸਦੇ ਨਿਹਿਤ ਅਰਥ ਦੇ ਸੰਦਰਭ ਅਤੇ ਮੌਜੂਦਾ ਭਾਰਤੀ ਸਮਾਜਕ ਹਕੀਕਤ ਦੇ ਸੰਦਰਭ ਨਾਲ ਵਿਭਿੰਨਤਾ ਦੇ ਕਾਰਕ ਬਹੁਨਸਲਾਂ, ਵਿਭਿੰਨ ਜਾਤੀਆਂ ਅਤੇ ਉੱਪ ਜਾਤੀ ਸਮੂਹ, ਸਾਰੇ ਮੁੱਖ ਧਰਮ ਸੰਪ੍ਰਦਾਇ-ਪੂਜਾ ਪੱਧਤੀ, ਭਿੰਨ ਸਮੁਦਾਇ, ਭਿੰਨ ਸੱਭਿਆਚਾਰਕ ਖੇਤਰ ਅਤੇ ਭਾਸ਼ਾਵਾਂ ਹਨ ਸੰਬੰਧੀ ਜ਼ਿਕਰ ਕੀਤਾ ਹੈ।

ਵਿਭਿੰਨਤਾ ਦੀਆਂ ਵਿਸ਼ੇਸ਼ਤਾਈਆਂ ਨਿਮਨ ਹਨ :

1. ਨਸਲਾਂ - ਬੀ ਐਸ ਗੁਹਾ ਨੇ ਭਾਰਤੀ ਆਬਾਦੀ ਵਿਚਲੀਆਂ ਸਾਰੀਆਂ ਛੇ ਪ੍ਰਮੁੱਖ ਨਸਲੀ ਤੱਤਾਂ ਦੀ ਸ਼ਨਾਖਤ ਕੀਤੀ ਹੈ। ਜਿਵੇਂ ਕਿ - ਮੱਧਰੀ ਨੀਗਰੋਂ ਜਾਤੀ, ਮੂਲ - ਆਸਟਰੋਲਾਇਡ, ਮੰਗੋਲੀ (ਮੰਗੋਲ ਵਰਗਾ), ਭੂਮੱਧ ਸਾਗਰੀ, ਪੱਛਮੀ ਬਰਾਚੇਸਿਫਲ ਅਤੇ ਨਾਰਡਿਕ। ਇਨ੍ਹਾਂ ਵਿੱਚ ਪਹਿਲੇ ਤਿੰਨ ਇਸ ਉੱਪਮਹਾਦੀਪ ਦੇ ਪੁਰਾਣੇ ਬਾਸ਼ਿੰਦੇ ਹਨ, ਹਾਲਾਂਕਿ ਸੰਕਲਪ ਸ਼ੁੱਧ ਹੁਣ ਹੋਰ ਸਮਾਜਕ ਹਕੀਕਤ ਨਹੀਂ ਹੈ ਕਿਉਂਕਿ ਨਿਰੰਤਰ ਸਮਾਜਕ ਗਤੀਸ਼ੀਲਤਾ ਹੁੰਦੀ ਰਹੀ ਹੈ। ਅਜਕੱਲ੍ਹ ਸ਼ਬਦ 'ਅਧਰਮੀ ਸਮੂਹ' ਵਿਆਪਕ ਪੱਧਰ 'ਤੇ ਵਰਤਿਆ ਜਾ ਰਿਹਾ ਹੈ।

2. ਜਾਤੀ - ਇੱਥੋਂ ਤੱਕ ਕਿ ਅੱਜ ਵੀ ਜਾਤੀ ਵਰਤਮਾਨ ਭਾਰਤੀ ਸਮਾਜਕ ਹਕੀਕਤ ਵਿੱਚ ਵਿਆਪਕ ਪੱਧਰ 'ਤੇ ਅਤੇ ਸਭ ਤੋਂ ਵਧੇਰੇ ਆਮ ਹੈ। ਭਾਰਤ ਦੇ ਮਾਨਵ ਵਿਗਿਆਨਕ ਸਰਵੇਖਣ ਨੇ ਉਜਾਗਰ ਕੀਤਾ ਹੈ ਕਿ ਭਾਰਤ ਵਿੱਚ 4600 ਜਾਤੀਆਂ ਜਾਂ ਉੱਪ ਜਾਤੀਆਂ 'ਤੇ ਆਧਾਰਤ ਸਮੁਦਾਇ ਹਨ। ਇਹ ਵਰਣ ਤੋਂ ਭਿੰਨਤਾ ਰੱਖਦੇ ਹਨ, ਇਹ ਬੇਹਦ ਕਾਲਪਨਿਕ ਵਰਗੀਕਰਣ ਹੈ ਅਤੇ ਇਸਦਾ ਹਵਾਲਾ ਪਾਠ ਵਿੱਚੋਂ ਲਿਆ ਗਿਆ ਹੈ। ਭਾਵੇਂ ਕਿ ਇਹ ਨਾ ਸਿਰਫ ਸਮਾਜਕ ਰੁਤਬੇ ਨੇ ਨਿਯੰਤ੍ਰਤ ਕਰਦਾ ਹੈ, ਪ੍ਰੰਤੂ ਸਮਾਜ ਵਿਚਲੇ ਆਰਥਿਕ ਅਤੇ ਸਮਾਜਕ ਵਿਵਹਾਰ ਨੂੰ ਵੀ।

3. ਧਰਮ - ਸੰਸਾਰ ਦੇ ਬਹੁਤ ਧਰਮ ਜਿਵੇਂ ਬੁਧ ਧਰਮ, ਇਸਾਈ ਧਰਮ, ਹਿੰਦੂ ਧਰਮ, ਇਸਲਾਮ, ਜੈਨ ਧਰਮ, ਯਹੂਦੀ, ਜ਼ੋਰੋਸਟਰੀਅਨ ਅਤੇ ਕਈ ਸੰਪ੍ਰਦਾਇ, ਸੱਭਿਆਚਾਰ ਦੀਆਂ ਕਿਸਮਾਂ ਅਤੇ ਉਨ੍ਹਾਂ ਦੇ ਅਨੁਯਾਈ ਭਾਰਤੀ ਸਮਾਜ ਵਿੱਚ ਇੱਕਠੇ ਰਹਿੰਦੇ ਹਨ।

4. ਸਮੁਦਾਇ - ਜਾਤੀਆਂ ਅਤੇ ਉੱਪ ਜਾਤੀਆਂ ਤੋਂ ਪਰ੍ਹਾਂ 700 ਤੋਂ ਵੱਧ ਭਿੰਨ ਕਬਾਇਲੀ ਅਤੇ ਨਸਲੀ ਸਮੁਦਾਇ ਹਨ ਜਿਹੜੇ ਕਿ ਭਾਰਤੀ ਆਬਾਦੀ ਦਾ 7.5 ਪ੍ਰਤਿਸ਼ਤ ਹਨ। ਉਹ ਸਾਡੀ ਜਾਤੀ ਪ੍ਰਥਾ ਤੋਂ ਬਾਹਰ ਹਨ ਅਤੇ ਹੋਰਨਾਂ ਸੱਭਿਆਚਾਰਕ ਸਮੂਹਾਂ ਤੋਂ ਦੂਰੀ ਬਣਾਈ ਰੱਖੀ ਹੈ। ਹਾਲਾਂਕਿ ਸੁਤੰਤਰਤਾਂ ਤੋਂ ਬਾਅਦ ਵਿਕਾਸ ਲਈ ਸਰਕਾਰ ਦੀ ਨੀਤੀ ਨੇ ਏਕੀਕਰਣ ਦੀ ਪ੍ਰਕਿਰਿਆ ਦੀ ਸ਼ੁਰੂਆਤੀ ਕੀਤੀ ਹੈ।

5. ਭਾਸ਼ਾਵਾਂ ਅਤੇ ਹੋਰ ਸੱਭਿਆਚਾਰਕ ਵਿਭਿੰਨਤਾ – ਜਿਵੇਂ ਕਿ ਸਾਨੂੰ ਪਤਾ ਹੈ ਕਿ ਸੱਭਿਆਚਾਰ ਇੱਕ ਮੋਕਲਾ ਸੰਕਲਪ ਹੈ, ਇਸ ਲਈ ਇੱਥੇ ਅਸੀਂ ਵਿਭਿੰਨਤਾ ਦੇ ਬਕਾਇਆ ਕਾਰਕਾਂ ਨੂੰ ਸ਼ਾਮਲ ਕਰਦੇ ਹਾਂ। ਵਿਭਿੰਨ ਭਾਸ਼ਾਵਾਂ ਅਤੇ ਵਿਭਿੰਨ ਸੱਭਿਆਚਾਰਕ ਖੇਤਰ ਹਨ। ਗਰੀਅਰਸਨ ਮੁਤਾਬਕ, ਭਾਰਤ ਵਿੱਚ 179 ਭਾਸ਼ਾਵਾਂ ਅਤੇ 544 ਬੋਲੀਆਂ ਹਨ, ਪ੍ਰੰਤੂ ਇਸ ਅਨੁਮਾਨ ਦੀ ਅਜੇ ਵੀ ਪ੍ਰਮਾਣਕਤਾ ਦੀ ਲੋੜ ਹੈ। ਹਾਲਾਂਕਿ ਭਾਰਤੀ ਸੰਵਿਧਾਨ ਨੇ 22 ਖੇਤਰੀ ਭਾਸ਼ਾਵਾਂ ਨੂੰ ਸੂਚੀਬੱਧ ਕੀਤਾ ਹੈ, ਜਿਸ ਵਿੱਚ ਭੀਲ, ਗੋਂਡੀ, ਕਮੌਣੀ, ਟੁੱਲੂ, ਕੁਰੁਖ ਅਤੇ ਕਈ ਹੋਰ ਸ਼ਾਮਲ ਨਹੀਂ ਹਨ। ਇਸੇ ਤਰ੍ਹਾਂ ਵਿਭਿੰਨ ਸੱਭਿਆਚਾਰਕ ਖੇਤਰਾਂ 'ਚ ਤਕਸੀਮ ਕਰਦੇ ਹਨ।

ਏਕਤਾ ਦੀਆਂ ਵਿਸ਼ੇਸ਼ਤਾਈਆਂ ਉਪਰੋਕਤ ਦੱਸੀਆਂ ਵਿਭਿੰਨਤਾ ਵਿਸ਼ੇਸ਼ਤਾਈਆਂ ਨਾਲ ਵੀ ਜਾਰੀ ਹੈ। ਇਸ ਤਰ੍ਹਾਂ ਅਸੀਂ ਆਖਦੇ ਹਾਂ ਕਿ ਵਿਭਿੰਨਤਾ ਵਿਸ਼ੇਸ਼ਤਾ ਹਮੇਸ਼ਾ ਟਕਰਾਉਂਦੀ ਜਾਂ ਪ੍ਰਤਿਕੂਲ ਨਹੀਂ ਹੁੰਦੀ ਪ੍ਰੰਤੂ ਇਕਠਿਆਂ ਸਹਿ-ਹੋਂਦ ਵਿੱਚ ਵੀ ਹੁੰਦੀ ਹੈ। ਐੱਮ ਐੱਨ ਸ੍ਰੀਨਿਵਾਸ ਨੇ ਹਿੰਦੂਵਾਦ ਵਿੱਚ ਨਿਹਿਤ ਏਕਤਾ ਦੀਆਂ ਵਿਸ਼ੇਸ਼ਤਾਈਆਂ ਦਾ ਅਵਲੋਕਨ ਕੀਤਾ ਹੈ, ਜਿਹੜਾ ਕਿ 3/4 ਆਬਾਦੀ ਨਾਲੋਂ ਵੀ ਵਧੇਰੇ ਨੂੰ ਪ੍ਰਤਿਨਿਧ ਕਰਦੀ ਹੈ। ਏਕਤਾ ਦੀਆਂ ਵਿਸ਼ੇਸ਼ਤਾਈਆਂ ਭਾਰਤੀ ਰਾਸ਼ਟਰ ਨਿਰਮਾਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇੱਕ ਸਿਆਸੀ ਵਿਦਮਾਨਤਾ : ਸਿਆਸੀ ਤੌਰ 'ਤੇ ਸੰਪੂਰਣ ਉੱਪ-ਮਹਾਦੀਪ ਪ੍ਰਾਚੀਨ ਸਮੇਂ ਵਿੱਚ ਇੱਕ ਰਾਜ ਅਧੀਨ ਜਿਵੇਂ ਕਿ ਚੰਦਰ ਗੁਪਤ ਮੌਰਿਆ ਅਤੇ ਗੁਪਤ ਕਾਲ ਅਧੀਨ ਰਿਹਾ। ਕਿਉਂਕਿ ਮੁਗਲ ਕਾਲ ਅਤੇ ਬਰਤਾਨਵੀ ਕਾਲ ਨੇ ਸਪਸ਼ਟ ਤੌਰ 'ਤੇ ਇੱਕ ਸਿਆਸੀ ਹਕੂਮਤ ਅਧੀਨ ਚਿੰਨ੍ਹਤ ਕੀਤਾ। ਇਸ ਲਈ ਪ੍ਰਾਚੀਨ ਕਾਲ ਤੋਂ ਆਧੁਨਿਕ ਕਾਲ ਤੱਕ ਭਾਰਤੀ ਉੱਪ ਮਹਾਦੀਪ ਵੱਧ-ਘੱਟ ਕੁਝ ਕੁ ਅਪਵਾਦਾਂ ਨੂੰ ਛੱਡ ਕੇ ਸਿਆਸੀ ਏਕਤਾ ਧਾਰਣ ਕਰਦਾ ਹੈ।

2. ਭਾਰਤੀ ਉੱਪ ਮਹਾਦੀਪ ਦੀ ਖੇਤਰੀ ਸਮੁੱਚਤਾ : ਭੂਗੋਲਿਕ ਤੌਰ 'ਤੇ ਸੰਪੂਰਣ ਉੱਪ ਮਹਾਦੀਪ ਦੀ ਇੱਕ ਪਛਾਣ ਹੈ ਜਿਹੜੀ ਕਿ ਹਿਮਾਲਿਆ ਅਤੇ ਭਾਰਤੀ ਸਮੁੰਦਰ ਦੁਆਰਾ ਅਡਰਿਆਈ ਗਈ ਹੈ। ਹਾਲਾਂਕਿ ਇਹ ਅੰਦਰ ਉੱਤਰੀ ਹਿਮਾਲਿਆਈ, ਅਰਾਵਲੀ ਰੇਂਜ, ਪ੍ਰਾਇਦੀਪੀ ਭਾਰਤ ਦੇ ਤੌਰ 'ਤੇ ਨਾਨਾ ਰੂਪ ਧਾਰਣ ਕਰਦੀ ਹੈ ਅਤੇ ਨਦੀ ਪ੍ਰਣਾਲੀ ਦੁਆਰਾ ਇਕੱਤਰ ਹੁੰਦੀ ਹੈ ਜਿਹੜੀ ਕਿ ਸੰਪੂਰਣ ਉੱਪ ਮਹਾਦੀਪ ਨੂੰ ਘੇਰ ਲੈਂਦੀ ਹੈ।

3. ਸਾਂਝਾ ਸਭਿਆਚਾਰ : ਸਾਂਝੀਆਂ ਸੱਭਿਆਚਾਰਕ ਪਹਿਲਾਂ (ਪਹਿਲ-ਕਦਮੀਆਂ) ਪੂਰੇ ਭਾਰਤੀ ਇਤਿਹਾਸ ਵਿੱਚ ਪ੍ਰਤਿਬਿੰਬਤ ਹੁੰਦੀਆਂ ਹਨ। ਸਮਰਾਟ ਅਸ਼ੋਕ ਨੇ ਅਹਿੰਸਾਵਾਦੀ ਸਿਧਾਂਤਾਂ ਨਾਲ ਸੱਭਿਆਚਾਰਕ ਅਤੇ ਧਾਰਮਿਕ ਸੁਹਿਰਦਤਾ ਦੀ ਪ੍ਰਾਪਤੀ ਨਾਲ ਭਾਰਤ ਨੂੰ ਇਕਮਿਕ ਰੱਖਣ ਲਈ ਕਾਰਜ ਕੀਤਾ। ਮੁਗਲ ਸਮਰਾਟ ਅਕਬਰ ਨੇ ਦੀਨ-ਏ-ਇਲਾਹੀ ਧਰਮ ਦਾ ਸੰਕਲਪ ਸ਼ੁਰੂ ਕੀਤਾ, ਜਿਸ ਨੂੰ ਹਿੰਦੂ ਧਰਮ ਅਤੇ ਇਸਲਾਮ ਦਾ ਸੰਸਲੇਸ਼ਣ ਕਿਹਾ ਜਾਂਦਾ ਹੈ। ਸਭ ਤੋਂ ਵੱਧ ਕੇ ਅਸੀਂ ਆਪਣੇ ਪਿੰਡਾਂ ਦਾ ਪ੍ਰੇਖਣ ਕਰ ਸਕਦੇ ਹਾਂ, ਜਿੱਥੇ ਭਿੰਨ ਧਾਰਮਿਕ ਸਮੂਹ ਇਕੱਠਿਆਂ ਰਹਿੰਦੇ ਹਨ, ਆਪਣੀ ਜੀਵਨ ਸ਼ੈਲੀ ਨੂੰ ਵੰਡਦੇ ਹਨ, ਇੱਕ ਦੂਜੇ ਦੇ ਤਿਉਹਾਰਾਂ 'ਚ ਸ਼ਾਮਲ ਹੁੰਦੇ ਹਨ ਅਤੇ ਭਾਰਤੀਅਤਾ ਦੀ ਇੱਕ ਤੰਦ ਬੱਝੇ ਹੋਏ ਹਨ।

4. ਵਰਣ ਪ੍ਰਣਾਲੀ : ਇਕਹਿਰਾ ਵਰਣ ਨਮੂਨਾ ਅਤੇ ਵਰਣ ਆਸ਼ਰਮ ਪ੍ਰਣਾਲੀ ਪੂਰੇ ਭਾਰਤ ਨੂੰ ਇੱਕ ਸਮਾਜ ਵਿੱਚ ਘੇਰ ਕੇ ਰੱਖਦਾ ਹੈ। ਸਮਾਜੀ ਵਰਗੀਕਰਣ ਦਾ ਵਰਣ ਨਮੂਨਾ ਕਿਸੇ ਵਿਸ਼ੇਸ਼ ਖੇਤਰ ਨਾਲ

ਪਾਬੰਦ ਨਹੀਂ ਹੈ, ਸਗੋਂ ਭਾਰਤ ਦੇ ਸਾਰੇ ਸਮਾਜਕ ਸਮੂਹਾਂ ਦੀ ਵਿਆਖਿਆ ਕਰਦਾ ਹੈ। ਨਾਲ ਹੀ ਉਨ੍ਹਾਂ ਦੀ ਵਿਸ਼ੇਸ਼ ਭੂਮਿਕਾ ਅਤੇ ਰੁਤਬੇ ਦੀ।



ਨੋਟ

5. ਇਤਿਹਾਸਕ ਪ੍ਰਮਾਣਕਤਾ : ਭਾਰਤੀ ਉੱਪ-ਮਹਾਦੀਪ ਦੀ ਲੰਮੇਰੀ ਇਤਿਹਾਸਕ ਪ੍ਰਮਾਣਕਤਾ ਇਸ ਨੂੰ ਵਿਲੱਖਣ ਸੱਭਿਆਚਾਰਕ ਪਰੰਪਰਾ ਬਣਾਉਂਦੀ ਹੈ। 5000 ਸਾਲ ਤੋਂ ਵੀ ਵੱਧ ਸਮੇਂ ਤੋਂ ਪੁਰਾਣਾ ਸਮਾਜ ਸੱਭਿਆਚਾਰਕ ਸਮਨਵੈ, ਆਤਮਸਾਤਕਰਣ ਅਤੇ ਸੋਖਣਤਾ (ਲਿਵਲੀਨਤਾ) 'ਚ ਵਿਲਖਣਤਾ ਦਰਸਾਉਂਦਾ ਹੈ, ਨਾਲ ਹੀ ਨਵੇਂ ਸਮਾਜਕ ਸੱਭਿਆਚਾਰਕ ਸਮੂਹਾਂ ਦੀ ਰਚਨਾ ਵੀ ਕਰਦਾ ਹੈ। ਜੇਕਰ ਅਸੀਂ ਜਾਤੀਆਂ ਅਤੇ ਉੱਪਜਾਤੀਆਂ ਦੀ ਸੰਖਿਆ ਵੇਖੀਏ, ਅਸੀਂ ਪਾਉਂਦੇ ਹਾਂ ਕਿ ਸਮਾਜਕ ਗਤੀਸ਼ੀਲਤਾ ਦੀ ਪ੍ਰਕਿਰਿਆ ਵਿੱਚ ਕਈ ਸਮੂਹ ਵਿਕਸਤ ਹੁੰਦੇ ਹਨ।

6. ਹਿੰਦੂ ਧਰਮ ਤੋਂ ਬਾਹਰ ਜਾਤੀ ਪ੍ਰਥਾ ਦਾ ਵਜੂਦ : ਜਾਤੀਆਂ ਅਤੇ ਉੱਪ ਜਾਤੀਆਂ ਹਿੰਦੂ ਸਮਾਜਕ ਕ੍ਰਮ ਦੀਆਂ ਕੈਟਾਗਰੀਆਂ ਹਨ, ਜਦਕਿ ਲੰਮੀ ਸਾਂਝੀ ਇਤਿਹਾਸਕਤਾ ਸਮਾਜਕ ਪਰਤੀਕਰਣ ਅਤੇ ਜਾਤੀ ਦੇ ਵਜੂਦ ਨੂੰ ਉਜਾਗਰ ਕਰਦਾ ਹੈ। ਭਾਰਤ ਦਾ ਮਾਨਵ ਵਿਗਿਆਨਕ ਸਰਵੇਖਣ (1991) ਪ੍ਰੇਖਣ ਕਰਦਾ ਹੈ ਕਿ ਭਾਰਤੀ ਮੁਸਲਮਾਨਾਂ ਵਿੱਚ ਜਾਤੀ ਆਧਾਰਤ ਕੈਟਾਗਰੀਆਂ ਹਨ। ਇਹ ਇਸ ਉੱਪ-ਮਹਾਦੀਪ ਦੀ ਸੱਭਿਆਚਾਰਕ ਇਕਮਿਕਤਾ ਨੂੰ ਦਰਸਾਉਂਦਾ ਹੈ। ਇਸ ਲਈ ਇੱਕ ਪਾਸੇ ਅਸੀਂ ਨਸਲ, ਜਾਤੀ, ਧਰਮ, ਸੱਭਿਆਚਾਰ ਅਤੇ ਸਮੁਦਾਇ ਦੇ ਸੰਬੰਧ ਵਿੱਚ ਵਿਭਿੰਨਤਾ ਪਾਉਂਦੇ ਹਾਂ, ਜਦਕਿ ਦੂਜੇ ਪਾਸੇ ਅਸੀਂ ਏਕੀਕਰਣ ਵਾਲੀਆਂ ਵਿਸ਼ੇਸ਼ਤਾਈਆਂ ਪਾਉਂਦੇ ਹਾਂ ਜਿਵੇਂ ਕਿ ਇੱਕ ਸਿਆਸੀ ਵਜੂਦ, ਭਾਰਤੀ ਉੱਪ ਮਹਾਦੀਪ ਦੀ ਖੇਤਰੀ ਸਮੁੱਚਤਾ, ਸਾਰੇ ਪ੍ਰਮੁੱਖ ਧਰਮਾਂ ਦਾ ਵਜੂਦ, ਭਾਰਤੀ ਉੱਪ ਮਹਾਦੀਪ ਦੀ ਖੇਤਰੀ ਸਮੁੱਚਤਾ, ਸਾਰੇ ਪ੍ਰਮੁੱਖ ਧਰਮਾਂ ਦਾ ਵਜੂਦ, ਪ੍ਰੰਤੂ ਇੱਕੋ ਤੰਦ ਵਿੱਚ ਪਿਰੋਏ ਹੋਏ, ਇਕਹਿਰਾ ਵਰਣ ਮਾਡਲ ਅਤੇ ਵਰਣ ਆਸ਼ਰਮ ਪ੍ਰਣਾਲੀ ਜਿਹੜੇ ਕਿ ਸੰਪੂਰਣ ਭਾਰਤ ਨੂੰ ਘੇਰਦੇ ਹਨ। ਦੂਜਾ ਸਿੱਖਿਆ ਦਾ ਟੀਚਾ ਭਿੰਨ ਸਮਾਜਕ ਮਾਹੌਲਾਂ ਦਰਮਿਆਨ ਭਿੰਨਤਾਵਾਂ ਨੂੰ ਪੱਕਾ ਅਤੇ ਮਜਬੂਤ ਕਰਕੇ ਜੋੜਨਾ ਹੈ। ਸਮਰੂਪਤਾ ਅਤੇ ਭਿੰਨਰੂਪਤਾ ਨੂੰ ਪੱਕਾ ਅਤੇ ਮਜਬੂਤ ਕਰਕੇ ਜੋੜਨਾ ਹੈ। ਸਮਰੂਪਤਾ ਅਤੇ ਭਿੰਨਰੂਪਤਾ ਦੇ ਪੂਰਕ ਦੇ ਤੌਰ 'ਤੇ ਸਿੱਖਿਆ ਰਾਸ਼ਟਰ ਨਿਰਮਾਣ ਵਿੱਚ ਅਹਿਮ ਭੂਮਿਕਾ ਅਦਾ ਕਰਦੀ ਹੈ। ਜਿਸ ਨੂੰ ਦੁਰਖੀਮ ਆਰਗੈਨਿਕ ਇਕਜੁਟਤਾ ਆਖਦਾ ਹੈ। ਏ ਆਰ ਦਿਸਾਈ (1976) ਨੇ ਆਪਣੀ ਪੁਸਤਕ "ਭਾਰਤੀ ਰਾਸ਼ਟਰਵਾਦ ਦਾ ਸਮਾਜਕ ਪਿਛੋਕੜ" ਵਿੱਚ ਸੁਤੰਤਰਤਾ ਅੰਦੋਲਨ ਦੌਰਾਨ ਭਾਰਤੀ ਰਾਸ਼ਟਰਵਾਦ ਦੇ ਉਗਮਨ ਅਤੇ ਕ੍ਰਮ ਵਿਕਾਸ ਦਾ ਵਰਨਣ ਕਰਦਾ ਹੈ। ਆਜ਼ਾਦੀ ਦੇ ਸੰਘਰਸ਼ ਦੌਰਾਨ ਉਪਰੋਕਤ ਭਿੰਨ ਪਛਾਣਾਂ ਨੂੰ ਅੜਿੱਕਾ ਸਮਝਿਆ ਗਿਆ ਹੈ, ਹਾਲਾਂਕਿ ਉਨ੍ਹਾਂ ਇਕੱਠਿਆਂ ਇੱਕੋ ਛਤਰੀ ਹੇਠ ਜਿਸ ਨੂੰ ਭਾਰਤੀ ਰਾਸ਼ਟਰੀ ਕਾਂਗਰਸ ਕਿਹਾ ਜਾਂਦਾ ਹੈ, ਸ਼ਮੂਲੀਅਤ ਕੀਤੀ। ਭਿੰਨ ਸਮਰੂਪਤਾਵਾਂ ਸਹਿਅਸਤਿਤਵ ਵਿੱਚ ਆਈਆਂ, ਪ੍ਰੰਤੂ ਇੱਕ ਰਾਸ਼ਟਰ ਲਈ ਲੜੀਆਂ। ਦੂਜੇ ਖੰਡ ਨੇ ਭਾਰਤੀ ਸਮਾਜ, ਇਸ ਦੇ ਪ੍ਰਮੁੱਖ ਨਿਹਿਤ ਅਰਥਾਂ ਅਤੇ ਕ੍ਰਮ-ਵਿਕਾਸ ਨਾਲ ਰਾਸ਼ਟਰ ਨਿਰਮਾਣ ਪ੍ਰਕਿਰਿਆ ਦੇ ਤੌਰ 'ਤੇ ਵਰਤਾਰਾ ਕੀਤਾ। ਹੁਣ ਤੁਸੀਂ ਤੁਹਾਡੀ ਪ੍ਰਗਤੀ ਦੀ ਪਰਖ ਲਈ, ਪਰਖ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ।

## ਤੁਹਾਡੀ ਪ੍ਰਗਤੀ ਦੀ ਪਰਖ – 2

ਨੋਟ

ਨੋਟ : ੳ) ਆਪਣਾ ਉੱਤਰ ਲਗਭਗ 50 ਸ਼ਬਦਾਂ ਵਿੱਚ ਲਿੱਖੋ।

ਅ) ਇਕਾਈ ਦੇ ਅੰਤ ਵਿੱਚ ਦਿੱਤੇ ਸੰਭਵ ਉੱਤਰਾਂ ਨਾਲ ਆਪਣੇ ਉੱਤਰ ਦੀ ਪਰਖ ਕਰੋ।

1. ਭਾਰਤੀ ਸਮਾਜ ਵਿਚਲੀਆਂ ਚਾਰ ਵਿਸ਼ੇਸ਼ਤਾਈਆਂ ਦਾ ਵਰਨਣ ਕਰੋ।

____________________________________________________________________________________________________________________________________________________________________________________________

2. ਭਾਰਤ ਵਿਚਲੇ ਭਿੰਨ ਹਿੱਸਿਆਂ ਤੋਂ ਪਰਵਾਸੀਆਂ ਦੇ ਚਾਰ ਸਮੂਹਾਂ ਦੀ ਸੂਚੀ ਤਿਆਰ ਕਰੋ।

____________________________________________________________________________________________________________________________________________________________________________________________

## 1.4 ਸਮਾਜ ਅਤੇ ਵਿਦਿਅਕ ਸੰਬੰਧ

ਵਿਦਿਆ ਨੂੰ ਆਮਤੌਰ ’ਤੇ ਸਮਾਜ ਦੀ ਬੁਨਿਆਦ ਦੇ ਤੌਰ ’ਤੇ ਵੇਖਿਆ ਜਾਂਦਾ ਹੈ, ਜਿਹੜੀ ਕਿ ਆਰਥਿਕ ਦੌਲਤ, ਸਮਾਜਕ ਖੁਸ਼ਹਾਲੀ ਅਤੇ ਸਿਆਸੀ ਸਥਿਰਤਾ ਲਿਆਉਂਦੀ ਹੈ। ਇਹ ਕਿਸੇ ਵੀ ਨਵੇਂ ਸਮਾਜ ਦੇ ਵਿਕਾਸ ਦਾ ਇੱਕ ਪ੍ਰਮੁੱਖ ਪਹਿਲੂ ਹੈ ਅਤੇ ਕਿਸੇ ਵੀ ਖੇਤਰ ਦੇ ਸੰਪੂਰਣ ਵਿਕਾਸ ਦਾ ਇੱਕ ਅਹਿਮ ਸੰਕੇਤਕ ਹੈ। ਏਮਿਲ ਦੁਰਖੀਮ ਸਮਾਜ ਦੀ ਰਖਵਾਲੀ ਲਈ ਅਤੇ ਖਾਸਕਰ ਸੱਭਿਆਚਾਰ ਲਈ ਵਿਦਿਅਕ ਪ੍ਰਣਾਲੀ ਦੀ ਭੂਮਿਕਾ ’ਤੇ ਜ਼ੋਰ ਪਾਉਂਦਾ ਹੈ, ਇਹ ਜਟਿਲ ਸਮਾਜਾਂ ਵਿੱਚ ਬੇਹੱਦ ਅਹਿਮ ਹੈ, ਜਿੱਥੇ ਪਰਿਵਾਰ ਅਤੇ ਹੋਰ ਮੁਢਲੇ ਸਮੂਹ ਕਿਸ਼ੋਰਾਂ ਨੂੰ ਬਾਲਗਪੁਣੇ ਵਾਸਤੇ ਤਿਆਰ ਕਰਨ ਲਈ ਪੂਰੀ ਤਰ੍ਹਾਂ ਲੈਸ ਨਹੀਂ ਹੁੰਦੇ, ਜਿਸ ਦੀ ਕਿ ਵੱਡੇ ਸਮਾਜ ਵੱਲੋਂ ਆਸ ਕੀਤੀ ਜਾਂਦੀ ਹੈ, ਜੌਹਨ ਡੇਵੀ ਨੇ ਇਸ ਪ੍ਰਕਰਣ ’ਤੇ ਵੱਡੇ ਪੱਧਰ ’ਤੇ ਲਿੱਖਿਆ ਹੈ ਅਤੇ ਉਸ ਦੇ ਦੋ ਯੋਗਦਾਨ ਇੱਥੇ ਬੇਹੱਦ ਢੁਕਵੇਂ ਹਨ। ‘ਸਕੂਲ ਅਤੇ ਸਮਾਜ’ (1889) [The School and Society] ਅਤੇ ‘ਲੋਕਤੰਤਰ ਅਤੇ ਸਿੱਖਿਆ’ (1916) [Democracy and Education] ਉਹ ਤਰਕ ਦਿੰਦਾ ਹੈ ਕਿ ਸਕੂਲ ਵਿਅਕਤੀ ਦੀ ਬਜਾਇ ਸਮਾਜ ਦਾ ਲਘੂਰੂਪ ਅਤੇ ਪ੍ਰਤਿਬਿੰਬ ਹੈ। ਸਕੂਲ ਅਤੇ ਸਕੂਲੀ ਪ੍ਰਕਿਰਿਆ ਦਾ ਅੰਤਮ ਉਦੇਸ਼ ਸਮਾਜਕ ਪ੍ਰਗਤੀ ਅਤੇ ਲੋਕਤੰਤਰ ਦੇ ਪਸਾਰ ਨੂੰ ਪ੍ਰੇਰਤ ਕਰਨਾ ਹੈ। ਕਈ ਹੋਰ ਚਿੰਤਕਾਂ ਜਾਂ ਅਮਲਾਂ ਨੇ ਵਿਦਿਆ ਅਤੇ ਸਮਾਜ ਵਿਚਾਲੇ ਰਿਸ਼ਤਿਆਂ ਦੀ ਚਰਚਾ ਕੀਤੀ ਹੈ ਅਤੇ ਯੋਗਦਾਨ ਪਾਇਆ ਹੈ ਜਿਵੇਂ ਕਿ ਲਿਓ ਟਾਲਸਟਾਏ, ਐਂਟੋਨੀਓ ਗ੍ਰਾਮਸਕੀ, ਪੌਲੋ ਫਰੇਰੇ, ਬ੍ਰਾਸਿਲ ਬਰਨਸਟੀਨ, ਇਵਾਨ ਇਲਿਚ, ਪਿਅਰੇ ਬੋਓਰਡਿਓ, ਰਬਿੰਦਰ ਨਾਥ ਟੈਗੋਰ, ਸਰਵਪੱਲੀ ਰਾਧਾ ਕ੍ਰਿਸ਼ਨਨ, ਐਮ ਕੇ ਗਾਂਧੀ ਆਦਿ।

ਨੋਟ

## ਸਿੱਖਿਆ ਦੀਆਂ ਸਮਾਜਕ ਕਿਰਿਆਵਾਂ

ਸਿੱਖਿਆ ਸਾਰੇ ਲੋਕਾਂ ਨਾਲ ਸੰਬੰਧਤ ਹੈ ਅਤੇ ਸਾਰੇ ਸਮਾਜਾਂ ਲਈ ਬੁਨਿਆਦੀ ਸਮਾਜਕ ਲੋੜ ਦੇ ਤੌਰ ’ਤੇ ਵਿਚਾਰਿਆ ਜਾਂਦਾ ਹੈ। ਜੌਹਨ ਡੇਵੀ ਨੇ ਵੇਖਿਆ ਕਿ ਸਮਾਜਕ ਲੋੜ ਹੋਣ ਦੇ ਨਾਤੇ ਇਹ ਨਿਮਨ ਅਨੁਸਾਰ ਸਮਾਜ ਪ੍ਰਤਿ ਮੁੱਖ ਕਿਰਿਆਵਾਂ ਪ੍ਰਦਰਸ਼ਤ ਕਰਦਾ ਹੈ।

ੳ) ਸੱਭਿਆਚਾਰ ਦਾ ਸੰਚਾਰ : ਮਨੁੱਖ ਜਾਤੀ ਵਿਸ਼ਵ ਨਿਰਮਾਣ ਕਰਨ ਵਾਲੀ ਹੁੰਦੀ ਹੈ। ਅਜਿਹੀਆਂ ਰਚਨਾਵਾਂ ਦਾ ਕੁੱਲ ਜੋੜ, ਇਸ ਦੀ ਸੰਭਾਲ ਅਤੇ ਅਗਲੀ ਪੀੜ੍ਹੀ ਨੂੰ ਸੰਚਾਰਨ ਕਿਸੇ ਵੀ ਸੱਭਿਆਚਾਰ ਦੇ ਮੂਲ ਸੰਬੰਧਨ ਹੁੰਦੇ ਹਨ। ਸੱਭਿਆਚਾਰ ਹੋਰਨਾਂ ਰਚਨਾਵਾਂ ਨਾਲ ਅੰਤਰ ਨੂੰ ਕਰਦਾ ਹੈ। ਹਰੇਕ ਸਮਾਜ ਦਾ ਆਪਣਾ ਇੱਕ ਸੱਭਿਆਚਾਰਕ ਵਿਰਸਾ ਹੁੰਦਾ ਹੈ, ਜਿਹੜਾ ਕਿ ਉਹ ਸੰਭਾਲਦਾ ਅਤੇ ਅਗਲੀ ਪੀੜ੍ਹੀ ਨੂੰ ਸੰਚਾਰ ਕਰਦਾ ਹੈ। ਸਿੱਖਿਆ ਦੀ ਸਭ ਤੋਂ ਅਹਿਮ ਭੂਮਿਕਾ ਪਰੰਪਰਾ ਨੂੰ, ਸੱਭਿਆਚਾਰ, ਹੁਨਰ ਅਤੇ ਗਿਆਨ ਨੂੰ ਸਮਾਜ ਦੇ ਨਵੇਂ ਮੈਂਬਰਾਂ ਨੂੰ ਸੰਚਾਰ ਕਰਨਾ ਹੈ। ਸੱਭਿਆਚਾਰ ਸਮਾਜ ਅਤੇ ਸਿੱਖਿਆ ਦਰਮਿਆਨ ਸਭ ਤੋਂ ਵਧੇਰੇ ਸਾਂਝਾ ਸੰਪਰਕ ਹੁੰਦਾ ਹੈ। ਹੁਣ ਤੁਸੀਂ ਇਹ ਜਾਣਨ ਵਾਸਤੇ ਉਤਸੁਕ ਹੋਵੋਗੇ ਕਿ ਸੱਭਿਆਚਾਰ ਕੀ ਹੈ ਅਤੇ ਸਮਾਜ ਤੇ ਸਿੱਖਿਆ ਨਾਲ ਇਸਦਾ ਕੀ ਸੰਬੰਧ ਹੈ। ਸੱਭਿਆਚਾਰ ਇੱਕ ਵਿਸਤਾਰਤ ਪਰਿਭਾਸ਼ਤ ਸ਼ਬਦ ਹੈ ਜਿਹੜਾ ਕਿ ਮਨੁੱਖ ਸਮਾਜ ਦੀ ਹਰੇਕ ਚੀਜ਼ ਨੂੰ ਸੰਮਿਲਤ ਕਰਦਾ ਹੈ। ਇੱਕ ਬਰਤਾਨਵੀ ਸਮਾਜਕ ਮਾਨਵ ਵਿਗਿਆਨੀ ਈ ਬੀ ਟਾਈਲਰ ਨੇ ਸੱਭਿਆਚਾਰ ਨੂੰ ਇੱਕ ਜਟਿਲ ਸੰਪੂਰਣ ਦੇ ਤੌਰ ’ਤੇ ਪਰਿਭਾਸ਼ਤ ਕੀਤਾ ਹੈ ਜਿਹੜਾ ਕਿ ਗਿਆਨ, ਆਸਥਾ, ਕਲਾ, ਨਿਯਮ, ਨੈਤਿਕਤਾ, ਰੀਤੀ-ਰਿਵਾਜ਼ ਅਤੇ ਕੋਈ ਹੋਰ ਯੋਗਤਾਵਾਂ ਅਤੇ ਆਦਤਾਂ ਨੂੰ ਸੰਮਿਲਤ ਕਰਦਾ ਹੈ, ਜਿਹੜਾ ਕਿ ਸਮਾਜ ਦਾ ਮੈਂਬਰ ਹੋਣ ਨਾਤੇ ਵਿਅਕਤੀ ਵੱਲੋਂ ਹਾਸਲ ਕੀਤਾ ਜਾਂਦਾ ਹੈ, ਕਿਉਂਕਿ ਸਮਾਜ ਦਾ ਮੁੱਢ ਆਪ ਹੀ, ਅਸੀਂ ਵੇਖ ਸਕਦੇ ਹਾਂ ਕਿ ਹਰੇਕ ਸਮਾਜ ਕੋਲ ਆਪਣੇ ਲੋਕਾਂ ਨੂੰ ਸਿਖਿਅਤ ਕਰਨ ਅਤੇ ਟਰੇਂਡ ਕਰਨ ਵਾਸਤੇ ਕੋਈ ਨਾ ਕੋਈ ਮਕੈਨਿਜ਼ਮ ਹੁੰਦਾ ਹੈ, ਪਰਿਵਾਰ, ਸਮੁਦਾਇ ਅਤੇ ਹੋਰ ਰਸਮੀ ਸੰਸਥਾਨਾਂ ਵਾਂਗ ਹੈ।

ਅ) ਨਾ-ਬਰਾਬਰੀ ਅਤੇ ਅੰਤਰ ਘਟਾਉਣਾ : ਵਿਦਿਆ ਸਾਨੂੰ ਗਿਆਨ ਪ੍ਰਦਾਨ ਕਰਦੀ ਹੈ ਅਤੇ ਨਾਲ ਹੀ ਗਿਆਨ ਦੀ ਤਾਕਤ ਹੈ। ਵਿਦਿਆ ਸਮੱਸਿਆਵਾਂ ਦਾ ਸਮਾਧਾਨ ਕਰਕੇ ਸਮਾਜ ਪ੍ਰਤਿ ਅਹਿਮ ਭੂਮਿਕਾ ਨਿਭਾਉਂਦੀ ਹੈ। ਰਬਿੰਦਰ ਨਾਥ ਟੈਗੋਰ ਲਿਖਦਾ ਹੈ, ਆਪਣੀ ਸਮੱਸਿਆ ਦਾ ਸਮਾਧਾਨ ਲਭਦਿਆਂ ਅਸੀਂ ਵਿਸ਼ਵ ਸਮੱਸਿਆ ਦੇ ਸਮਾਧਾਨ ਵਿੱਚ ਵੀ ਮਦਦ ਕਰ ਦਿੰਦੇ ਹਾਂ... ਜੇਕਰ ਭਾਰਤ ਵਿਸ਼ਵ ਨੂੰ ਉਸਦਾ ਸਮਾਧਾਨ ਪੇਸ਼ ਕਰ ਸਕਦਾ ਹੈ, ਇਹ ਮਨੁੱਖਤਾ ਨੂੰ ਇੱਕ ਯੋਗਦਾਨ ਹੋਵੇਗਾ। ਸਿੱਖਿਆ ਦੁਆਰਾ ਵਿਅਕਤੀ ਗਿਆਨ ਹਾਸਲ ਕਰ ਸਕਦਾ ਹੈ ਅਤੇ ਸਸ਼ਕਤੀਕਰਣ ਦੀ ਪ੍ਰਕਿਰਿਆ ਵਿੱਚ ਭਾਗ ਲੈ ਸਕਦਾ ਹੈ। ਭਾਰਤੀ ਪਰੰਪਰਾਗਤ ਸਿੱਖਿਆ ਪ੍ਰਣਾਲੀ ਕਦੇ ਵੀ ਸਾਰਿਆਂ ਲਈ ਖੁੱਲੀ ਨਹੀਂ ਸੀ ਅਤੇ ਕੋਈ ਇਕਰੂਪਤਾ ਨਹੀਂ ਸੀ। ਇਹ ਚਰਿੱਤਰ ਵਿੱਚ ਸ਼੍ਰੇਸ਼ਠ ਵਰਗੀ ਸੀ ਅਤੇ ਤਰਕਬਦ ’ਤੇ ਆਧਾਰਤ ਹੋਣ ਦੀ ਬਜਾਇ ਧਾਰਮਿਕ ਮੰਤਵ ਨਾਲ ਸਹਾਇਤਾ ਪ੍ਰਾਪਤ ਸੀ। ਜਿਸਨੇ ਕਿ ਸਮਾਜਕ-ਆਰਥਕ ਨਾਬਰਾਬਰੀ ਪੈਦਾ ਕੀਤੀ। ਆਜ਼ਾਦੀ ਤੋਂ ਬਾਅਦ ਸੰਵਿਧਾਨਕ ਤਜਵੀਜ਼ਾਂ (ਆਰਟੀਕਲ 21-ਏ ਅਤੇ 45) ਨੇ ਇਸ ਸ਼੍ਰੇਸ਼ਠ ਵਰਗੀ ਪਹੁੰਚ ਨੂੰ ਸਮਾਨਤਾਵਾਦੀ ਪਹੁੰਚ ਵਿੱਚ ਪਰਿਵਰਤ ਕਰ ਦਿੱਤਾ ਅਤੇ ਨਾਲ ਹੀ ਭਿੰਨ ਅਨੁਭਵ ਸਿੱਧ ਅਧਿਐਨਾਂ ਵਿੱਚ ਪ੍ਰੇਖਤ ਸਸ਼ਕਤੀਕਰਣ ਦੀ

ਨੋਟ

ਪ੍ਰਕਿਰਿਆ ਨੂੰ ਵੀ। ਯੂ ਐੱਲ ਮਿਲੇਨੀਅਮ ਵਿਕਾਸੀ (2000) ਨੇ ਅੱਠ ਟੀਚਿਆਂ ਨੂੰ ਨਿਸ਼ਾਨਾ ਬਣਾਇਆ ਜਿਨ੍ਹਾਂ ਵਿੱਚੋਂ ਦੋ ਇੱਥੇ ਅਹਿਮ ਹਨ। ਪਹਿਲਾ ਵਿਆਪਕ ਮੁੱਢਲੀ ਸਿੱਖਿਆ ਦੀ ਪ੍ਰਾਪਤੀ ਹੈ ਅਤੇ ਦੂਜਾ ਲਿੰਗ ਬਰਾਬਰੀ। ਇਨ੍ਹਾਂ ਨੂੰ ਭਾਰਤ ਸਮੇਤ ਵਿਸ਼ਵ ਦੇ 189 ਦੇਸ਼ਾ ਵੱਲੋਂ ਸਵੀਕ੍ਰਿਤ ਕੀਤਾ ਗਿਆ ਹੈ। ਇਸ ਟੀਚੇ ਦਾ ਅਨੁਕਰਣ ਕਰਦਿਆਂ ਇੱਕ ਰਾਸ਼ਟਰੀ ਫਲੈਗਸ਼ਿਪ ਪ੍ਰੋਗ੍ਰਾਮ ਸਰਵ ਸਿੱਖਿਆ ਅਭਿਆਨ ਦੀ ਸ਼ੁਰੂਆਤ ਕੀਤੀ ਗਈ। ਮਹਿਲਾ ਸਿੱਖਿਆ ਲਈ ਕਈ ਸ਼ੁਰੂਆਤਾਂ ਕੀਤੀਆਂ ਗਈਆਂ ਜਿਵੇਂ ਕਿ ਮਹਿਲਾ ਸਿੱਖਿਆ, ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਾ ਆਦਿ। ਜਿੱਥੋਂ ਤੱਕ ਖੇਤਰੀ ਨਾ ਬਰਾਬਰੀ ਦਾ ਪ੍ਰਸ਼ਨ ਹੈ, ਕਿਸੇ ਵੀ ਖੇਤਰ ਦਾ ਵਿਕਾਸ ਸਿੱਧੇ ਤੌਰ ’ਤੇ ਉਸ ਖਿੱਤੇ ਦੇ ਵਿਦਿਅਕ ਰੁਤਬੇ ਨਾਲ ਸਹਿ-ਸੰਬੰਧਤ ਹੈ। ਇਸ ਤਰ੍ਹਾਂ ਖੇਤਰੀ ਵਿਕਾਸ ਬਹੁਤ ਹੱਦ ਤੱਕ ਸਿੱਖਿਆ ਉੱਪਰ ਨਿਰਭਰ ਕਰਦਾ ਹੈ। ਨਾਲ ਹੀ ਇਹ ਤੰਦਰੁਸਤੀ ਅਤੇ ਕਿਸੇ ਖੇਤਰ ਦੇ ਆਰਥਿਕ ਰੁਤਬੇ ਉੱਪਰ ਵੀ ਨਿਰਭਰ ਕਰਦਾ ਹੈ।

ੲ) ਸਮਾਜਕ ਗਤੀਸ਼ੀਲਤਾ ਅਤੇ ਸਮਾਜਕ ਪਰਿਵਰਤਣ : ਸਮਾਜਕ ਪਰਤੀਕਰਣ ਇੱਕ ਵਿਆਪਕ ਸਮਾਜਕ ਕਾਰਕ ਹੈ। ਸਮਾਜਕ ਗਤੀਸ਼ੀਲਤਾ ਕਿਸੇ ਵੀ ਸਮਾਜ ਦੇ ਸਮਾਜਕ ਪਦਬੰਦੀ ਵਿੱਚ ਵਿਅਕਤੀਗਤ ਅਤੇ ਸਮੂਹ ਸਥਿਤੀ ਦੀ ਗਤੀਸ਼ੀਲਤਾ ਨੂੰ ਹਵਾਲਾ ਦਿੰਦਾ ਹੈ। ਸਮਾਜਕ ਗਤੀਸ਼ੀਲਤਾ ਦੇ ਦੋ ਅਹਿਮ ਕਾਰਕ ਹਨ – ਸਿੱਖਿਆ ਅਤੇ ਆਮਦਨ ਰੁਤਬਾ। ਹੁਣ, ਮੁਫਤ ਅਤੇ ਸਾਰਿਆਂ ਲਈ ਲਾਜ਼ਮੀ ਸਿੱਖਿਆ ਕਿਸੇ ਵਿਅਕਤੀ ਦੀ ਵਿਦਿਅਕ ਅਤੇ ਆਮਦਨ ਦੀ ਸਥਿਤੀ ਨੂੰ ਵਿਸਤਾਰਤ ਕਰਨ ਵਾਸਤੇ ਸਾਰੇ ਅਵਸਰ ਉਪਲੱਬਧ ਕਰਦੀ ਹੈ। ਭਾਰਤ ਵਿੱਚ ਆਜ਼ਾਦੀ ਤੋਂ ਲੈ ਕੇ ਵਿਦਿਅਕ ਅਵਸਰਾਂ ਦੀ ਬਰਾਬਰੀ ਪ੍ਰਮਾਣਤ ਹੋ ਚੁੱਕੀ ਹੈ ਜਿਹੜੀ ਕਿ ਪਹਿਲਾਂ ਪਾਬੰਦੀਸ਼ੁਦਾ ਸੀ।

ਸ) ਨਵੇਂ ਗਿਆਨ ਦਾ ਵਿਕਾਸ : ਆਪਣੀ ਜ਼ਿੰਦਗੀ ਵਿੱਚ ਕਾਮਯਾਬੀ ਹਾਸਲ ਕਰਨ ਲਈ ਗਿਆਨ ਪ੍ਰਾਪਤੀ ਦਾ ਮਾਰਗ ਸਿੱਖਿਆ ਰਾਹੀਂ ਹੀ ਹੈ। ਸਿੱਖਿਆ ਦੁਆਰਾ ਅਸੀਂ ਨਵੇਂ ਗਿਆਨ ਦਾ ਵਿਕਾਸ ਕਰਦੇ ਹਾਂ ਜਾਂ ਆਪਣੀ ਨਵੀਂ ਲੋੜ ਨੂੰ ਪੂਰਾ ਕਰਨ ਵਾਸਤੇ ਮੌਜੂਦਾ ਗਿਆਨ ਵਿੱਚ ਵਾਧਾ ਕਰ ਸਕਦੇ ਹਾਂ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਲੋੜ ਕਾਢ ਦੀ ਮਾਂ ਹੈ। ਸਰਲ ਜਾਂਗਲੀ ਸਮਾਜ ਤੋਂ ਵਰਤਮਾਨ ਉੱਤਰ-ਆਧੁਨਿਕ ਸਮਾਜ ਤੱਕ ਅਸੀਂ ਕਈ ਖੋਜਾਂ ਅਤੇ ਕਾਢਾਂ ਕਾਰਣ ਬੇਤਹਾਸ਼ਾ ਪਰਿਵਰਤਨਾਂ ਨੂੰ ਵੇਖ ਸਕਦੇ ਹਾਂ। ਧਾਤਾਂ, ਅੱਗ ਅਤੇ ਪਹੀਏ ਦੇ ਸ਼ੁਰੂਆਤੀ ਗਿਆਨ ਨੇ ਵਿਸ਼ਵ ਦੀ ਸੱਭਿਅਤਾ ਦੇ ਆਰਪਾਰ ਪ੍ਰਾਚੀਨ ਵਿਕਾਸ ਵਿੱਚ ਸੰਵੇਦਨਸ਼ੀਲ ਭੂਮਿਕਾ ਨਿਭਾਈ ਹੈ। ਇਸਨੇ ਭੋਜਨ ਇਕੱਤਰਣ ਤੋਂ ਖੇਤੀ ਸਮਾਜ ਦੀ ਸਥਾਪਨਾ ਤੱਕ ਫੈਸਲਾਕੁੰਨ ਭੂਮਿਕਾ ਨਿਭਾਈ ਹੈ। ਇਸੇ ਤਰ੍ਹਾਂ ਮਨੁੱਖਤਾ ਦੇ ਇਤਿਹਾਸ ਵਿੱਚ ਨਵੇਂ ਗਿਆਨ ਦੀਆਂ ਕਈ ਮਿਸਾਲਾਂ ਹਨ। ਸਮਕਾਲੀ ਤਕਨੀਕੀ ਕ੍ਰਾਂਤੀ, ਜਿਹੜੀ ਕਿ ਇੰਟਰਨੈਟ, ਮਲਟੀਮੀਡੀਆ ਅਤੇ ਸੰਚਾਰ ਦੁਆਰਾ ਆਈ, ਨੇ ਪੂਰੇ ਵਿਸ਼ਵ ਨੂੰ ਇੱਕ ਪਿੰਡ ’ਚ ਤਬਦੀਲ ਕਰ ਦਿੱਤਾ ਹੈ।

ਹ) ਵਿਅਕਤੀਗਤ ਵਿਕਾਸ : ਵਿਅਕਤੀ ਦੀ ਜ਼ਿੰਦਗੀ ਵਿੱਚ ਸਫਲਤਾ ਲਈ ਸਿੱਖਿਆ ਬੇਹਦ ਅਹਿਮ ਹੈ। ਸਿੱਖਿਆ ਵਿਦਿਆਰਥੀ ਨੂੰ ਪੜ੍ਹਾਉਣ ਦੇ ਹੁਨਰ ਉਪਲੱਬਧ ਕਰਦੀ ਹੈ ਜਿਹੜੇ ਕਿ ਉਨ੍ਹਾਂ ਨੂੰ ਸਰੀਰਕ ਅਤੇ ਮਾਨਸਿਕ ਤੇ ਸਮਾਜਿਕ ਤੌਰ ’ਤੇ ਬਾਅਦਲੀ ਜ਼ਿੰਦਗੀ ਵਿੱਚ ਕੰਮ ਦੀ ਦੁਨੀਆ ਲਈ ਤਿਆਰ ਕਰਦੀ ਹੈ। ਉੱਚ-ਸਿੱਖਿਆ ਇੱਕ ਤੰਦਰੁਸਤ ਸਮਾਜ ਦੀ ਬਰਕਰਾਰੀ ਲਈ ਮਦਦ ਕਰਦੀ ਹੈ ਜਿਹੜੀ ਕਿ ਸਿਹਤ ਸੰਭਾਲ ਪੇਸ਼ੇਵਰ, ਸਿਖਿਅਤ ਸਿਹਤ ਸੰਭਾਲ ਖਪਤਕਾਰ ਅਤੇ ਤੰਦਰੁਸਤ ਆਬਾਦੀ





ਬਰਕਰਾਰ ਰੱਖਣ ਲਈ ਤਿਆਰ ਕਰਦੀ ਹੈ। ਜੇਕਰ ਸਿਖਿਅਤ ਲੋਕਾਂ ਦੀ ਥੁੜ ਹੋਵੇ, ਤਾਂ ਸਮਾਜ ਆਪਣੀ ਅਗਾਂਹ ਪ੍ਰਗਤੀ ਨੂੰ ਰੋਕ ਦੇਵੇਗੀ। ਇਸ ਲਈ, ਅਸੀਂ ਇੱਕ ਪੂਰਣਤਾ ਦੇ ਤੌਰ 'ਤੇ ਸਮਾਜ ਪ੍ਰਤਿ ਵਿਦਿਅਕ ਪ੍ਰਕਿਰਿਆ ਦੁਆਰਾ ਨਿਭਾਈ ਭੂਮਿਕਾ ਨੂੰ ਵੇਖ ਸਕਦੇ ਹਾਂ। ਇੱਥੇ ਵਿਦਿਅਕ ਪ੍ਰਣਾਲੀ ਰਸਮੀ, ਗੈਰ-ਰਸਮੀ ਅਤੇ ਗੈਰ ਰਸਮੀ ਸਿੱਖਿਆ ਸਮੇਤ ਸਾਰੀਆਂ ਕਿਸਮਾਂ ਨੂੰ ਸ਼ਾਮਲ ਕਰਦੀ ਹੈ। ਗੈਰ-ਰਸਮੀ ਪ੍ਰਕਿਰਿਆ ਪ੍ਰਾਚੀਨ ਕਿਸਮ ਹੈ ਅਤੇ ਇਸ ਦੀ ਮੌਜੂਦਗੀ ਉਦੋਂ ਤੱਕ ਹੈ ਜਦੋਂ ਤੱਕ ਸਮਾਜ ਹੈ। ਰਸਮੀ ਅਤੇ ਗੈਰ ਰਸਮੀ ਮਗਰਲੇ ਵਿਕਾਸ 'ਚ ਭੂਮਿਕਾ ਨਿਭਾਉਂਦੇ ਹਨ। ਗੈਰ-ਰਸਮੀ ਸਿੱਖਿਆ ਗੈਰ ਰਸਮੀ ਸਿੱਖਣ ਸੰਦਰਭ ਵਿੱਚ ਸਿਖਾਂਦਰੂ ਅਤੇ ਅਧਿਆਪਕ ਦਰਮਿਆਨ ਬਦਲਦੇ ਰਿਸ਼ਤਿਆਂ ਨਾਲ ਵਰਗੀਕ੍ਰਿਤ ਕੀਤਾ ਜਾਂਦਾ ਹੈ। ਜਦਕਿ ਗੈਰ-ਰਸਮੀ ਸਿੱਖਿਆ ਦੇ ਟੀਚੇ ਹਮੇਸ਼ਾ ਮੁਲਾਂਕਣ ਪ੍ਰਣਾਲੀ ਵਿੱਚ ਪੱਕੇ ਤੌਰ 'ਤੇ ਆਧਾਰਤ ਹੁੰਦੇ ਹਨ। ਇਸ ਦਾ ਡਿਗਰੀਆਂ ਜਾਂ ਡਿਪਲੋਮਿਆਂ ਅਤੇ ਪੂਰਕਾਂ, ਦੋਵੇਂ ਰਸਮੀ ਅਤੇ ਗੈਰ ਰਸਮੀ ਸਿੱਖਿਆ ਨਾਲ ਕੋਈ ਸਿੱਧਾ ਸੰਪਰਕ ਨਹੀਂ ਹੈ। ਕਿਸੇ ਵੀ ਸਕੂਲਿੰਗ ਤੋਂ ਬਗੈਰ ਆਬਾਦੀ ਦਾ ਪ੍ਰਤਿਸ਼ਤ ਘੱਟ ਵਿਕਸਤ ਦੇਸ਼ਾਂ ਦਰਮਿਆਨ 10% ਤੋਂ ਘੱਟ ਤੋਂ 65% ਦੇ ਉੱਪਰ ਵੱਡੇ ਪੱਧਰ 'ਤੇ ਅਸਥਾਈ ਹੁੰਦੇ ਹਨ। ਜਦਕਿ ਵਧੇਰੇ ਵਿਕਸਤ ਦੇਸ਼ਾਂ ਵਿੱਚ ਬਹੁਤ ਘੱਟ ਅੰਤਰ ਹੁੰਦਾ ਹੈ, ਜਿਹੜਾ ਕਿ 2% ਤੋਂ ਘੱਟ ਤੋਂ 17% ਤੱਕ ਦਾਇਰਾ ਹੁੰਦਾ ਹੈ (ਵਿਸ਼ਵ ਵਿਕਾਸ ਰਿਪੋਰਟ 2000)।

ਇਸ ਖੰਡ ਵਿੱਚ ਤੁਸੀਂ ਸਿੱਖਿਆ ਅਤੇ ਸਮਾਜ ਵਿਚਾਲੇ ਰਿਸ਼ਤਿਆਂ ਸੰਬੰਧੀ ਪੜ੍ਹਿਆ। ਵਿਸ਼ੇਸ਼ਕਾਰ ਸਮਾਜ ਪ੍ਰਤਿ ਸਿੱਖਿਆ ਦੀਆਂ ਸਮਾਜਕ ਕਿਰਿਆਵਾਂ ਅਤੇ ਵਿਕਾਸ ਪ੍ਰਤਿ ਇਸ ਦਾ ਯੋਗਦਾਨ। ਹੁਣ ਤੁਹਾਡੀ ਪ੍ਰਗਤੀ ਦੀ ਪਰਖ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ।

## ਤੁਹਾਡੀ ਪ੍ਰਗਤੀ ਦੀ ਪਰਖ – 3

ਨੋਟ : ੳ) ਆਪਣਾ ਉੱਤਰ ਲਗਭਗ 50 ਸ਼ਬਦਾਂ ਵਿੱਚ ਲਿਖੋ।

ਅ) ਇਕਾਈ ਦੇ ਅੰਤ ਵਿੱਚ ਦਿੱਤੇ ਸੰਭਵ ਉੱਤਰਾਂ ਨਾਲ ਪਰਖ ਕਰੋ।

(i) ਸਮਾਜ ਵਿੱਚ ਨਾਬਰਾਬਰੀ ਨੂੰ ਸਿੱਖਿਆ ਕਿਵੇਂ ਘਟਾਉਂਦੀ ਹੈ।

------------------------------------------------------------
------------------------------------------------------------
------------------------------------------------------------
----------------------------------

(ii) ਸਿੱਖਿਆ ਵਿਕਾਸ ਦਾ ਇੱਕ ਅਹਿਮ ਸੰਕੇਤਕ ਹੈ, ਟਿੱਪਣੀ ਕਰੋ।

------------------------------------------------------------
------------------------------------------------------------
------------------------------------------------------------
----------------------------------



ਨੋਟ

## 1.5 ਸਮਾਜ ਦੇ ਅੰਗ ਦੇ ਤੌਰ 'ਤੇ ਸਕੂਲ

ਪੂਰਬਲੇ ਖੰਡ ਵਿੱਚ ਅਸੀਂ ਸਮਾਜ ਪ੍ਰਤਿ ਵਿਦਿਆ ਦੀ ਭੂਮਿਕਾ ਬਾਰੇ ਪੜ੍ਹਿਆ ਅਤੇ ਸਕੂਲ ਨੂੰ ਲੋਕਰਾਜੀ, ਉਦਾਰਵਾਦੀ ਸੰਸਥਾਨ ਦੇ ਤੌਰ 'ਤੇ ਵੇਖਿਆ ਜਿਹੜੀ ਕਿ ਸਾਡੀ ਪ੍ਰਗਤੀ ਲਈ ਵਚਨਬੱਧ ਹੈ। ਹੁਣ ਇਸ ਦੇ ਵਿਪਰੀਤ ਅਸੀਂ ਸਮਾਜ ਦਾ ਵਿਦਿਅਕ ਪ੍ਰਣਾਲੀ ਉੱਪਰ ਪ੍ਰਭਾਵ ਬਾਰੇ ਚਰਚਾ ਕਰਾਂਗੇ, ਵਿਸ਼ੇਸ਼ਕਰ, ਪ੍ਰਭਾਵੀ ਸੱਭਿਆਚਾਰ, ਅਸਮਾਨ ਅਤੇ ਪਰਤੀਕਰਣ ਸਮਾਜ ਬਾਰੇ। ਸਕੂਲ ਸਮਾਜ ਦਾ ਇੱਕ ਭਾਗ ਹੈ, ਅਧਿਆਪਕ, ਸਿਖਾਂਦਰੂ ਅਤੇ ਮਾਪੇ, ਇਸੇ ਨਾ ਬਰਾਬਰ ਅਤੇ ਪਰਤੀਕ੍ਰਿਤ ਸਮਾਜ ਵਿੱਚੋਂ ਹੀ ਹਨ। ਸਕੂਲਾਂ ਨੂੰ ਇਕੱਲਤਾ ਵਿੱਚ ਨਹੀਂ ਲਿਆ ਜਾ ਸਕਦਾ। ਸਮਾਜ ਵੀ ਵਿਦਿਅਕ ਪ੍ਰਣਾਲੀ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਸਮਾਜਕ-ਸੱਭਿਆਚਾਰਕ ਕਾਰਕ, ਸਿਆਸੀ ਸਥਿਤੀਆਂ ਅਤੇ ਆਰਥਿਕ ਵਾਤਾਵਰਣ ਵਿਦਿਅਕ ਸੰਸਥਾਨਾਂ ਦੀ ਪ੍ਰਕਿਰਤੀ, ਇਸ ਦੇ ਮੰਤਵ ਅਤੇ ਪਾਠਕ੍ਰਮ ਵਿਕਾਸ ਨੂੰ ਨਿਰਧਾਰਤ ਕਰਦੇ ਹਨ।

### ਵਿਦਿਅਕ ਪ੍ਰਤਿਕਿਰਿਆ ਪ੍ਰਤਿ ਸਮਾਜ ਦਾ ਪ੍ਰਭਾਵ

**ੳ) ਸਮਾਜਕ-ਸੱਭਿਆਚਾਰਕ ਪ੍ਰਭਾਵ :** ਕਿਸੇ ਵੀ ਸਮਾਜ ਦੀ ਸਿੱਖਿਆ ਸਮਾਜਕ-ਸੱਭਿਆਚਾਰਕ ਕਾਰਕਾਂ ਨਾਲ ਸਿੱਧਾ ਸਹਿ-ਸੰਬਧਨ ਰੱਖਦੀ ਹੈ। ਸਕੂਲ ਇੱਕ ਅਜਿਹੀ ਮਨੁੱਖੀ ਸਮਾਜ ਦੀ ਰਚਨਾ ਹੈ ਜਿਸ ਨਾਲ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਮੌਜੂਦਾ ਸੱਭਿਆਚਾਰਕ ਸਾਮੱਗਰੀ ਨੂੰ ਪਰਿਵਰਤ ਕੀਤਾ ਜਾ ਸਕਦਾ ਹੈ। ਗੈਰ-ਰਸਮੀ ਸੈਟਿੰਗ ਵਿੱਚ ਸਮਾਜੀਕਰਣ ਇੱਕ ਪ੍ਰਕਿਰਿਆ ਹੈ ਜਿਸ ਰਾਹੀਂ ਸਮੁਦਾਇ ਸਮਾਜ ਦੇ ਨੇਮਾਂ ਅਤੇ ਕਦਰਾਂ-ਕੀਮਤਾਂ ਬਾਰੇ ਆਪਣੇ ਲੋਕਾਂ ਨੂੰ ਸਿਖਿਅਤ ਜਾਂ ਕਾਰ-ਵਿਹਾਰ ਕਰਦਾ ਹੈ। ਪਰੰਪਰਾਗਤ ਤੌਰ 'ਤੇ ਧਾਰਮਿਕ ਸੰਸਥਾਨਾਂ, ਜਿਵੇਂ ਕਿ ਕ੍ਰਿਸਚੀਅਨ ਮਿਸ਼ਨਰੀਆਂ, ਇਸਲਾਮੀ ਮਦਰਸੇ, ਬੋਧ ਵਿਹਾਰ ਅਤੇ ਹੋਰ ਧਾਰਮਿਕ ਸੰਗਠਨ, ਦੁਆਰਾ ਸਿੱਖਿਆ ਉਪਲੱਬਧ ਕੀਤੀ ਜਾਂਦੀ ਹੈ। ਇਨ੍ਹਾਂ ਸੰਸਥਾਨਾਂ ਦੀ ਧਰਮ ਪਰਿਵਰਤਨ ਦੀ ਵੀ ਵਿਸ਼ੇਸ਼ਤਾ ਹੈ ਅਤੇ ਉਹ ਆਪਣੇ ਧਾਰਮਿਕ ਆਦਰਸ਼ਾਂ ਨੂੰ ਦ੍ਰਿੜਾਉਂਦੇ ਹਨ। ਇਹ ਸੀਮਤ ਸਥਾਪਤ ਧਰਮ ਨਹੀਂ ਹਨ, ਹਰੇਕ ਸਮੁਦਾਇ ਆਪਣੇ ਨੇਮਾਂ ਅਤੇ ਕਦਰਾਂ-ਕੀਮਤਾਂ ਦਾ ਸੰਚਾਰ ਕਰਦਾ ਹੈ। ਸਿੱਖਿਆ ਅਤੇ ਸਮਾਜੀਕਰਣ ਦੀ ਇਸ ਪ੍ਰਕਿਰਿਆ ਵਿੱਚ ਅਸੀਂ ਆਪਣੇ ਸਮਾਜ ਦੀ ਤਰਫਦਾਰੀ ਅਤੇ ਅੰਤਰਾਂ ਨੂੰ ਵੀ ਸੰਚਾਰ ਕਰਦੇ ਹਾਂ ਭਾਵ : ਪਦਕ੍ਰਮ, ਪਰਤੀਕਰਣ ਅਤੇ ਨਿਹਿਤ ਨਾਬਰਾਬਰੀ ਹੈ। ਸ਼੍ਰੇਸ਼ਠ ਸੱਭਿਆਚਾਰ ਦੀ ਪ੍ਰਬਲਤਾ ਲਿੰਗ ਅੰਤਰ ਅਤੇ ਹੋਰ ਸਮਾਜਕ ਸੱਭਿਆਚਾਰਕ ਵਿਸ਼ੇਸ਼ਤਾਈਆਂ ਵੀ ਨੌਜਵਾਨ ਪੀੜ੍ਹੀਆਂ ਨੂੰ ਸੰਚਾਰ ਕੀਤੀਆਂ ਜਾਂਦੀਆਂ ਹਨ। ਫਰਾਂਸੀਸੀ ਸਮਾਜ ਸ਼ਾਸਤਰੀ ਪਿਅਰੇ ਬੋਰਡੀਊ ਨੇ ਵਿਦਿਆ ਨੂੰ ਪ੍ਰਬਲ ਸ਼੍ਰੇਣੀ ਦੇ ਸੱਭਿਆਚਾਰ ਨੂੰ ਸਥਾਈ ਕਰਦਿਆਂ ਵੇਖਿਆ। ਇਸ ਵਰਤਾਰੇ ਨੂੰ ਉਸਨੇ 'ਸੱਭਿਆਚਾਰਕ ਪ੍ਰਤਿਰੂਪ' ਦਾ ਨਾਅ ਦਿੱਤਾ। ਇਸੇ ਤਰ੍ਹਾਂ ਪੌਲੋ ਫਿਅਰੇ ਨੇ ਅਧਿਆਪਨ ਪ੍ਰਕਿਰਿਆ, ਅਧਿਆਪਨ ਵਿਧੀ ਅਤੇ ਭਾਸ਼ਾ ਨੂੰ ਦਮਨਕਾਰੀ ਅਤੇ ਦਮਨ ਪ੍ਰਭਾਵਤ ਦਰਮਿਆਨ ਅੰਤਰ ਨੂੰ ਵੇਖਿਆ। ਸਕੂਲਾਂ ਦੀ ਅੱਜਕਲ੍ਹ ਮੁੱਖ ਭੂਮਿਕਾ ਨੈਤਿਕ ਅਧਿਕਾਰ ਦੇ ਤੌਰ 'ਤੇ ਲੋਕਾਂ ਨੂੰ ਪੇਸ਼ੇ ਲਈ ਤਿਆਰ ਕਰਨਾ ਹੈ, ਸਕੂਲਾਂ ਨੂੰ ਸਮੁਦਾਇ ਦੀ ਪ੍ਰਬਲ ਸ਼੍ਰੇਣੀ ਪ੍ਰਤਿ ਖੁਸ਼ਾਮਦੀ ਨਹੀਂ ਕਰਨੀ ਚਾਹੀਦੀ।

ਨੋਟ

**ਅ) ਆਰਥਿਕ ਪਹਿਲੂ :** ਅਵਸਰ ਦੀ ਬਰਾਬਰੀ ਜਮਹੂਰੀਅਤ ਅਤੇ ਸਿੱਖਿਆ ਦੀਆਂ ਭਾਰਤੀ ਸੰਵਿਧਾਨਕ ਤਜਵੀਜ਼ਾਂ ਦੀ ਕੋਰ ਕੀਮਤ ਹੈ। ਫੇਰ ਵੀ ਇਹ ਹੁਣ ਪੂਰੀ ਤਰ੍ਹਾਂ ਸਪਸ਼ਟ ਹੋ ਚੁੱਕਾ ਹੈ ਕਿ ਅਵਸਰ ਦੀ ਬਰਾਬਰੀ ਨੂੰ ਮੌਜੂਦਾ ਆਰਥਿਕ ਸਥਿਤੀ ਵਿੱਚ ਹਾਸਲ ਕਰਨਾ ਕਾਫੀ ਮੁਸ਼ਕਲ ਹੈ। ਆਰਥਿਕ ਪ੍ਰਕਿਰਿਆ ਅਮੀਰ ਅਤੇ ਗਰੀਬ ਵਿਚਾਲੇ ਪਾੜੇ ਨੂੰ ਹੋਰ ਅਤੇ ਹੋਰ ਨਾਲ ਹੀ ਚੌੜਾ ਕਰ ਰਹੀ ਹੈ। ਐਪਲ (2004) ਮੁਤਾਬਕ ਨਿਸ਼ਚਤ ਗਿਆਨ ਦਾ ਆਰਥਿਕ ਉਤਪਾਦਨਾ ਅਧਿਐਨ ਦੇ ਖੇਤਰ, ਜਿਹੜੇ ਕਿ ਬਾਜ਼ਾਰੀ ਸਥਿਤੀ ਵਿੱਚ ਜਿਵੇਂ ਕਿ ਕਿੱਤਾਮੁਖੀ ਕੋਰਸ - ਇੰਜੀਨੀਅਰਿੰਗ, ਮੈਡੀਕਲ, ਐਮ ਸੀ ਏ, ਐਮ ਬੀ ਏ ਅਤੇ ਹੋਰ ਅਪਲਾਈਡ ਕੋਰਸ ਜਿਹੜੇ ਕਿ ਭਾਰਤੀ ਸੰਦਰਭ ਵਿੱਚ ਕਾਫੀ ਮੰਗ ਵਿਚ ਹਨ, ਨਾਲ ਉੱਚ ਸੰਪਰਕ ਹੈ। ਇਸ ਲਈ ਸਮਾਜ ਦੀ ਆਰਥਿਕਤਾ ਇੱਕ ਅਹਿਮ ਕਾਰਕ ਹੈ ਜਿਸਦੀਆਂ ਕਿਸੇ ਖੇਤਰ ਦੇ ਵਿਦਿਅਕ ਵਿਕਾਸ ਅਤੇ ਮਨੁੱਖ ਵਿਕਾਸ ਉੱਪਰ ਡੂੰਘੇ ਸਥਿਰ ਭਾਵ-ਅਰਥ ਹਨ। ਕਾਰਲ ਮਾਰਕਸ ਨੇ ਆਰਥਿਕਤਾ ਨੂੰ ਸਮਾਜ ਵਿੱਚ ਤਾਕਤ ਅਤੇ ਪ੍ਰਬਲਤਾ ਹਾਸਲ ਕਰਨ ਲਈ ਬੁਨਿਆਦੀ ਸੰਰਚਨਾ ਦੇ ਤੌਰ 'ਤੇ ਵਿਚਾਰਿਆ ਹੈ। ਇਸ ਤੋਂ ਅਗਾਂਹ ਵਿਦਿਅਕ ਪ੍ਰਣਾਲੀ ਸਮਾਜ ਦੇ ਪ੍ਰਬਲ (ਹਾਵੀ) ਖੰਡ ਦੇ ਅਨੁਕੂਲਤ ਨਿਯੰਤ੍ਰਣ ਵਿੱਚ ਇਕ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਤਰ੍ਹਾਂ ਨਿਯੰਤ੍ਰਣ ਆਰਥਿਕਤਾ ਧਨ ਦੀ ਰਚਨਾ ਕਰ ਸਕਦੀ ਹੈ ਪ੍ਰੰਤੂ ਵਿਦਿਅਕ ਸ਼ਕਤੀ ਸਿਰਫ ਇਸ ਨੂੰ ਕਾਇਮ ਰੱਖਣ ਯੋਗ ਬਣਾ ਸਕਦੀ ਹੈ ਅਤੇ ਸਮਾਜ ਵਿੱਚ ਅਨੁਕੂਲਣ ਉਪਲੱਬਧ ਕਰ ਸਕਦੀ ਹੈ।

**ੲ) ਸਿਆਸੀ ਸਥਿਤੀਆਂ ਅਤੇ ਇਸਦਾ ਪ੍ਰਭਾਵ :** ਸੂਬੇ ਦੀ ਪ੍ਰਕਿਰਤੀ, ਸਿਆਸੀ ਪਾਰਟੀਆਂ, ਇਨ੍ਹਾਂ ਦੀਆਂ ਵਿਚਾਰਧਾਰਾਵਾਂ ਅਤੇ ਨੀਤੀ ਸਮਾਜ ਵਿੱਚ ਵਿਦਿਅਕ ਪ੍ਰਣਾਲੀ ਦੀ ਪ੍ਰਕਿਰਤੀ ਅਤੇ ਨੀਤੀ ਨੂੰ ਸੇਧ ਦਿੰਦੀ ਹੈ। ਲੋਕਰਾਜੀ ਸੂਬੇ ਲੋਕਰਾਜੀ ਵਿਦਿਅਕ ਵਿਕਾਸ ਦੇ ਆਦਰਸ਼ਾਂ ਦੀ ਕਬੂਲੀਅਤ ਕਰਦੇ ਹਨ। ਹਾਲਾਂਕਿ ਨਿਹਿਤ ਨਾਬਰਾਬਰੀ ਇਨ੍ਹਾਂ ਸੂਬਿਆਂ ਦੀ ਕਮਜ਼ੋਰੀ ਹੈ। ਭਾਰਤੀ ਲੋਕਤੰਤਰ ਟੀਚੇ ਦੀ ਪ੍ਰਾਪਤੀ ਨਹੀਂ ਕਰ ਸਕਿਆ, ਆਮ ਸਕੂਲੀ ਪ੍ਰਣਾਲੀ ਦਾ ਟੀਚਾ। ਸਾਰੇ ਲੋਕ-ਤੰਤਰੀ ਸਮਾਜ ਸਾਰਿਆਂ ਲਈ ਸਿੱਖਿਆ ਉਪਲੱਬਧ ਕਰਨ ਵਿੱਚ ਅਸਫਲ ਹੁੰਦੇ ਹਨ, ਖਾਸਕਰ ਵੰਚਿਤ ਅਤੇ ਹਾਸ਼ੀਏ 'ਤੇ ਆਏ ਖੰਡਾਂ ਵਾਸਤੇ ਜਿਹੜੇ ਕਿ ਭਿੰਨਤਾ ਪੂਰਕ ਰੁਤਬਿਆਂ ਕਾਰਣ ਵਿਦਿਆ ਲਈ ਪਹੁੰਚ ਨਹੀਂ ਰੱਖਦੇ। ਇਸ ਦੇ ਵਿਪਰੀਤ ਸਮਾਜਵਾਦੀ ਸੂਬੇ ਸਾਂਝੀ ਵਿਦਿਅਕ ਪ੍ਰਣਾਲੀ ਦਾ ਦਾਅਵਾ ਕਰਦੇ ਹਨ, ਪ੍ਰੰਤੂ ਧਰਮ ਨਿਰਪੱਖ ਸਿੱਖਿਆ ਦੀ ਬਜਾਇ ਆਪਣੀ ਸਿਆਸੀ ਵਿਚਾਰਧਾਰਾ ਨੂੰ ਥੋਪਦੇ ਹਨ। ਯੂ ਐੱਸ ਐੱਸ ਆਰ ਦੀ ਕਮਿਊਨਿਸਟ ਸੱਤਾ ਅਤੇ ਜਰਮਨੀ ਦੇ ਨਾਜ਼ੀ ਸਮਾਜਵਾਦੀ ਸਿਧਾਂਤ ਇਸ ਦੀਆਂ ਦੋ ਬਿਹਤਰ ਮਿਸਾਲਾਂ ਹਨ। 1933 ਵਿੱਚ, ਨਾਜ਼ੀਆਂ ਅਧੀਨ ਜਰਮਨ ਵਿਦਿਆ ਪ੍ਰਣਾਲੀ ਸਕੂਲ ਬੱਚਿਆਂ ਨੂੰ ਬਗੈਰ ਕਿਸੇ ਸੁਆਲ ਦੇ ਨਾਜ਼ੀ ਸਿਧਾਂਤਾਂ ਪ੍ਰਤਿ ਢਾਲਣ ਲਈ ਤਿਆਰ ਕੀਤੇ ਗਏ ਸਨ। ਇਸੇ ਤਰ੍ਹਾਂ 1917 ਤੋਂ ਬਾਅਦ ਯੂ ਐੱਸ ਐੱਸ ਆਰ ਨੇ ਆਪਣੇ ਕਮਿਊਨਿਸਟ ਦੇ ਏਜੰਡੇ ਨੂੰ ਜਾਰੀ ਰੱਖਣ ਲਈ ਸਿੱਖਿਆ ਨੂੰ ਵਰਤਿਆ ਅਤੇ ਵਿਦਿਅਕ ਸੰਸਥਾਨ ਬਜਾਇ ਕਿ ਸਚਾਈ ਦੀ ਖੋਜ ਦੇ ਸਿਆਸੀ ਸਮਾਜੀਕਰਣ ਦੇ ਸਥਾਨ ਬਣ ਗਏ।

ਉਪਰੋਕਤ ਕਾਰਕ ਵਿਦਿਅਕ ਪ੍ਰਣਾਲੀ ਉੱਪਰ ਡੂੰਘਾ ਨਿਹਿਤ ਪ੍ਰਭਾਵ ਰੱਖਦੇ ਹਨ ਨਾਲ ਹੀ ਇਸ ਦੇ ਵਿਕਾਸ ਉੱਪਰ। ਇਨ੍ਹਾਂ ਤੋਂ ਇਲਾਵਾ ਤਿੰਨ ਕਾਰਕ : ਸਮਾਜ ਦੀ ਇਤਿਹਾਸਕਤਾ, ਭੂਗੋਲਿਕ ਸੰਦਰਭ


ਨੋਟ

ਅਤੇ ਹੋਰ ਜਟਿਲਤਾਵਾਂ ਅਸਿੱਧੇ ਤੌਰ 'ਤੇ ਵਿਦਿਅਕ ਪ੍ਰਕਿਰਿਆ ਅਤੇ ਸਮਾਜ ਦੇ ਸਮੁੱਚੇ ਵਿਕਾਸ ਨੂੰ ਪ੍ਰਭਾਵਤ ਕਰਦੇ ਹਨ। ਇਨ੍ਹਾਂ ਪ੍ਰਭਾਵਾਂ ਦੇ ਬਾਵਜੂਦ ਯੋਗਤਾ ਅਤੇ ਪਰਿਵਾਰਕ ਪਿਛੋਕੜ ਵਿੱਚ ਅੰਤਰ ਦੇ, ਬੱਚੇ ਬਰਾਬਰੀ ਨਾਲ ਸਨਮਾਨ ਦੇ ਹੱਕਦਾਰ ਹਨ, ਸਕੂਲੀ ਸਮਾਜ ਵਿੱਚ ਮੈਂਬਰੀ ਦਾ ਬਰਾਬਰ ਹੱਕ ਅਤੇ ਆਪਣੀ ਵਿਲੱਖਣ ਸਮਰੱਥਾ ਨੂੰ ਵਿਕਾਸਤ ਕਰਨ ਵਾਸਤੇ ਬਰਾਬਰ ਹੱਕਦਾਰ ਹਨ।

ਇਸ ਆਖਰੀ ਖੰਡ ਵਿੱਚ ਤੁਸੀਂ ਸਮਾਜ ਦੀ ਵਿਦਿਅਕ ਪ੍ਰਕਿਰਿਆ ਪ੍ਰਤਿ ਭੂਮਿਕਾ ਬਾਰੇ ਅਧਿਐਨ ਕੀਤਾ, ਖਾਸ ਕਰ ਤਿੰਨ ਕਾਰਕ : ਸਮਾਜਕ-ਸੱਭਿਆਚਾਰਕ, ਆਰਥਿਕ ਅਤੇ ਸਮਾਜ ਦੀਆਂ ਸਿਆਸੀ ਸਥਿਤੀਆਂ ਜਿਹੜੀਆਂ ਕਿ ਵਿਦਿਅਕ ਪ੍ਰਣਾਲੀ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਹੁਣ ਤੁਹਾਡੀ ਪ੍ਰਗਤੀ ਦੀ ਪਰਖ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ।

## ਤੁਹਾਡੀ ਪ੍ਰਗਤੀ ਦੀ ਪਰਖ – 4

ਨੋਟ : ੳ) ਆਪਣਾ ਉੱਤਰ ਲਗਭਗ 50 ਸ਼ਬਦਾਂ 'ਚ ਲਿਖੋ।

ਅ) ਇਕਾਈ ਦੇ ਅੰਤ ਵਿੱਚ ਦਿੱਤੇ ਸੰਭਵ ਉੱਤਰਾਂ ਨਾਲ ਆਪਣੇ ਉੱਤਰ ਦੀ ਪਰਖ ਕਰੋ।

1. ਉਹ ਸਮਾਜਕ-ਸੱਭਿਆਚਾਰਕ ਅੰਸ਼ ਕਿਹੜੇ ਹਨ ਜਿਹੜੇ ਵਿਦਿਅਕ ਪ੍ਰਣਾਲੀ ਨੂੰ ਪ੍ਰਭਾਵਤ ਕਰਦੇ ਹਨ

------------------------------------------------------------

------------------------------------------------------------

------------------------------------------------------------

-----------------------------------

2. ਸਮਾਜਵਾਦੀ ਸੂਬਾ ਵਿਦਿਅਕ ਪ੍ਰਣਾਲੀ ਨੂੰ ਕਿਵੇਂ ਪ੍ਰਭਾਵਤ ਕਰਦਾ ਹੈ।

------------------------------------------------------------

------------------------------------------------------------

------------------------------------------------------------

-----------------------------------

## 1.6 ਸਾਰਾਂਸ਼

ਇਸ ਇਕਾਈ ਵਿੱਚ ਤੁਸੀਂ ਸਮਾਜ ਦੇ ਸੰਕਲਪ, ਇਸ ਦੇ ਬੁਨਿਆਦੀ ਸੰਘਟਕ ਸੰਸਥਾਨਾਂ ਜਿਵੇਂ ਕਿ ਪਰਿਵਾਰ, ਸਿੱਖਿਆ, ਸ਼ਾਸ਼ਨ ਪ੍ਰਣਾਲੀ ਅਤੇ ਵਿਦਿਅਕ ਪ੍ਰਣਾਲੀ ਅਤੇ ਸਮਾਜ ਦੀ ਨਿਰੰਤਰਤਾ ਵੱਲ ਉਨ੍ਹਾਂ ਦੀ ਸਮੂਹਕ ਭੂਮਿਕਾ ਬਾਰੇ ਅਧਿਐਨ ਕੀਤਾ। ਅਸੀਂ ਭਾਰਤੀ ਸਮਾਜ ਬਾਰੇ ਅਤੇ ਇਹ ਕਿਵੇਂ ਡੂੰਘੇ ਮਜਬੂਤ ਇਤਿਹਾਸ ਵਿੱਚ ਉਗਮਣ ਹੋਇਆ, ਬਾਰੇ ਵੀ ਅਧਿਐਨ ਕੀਤਾ। ਇਤਿਹਾਸ ਨਾ ਸਿਰਫ ਪ੍ਰਮੁੱਖ ਘਟਨਾਵਾਂ ਨੂੰ ਹੀ ਚਿੰਨ੍ਹਤ ਕਰਦਾ ਹੈ, ਸਗੋਂ ਇਸ ਦੀ ਏਕਤਾ ਅਤੇ ਵਿਭਿੰਨਤਾ ਅਤੇ ਇੱਕ



ਨੋਟ

ਭਾਰਤੀ ਸੱਭਿਆਚਾਰ ਦੇ ਤੌਰ 'ਤੇ ਨਿਰੰਤਰਤਾ ਦੇ ਵਿੱਲਖਣ ਚਰਿੱਤਰ ਬਾਰੇ ਵੀ ਦੱਸਦਾ ਹੈ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਸੱਭਿਆਚਾਰ ਕਿਸੇ ਸਮਾਜ ਅਤੇ ਇਸ ਦੀ ਵਿਦਿਅਕ ਪ੍ਰਣਾਲੀ ਨੂੰ ਸਮਝਣ ਲਈ ਬੇਹਦ ਅਹਿਮ ਹੁੰਦਾ ਹੈ। ਸਵੈ ਸਮਾਜ ਦੇ ਮੁੱਢ ਤੋਂ ਸਿੱਖਿਆ ਅਤੇ ਸਮਾਜ ਦਾ ਨਿਕਟ ਮੇਲ ਹੁੰਦਾ ਹੈ। ਇੱਕ ਪਾਸੇ ਸਿੱਖਿਆ ਵਿਅਕਤੀ ਨੂੰ ਸਮਾਜ ਵਿੱਚ ਭਿੰਨ ਸਮਾਜਕ ਭੂਮਿਕਾਵਾਂ ਅਦਾ ਕਰਨ ਲਈ ਤਿਆਰ ਕਰਦੀ ਹੈ। ਜਦਕਿ ਦੂਜੇ ਪਾਸੇ ਸਮਾਜ ਅਤੇ ਸੱਭਿਆਚਾਰ ਸਮਾਜੀਕਰਣ ਦੀ ਪ੍ਰਣਾਲੀ ਅਤੇ ਸਿੱਖਿਆ ਦੀ ਪ੍ਰਕਿਰਤੀ, ਜਿਹੜੀ ਇਸਦੇ ਲੋਕਾਂ ਨੂੰ ਪ੍ਰਦਾਨ ਕੀਤੀ ਜਾਣੀ ਹੈ ਨੂੰ ਨਿਰਧਾਰਤ ਕਰਦਾ ਹੈ। ਹਰੇਕ ਸਮਾਜ, ਸਰਲ ਤੋਂ ਜਟਿਲ ਤੱਕ, ਦਾ ਆਪਣੀ ਨੌਜਵਾਨ ਪੀੜ੍ਹੀ ਨੂੰ ਸਿਖਿਅਤ ਕਰਨ ਲਈ ਆਪਣੀ ਪ੍ਰਣਾਲੀ ਹੁੰਦੀ ਹੈ ਅਤੇ ਉਸ ਮੁਤਾਬਕ ਸੰਸਥਾਨਾਂ ਦਾ ਵਿਕਾਸ ਕੀਤਾ ਜਾਂਦਾ ਹੈ। ਉਪਰੋਕਤ ਦੱਸੇ ਆਖਰੀ ਦੋ ਖੰਡ ਇਸੇ ਸਮਝ ਨੂੰ ਸਮਰਪਤ ਹਨ। ਪਹਿਲਾ ਸਿੱਖਿਆ ਸੱਭਿਆਚਾਰ ਅਤੇ ਗਿਆਨ ਦੇ ਸੰਚਾਰ ਲਈ ਸਮਾਜ ਵਿੱਚ ਕਈ ਸਮਾਜਕ ਕਿਰਿਆਵਾਂ ਕਰਦਾ ਹੈ। ਇਹ ਇੱਕਲਿਆਂ ਮਨੁੱਖਤਾ ਨੂੰ ਧਰਤੀ ਦੇ ਹੋਰਨਾਂ ਪਸ਼ੂਆਂ ਤੋਂ ਭਿੰਨ ਕਰਦਾ ਹੈ। ਦੂਜਾ ਸਮਾਜ ਸਿੱਖਿਆ ਦੀ ਪ੍ਰਕਿਰਿਆ ਵਿੱਚ ਹਾਨੀਕਾਰਕ ਭੂਮਿਕਾ ਨਿਭਾਈ ਹੈ।

## 1.7 ਤੁਹਾਡੀ ਪ੍ਰਗਤੀ ਦੀ ਪਰਖ ਲਈ ਉੱਤਰ

### ਤੁਹਾਡੀ ਪ੍ਰਗਤੀ ਦੀ ਪਰਖ – 1

I. ਸਮਾਜ ਰਿਸ਼ਤਿਆਂ ਦਾ ਇੱਕ ਨੈਟਵਰਕ ਹੈ ਜਿਸ ਨੂੰ ਭੂਮਿਕਾ ਅਤੇ ਰੁਤਬੇ ਨਾਲ ਵਰਨਣ ਕੀਤਾ ਗਿਆ ਹੈ। ਮੈਕਾਈਵਰ ਅਤੇ ਪੇਜ ਨੇ 'ਸਮਾਜ ਨੂੰ ਵਰਤੋਂ ਅਤੇ ਪ੍ਰਕਿਰਿਆ ਦੀ ਅਧਿਕਾਰਤਾ ਅਤੇ ਪਰਸਪਰ ਸਹਾਇਤਾ ਦੀ, ਕਈ ਸਮੂਹਾਂ ਅਤੇ ਵੰਡਾਂ ਦੀ, ਮਨੁੱਖ ਵਿਵਹਾਰ ਅਤੇ ਉਦਾਰਤਾਵਾਂ ਦੀ ਪ੍ਰਣਾਲੀ ਦੇ ਤੌਰ 'ਤੇ ਪਰਿਭਾਸ਼ਤ ਕੀਤਾ ਹੈ।'

II. ਪਰਿਵਾਰ ਹਰੇਕ ਸਮਾਜ ਵਿੱਚ ਵਿਦਮਾਨ ਬੇਹਦ ਬੁਨਿਆਦੀ ਇਕਾਈ ਹੈ। ਇਹ ਵਿਵਾਹਕ ਬੰਧਨਾਂ ਨੂੰ ਨਿਯੰਤ੍ਰਣ ਕਰਕੇ ਸਮਾਜ ਅਤੇ ਵਿਅਕਤੀ ਪ੍ਰਤਿ ਕਈ ਕਿਰਿਆਵਾਂ ਜਾਂ ਭੂਮਿਕਾ ਦਾ ਭੁਗਤਾਨ ਕਰਦਾ ਹੈ। ਨਾਲ ਹੀ ਇਹ ਉਚਿਤ ਪ੍ਰਤਿਰੂਪ, ਕਿਸ਼ੋਰਾਂ ਦੀ ਸੰਭਾਲ ਅਤੇ ਘੱਟੋ-ਘੱਟ ਖਪਤ ਲਈ ਇੱਕ ਆਰਥਿਕ ਇਕਾਈ ਦੇ ਤੌਰ 'ਤੇ ਮਨੁੱਖ ਵਿਵਹਾਰ ਨੂੰ ਨਿਯੰਤ੍ਰਤ ਕਰਦਾ ਹੈ। ਇਹ ਹੋਰਨਾਂ ਸੰਸਥਾਨਾਂ ਨਾਲ ਜੁੜੀਆਂ ਭੂਮਿਕਾਵਾਂ ਨੂੰ ਵੀ ਨਿਭਾਉਂਦਾ ਹੈ ਜਿਵੇਂ ਕਿ ਵਿਆਹ ਅਤੇ ਸਕੀਰੀ।

### ਤੁਹਾਡੀ ਪ੍ਰਗਤੀ ਦੀ ਪਰਖ–2

i) ਭਾਰਤੀ ਸਮਾਜ ਨੂੰ ਸਮਝਣ ਲਈ ਏਕਤਾ ਦੀਆਂ ਨਿਮਨ ਵਿਸ਼ੇਸ਼ਤਾਈਆਂ ਅਹਿਮ ਹਨ :

ੳ) ਭਾਰਤੀ ਉੱਪ ਮਹਾਦੀਪ ਦੀ ਖੇਤਰੀ ਅਖੰਡਤਾ (ਸਮੁੱਚਤਾ) :

ਅ) ਭਾਰਤੀ ਇਤਿਹਾਸ ਰਾਹੀਂ ਪ੍ਰਤੀਬਿੰਬਤ ਸਾਂਝੀਆਂ ਸੱਭਿਆਚਾਰਕ ਪਹਿਲ ਕਦਮੀਆਂ।

ੲ) ਸੰਪੂਰਣ ਭਾਰਤ ਨੂੰ ਘੇਰਦਾ ਇਕਹਿਰਾ ਵਰਣ ਨਮੂਨਾ ਅਤੇ ਵਰਣ ਆਸ਼ਰਮ।

ਨੋਟ

ਸ) ਭਾਰਤੀ ਉੱਪ ਮਹਾਦੀਪ ਦੀ ਲੰਮੇਰੀ ਸਾਂਝੀ ਇਤਿਹਾਸਕਤਾ ਇਸਦੀ ਵਿੱਲਖਣ ਸੱਭਿਆਚਾਰਕ ਪਰੰਪਰਾ ਨੂੰ ਬਣਾਉਂਦੀ ਹੈ। 5000 ਸਾਲ ਤੋਂ ਵੀ ਪੁਰਾਣਾ ਸਮਾਜ ਸੱਭਿਆਚਾਰਕ ਸਮਨਵੈ, ਆਤਮਸਾਤਕਰਣ ਦੇ ਸ਼ਬਦਾਂ ਵਿੱਚ ਦਰਸਾਉਂਦਾ ਹੈ।

ii) ਇਤਿਹਾਸਕ ਤੌਰ 'ਤੇ ਭਾਰਤ ਵਿਸ਼ਵ ਦੇ ਭਿੰਨ ਭਾਗਾਂ ਤੋਂ ਪਰਵਾਸੀਆਂ ਦੇ ਭਿੰਨ ਸਮੂਹਾਂ ਦਾ ਸਥਾਨ ਬਣ ਚੁੱਕਾ ਹੈ, ਖਾਸਕਰ ਯੂਰਪ ਅਤੇ ਏਸ਼ੀਆ ਤੋਂ, ਜਿਵੇਂ ਕਿ ਸਾਕਾ, ਪਾਰਥੀਅਨ, ਕੁਸ਼ਾਨ, ਮੰਗੋਲ, ਮੁਗਲ, ਪੁਰਤਗਾਲੀ, ਬਰਤਾਨਵੀ, ਫਰੈਂਚ, ਡੱਚ ਅਤੇ ਹੋਰ।

## ਤੁਹਾਡੀ ਪ੍ਰਗਤੀ ਦੀ ਪਰਖ – 3

i) ਸਿੱਖਿਆ ਨਾ-ਬਰਾਬਰੀ ਅਤੇ ਅੰਤਰ ਸਮੇਤ ਇਸਦੀਆਂ ਸਮੱਸਿਆਵਾਂ ਦੇ ਸਮਾਧਾਨ ਦੁਆਰਾ ਅਹਿਮ ਭੂਮਿਕਾ ਅਦਾ ਕਰਦੀ ਹੈ। ਸਿੱਖਿਆ ਰਾਹੀਂ ਵਿਅਕਤੀ ਗਿਆਨ ਹਾਸਲ ਕਰ ਸਕਦਾ ਹੈ ਅਤੇ ਆਪਣੀ ਆਰਥਿਕਤਾ ਅਤੇ ਸਮਾਜਕ ਰੁਤਬਾ ਬਦਲ ਸਕਦਾ ਹੈ। ਇਸ ਲਈ ਵਿਦਿਅਕ ਰੁਤਬੇ ਦਾ ਪਸਾਰ ਕਰਕੇ ਵਿਅਕਤੀ ਤਾਕਤ ਹਾਸਲ ਕਰ ਸਕਦਾ ਹੈ ਅਤੇ ਸਸ਼ਕਤੀਕਰਣ ਦੀ ਪ੍ਰਕਿਰਿਆ ਵਿੱਚ ਭਾਗ ਲੈ ਸਕਦਾ ਹੈ। ਇਹ ਮਹਿਲਾ ਅੱਖਰ-ਬੋਧ ਵਿੱਚ ਉਚਿਤ ਹੈ ਅਤੇ ਮਹਿਲਾ ਸਸ਼ਕਤੀਕਰਣ ਲਈ ਪਹਿਲ ਕਦਮੀ ਕੀਤੀ ਜਾ ਚੁੱਕੀ ਹੈ। ਇਸੇ ਤਰ੍ਹਾਂ ਖੇਤਰੀ ਵਿਕਾਸ ਕਿਸੇ ਵੀ ਖੇਤਰ ਦੀ ਸਿੱਖਿਆ, ਸਿਹਤ ਅਤੇ ਆਰਥਿਕ ਰੁਤਬੇ ਉੱਪਰ ਬਹੁਤ ਹੱਦ ਤੱਕ ਨਿਰਭਰ ਹੈ।

iii) ਸਿੱਖਿਆ ਨੂੰ ਆਮਤੌਰ 'ਤੇ ਸਮਾਜ ਦੀ ਬੁਨਿਆਦ ਦੇ ਤੌਰ 'ਤੇ ਵੇਖਿਆ ਜਾਂਦਾ ਹੈ, ਜਿਹੜੀ ਕਿ ਆਰਥਕ ਸਮਰਿੱਧੀ, ਸਮਾਜਕ ਖੁਸ਼ਹਾਲੀ ਅਤੇ ਸਿਆਸੀ ਸਥਿਰਤਾ ਲਿਆਉਂਦੀ ਹੈ। ਇਹ ਕਿਸੇ ਵੀ ਸਮਾਜ ਦੇ ਵਿਕਾਸ ਦਾ ਇੱਕ ਮੁੱਖ ਪਹਿਲੂ ਹੈ ਅਤੇ ਕਿਸੇ ਖਿੱਤੇ ਦੇ ਸੰਪੂਰਣ ਵਿਕਾਸ ਦਾ ਅਹਿਮ ਸੰਕੇਤਕ ਹੈ। ਸਿੱਖਿਆ ਸਾਨੂੰ ਗਿਆਨ ਪ੍ਰਦਾਨ ਕਰਦੀ ਹੈ ਅਤੇ ਗਿਆਨ ਸ਼ਕਤੀ ਹੈ। ਅੱਜਕਲ੍ਹ ਕਿਸੇ ਵਿਅਕਤੀ ਅਤੇ ਸਮਾਜ ਦੇ ਵਿਕਾਸ ਦੇ ਪੱਧਰ ਨੂੰ ਪਰਖਣ ਲਈ ਸਿੱਖਿਆ ਇੱਕ ਅਹਿਮ ਕਸਵੱਟੀ ਹੈ। ਦੁਨੀਆ ਭਰ ਵਿੱਚ ਇਹ ਤੱਥ ਸਵੀਕ੍ਰਿਤ ਹੈ ਅਤੇ ਵਿਸ਼ਵ ਵਿਕਾਸ ਰਿਪੋਰਟ (ਡਬਲੱਯੂ ਬੀ), ਮਨੁੱਖੀ ਵਿਕਾਸ ਰਿਪੋਰਟ (ਯੂਐਨ) ਅਤੇ ਸਮਾਜਕ ਵਿਕਾਸ ਰਿਪੋਰਟ (ਸੀ ਐੱਸ ਡੀ) ਵਿੱਚ ਵੇਖਿਆ ਜਾ ਸਕਦਾ ਹੈ।

## ਤੁਹਾਡੀ ਪ੍ਰਗਤੀ ਦੀ ਪਰਖ – 4

i) ਕਿਸੇ ਵੀ ਸਮਾਜ ਦੀ ਸਿੱਖਿਆ ਸਮਾਜਕ-ਸੱਭਿਆਚਾਰਕ ਕਾਰਕਾਂ ਨਾਲ ਸਿੱਧਿਆਂ ਹੀ ਸਹਿ-ਸੰਬੰਧਤ ਹੈ। ਸਿੱਖਿਆ ਦੀ ਪ੍ਰਕਿਰਿਆ ਇਸ ਦੇ ਸਮਾਜਕ ਬਣਤਰ, ਸਮਾਜਕ ਨੇਮਾਂ ਅਤੇ ਕਦਰਾਂ-ਕੀਮਤਾਂ ਪ੍ਰਣਾਲੀ ਵਿੱਚ ਉਗਮਣ ਹੁੰਦੀ ਹੈ। ਇੱਕ ਪੀੜ੍ਹੀ ਤੋਂ ਅਗਲੀ ਪੀੜ੍ਹੀ ਤੱਕ ਮੌਜੂਦਾ ਸੱਭਿਆਚਾਰਕ ਸਾਮੱਗਰੀ ਨੂੰ ਪਰਿਵਰਤ ਕਰਨ ਲਈ ਸਕੂਲ ਇੱਕ ਅਜਿਹੀ ਮਨੁੱਖੀ ਸਮਾਜ ਦੀ ਰਚਨਾ ਹੈ। ਇਸ ਤਰ੍ਹਾਂ ਸਕੂਲ ਸਮਾਜ ਦਾ ਇੱਕ ਹਿੱਸਾ ਹੈ, ਅਧਿਆਪਕ, ਸਿਖਾਂਦਰੂ ਅਤੇ ਮਾਪੇ ਇਸੇ ਅਸਮਾਨ ਅਤੇ ਸਮਾਜਕ ਦਰਜਾਬੰਦੀ ਤੋਂ ਹੀ ਹਨ। ਸਕੂਲਾਂ ਨੂੰ ਅਲਹਿਦਾ ਨਹੀਂ ਲਿਆ ਜਾ ਸਕਦਾ।



ਨੋਟ

ii) ਸੂਬੇ ਦੀ ਪ੍ਰਕਿਰਤੀ, ਸਿਆਸੀ ਪਾਰਟੀਆਂ, ਇਸ ਦੀ ਵਿਚਾਰਧਾਰਾ ਅਤੇ ਨੀਤੀਆਂ ਸਮਾਜ ਵਿੱਚ ਵਿਦਿਅਕ ਪ੍ਰਣਾਲੀ ਅਤੇ ਇਸਦੀਆਂ ਨੀਤੀਆਂ ਨੂੰ ਸੇਧ ਦਿੰਦੀ ਹੈ। ਸਮਾਜਵਾਦੀ ਸੂਬੇ ਸਾਂਝੀ ਸਿੱਖਿਆ ਪ੍ਰਣਾਲੀ ਦਾ ਦਾਅਵਾ ਕਰਦੇ ਹਨ, ਪ੍ਰੰਤੂ ਆਪਣੀ ਸਿਆਸੀ ਵਿਚਾਰਧਾਰਾ ਨੂੰ, ਬਜਾਇ ਧਰਮ ਨਿਰਪੱਖ ਸਿੱਖਿਆ ਦੇ, ਥੋਪ ਦਿੰਦੇ ਹਨ। 1933 ਵਿੱਚ ਨਾਜ਼ੀ ਜਰਮਨ ਸਿੱਖਿਆ ਪ੍ਰਣਾਲੀ ਸਕੂਲ ਬੱਚਿਆਂ ਨੂੰ ਬਗੈਰ ਸੁਆਲ ਪੁੱਛੇ ਨਾਜ਼ੀ ਸਿਧਾਂਤਾਂ ਨੂੰ ਸਵੀਕਾਰ ਕਰਨ ਦੇ ਮਕਸਦ ਨਾਲ ਤਿਆਰ ਕੀਤੇ ਗਏ ਸਨ। ਇਸੇ ਤਰ੍ਹਾਂ 1917 ਵਿੱਚ ਯੂ ਐਸ ਐਸ ਆਰ ਨੇ ਆਪਣੇ ਕਮਿਊਨਿਸਟ ਏਜੰਡੇ ਨੂੰ ਜਾਰੀ ਰੱਖਣ ਲਈ ਸਿੱਖਿਆ ਦੀ ਵਰਤੋਂ ਕੀਤੀ ਅਤੇ ਵਿਦਿਅਕ ਸੰਸਥਾਨ 'ਸਚਾਈ ਦੀ ਖੋਜ' ਦੀ ਬਜਾਇ ਸਿਆਸੀ ਸਮਾਜੀ ਕਰਣ ਦਾ ਸਥਾਨ ਬਣ ਗਏ।

## 1.8 ਸੁਝਾਏ ਅਧਿਐਨ ਅਤੇ ਸੰਦਰਭ

Dube. S.C. (1996) Indian Society, National Book Trust, New Delhi.

MacIver,R.M. and Page C.H. (1996) Society : An Introductory Analysis, Macmillan India, Madras.

Apple, Michael (2004) Ideology and Curriculum, Rutledge, New York.

Kumar, Krishna (1992) What is Worth Teaching? Orient Longman, New Delhi.

Antonio Gramsci, David Forgacs. Eric J. Hobsbawm (2000) the Antonio Gramsci Reader : Selected writing, 1916-1935, New York Univeristy Press Paul Friere (1970) Pedagogy of the Oppressed (translated in 1982) Seabury Press, New York

K.S. Singh (1991) The People of India, Anthropological Survey of India, Government of India, New Delhi.

## 1.9 ਸ਼ਬਦ ਸੰਗ੍ਰਹਿ/ਸੰਖੇਪ ਸ਼ਬਦ

1. **ਸਮੁਦਾਇ :** ਲੋਕਾਂ ਦਾ ਇੱਕ ਸਮੂਹ ਇੱਕ ਨਿਸ਼ਚਤ ਖੇਤਰ ਵਿੱਚ ਇਕੱਠਿਆਂ ਰਹਿੰਦਾ ਹੈ, ਜਿਨ੍ਹਾਂ ਦਾ ਇੱਕ ਸਾਂਝਾ, ਸੱਭਿਆਚਾਰ ਹੁੰਦਾ ਹੈ ਅਤੇ ਉਨ੍ਹਾਂ ਵਿਚਾਲੇ ਅਸੀਂ ਮਹਿਸੂਸ ਕਰਦੇ ਹਾਂ ਕੀ ਇੱਕ ਸੂਝ ਵਿਦਮਾਨ ਹੁੰਦੀ ਹੈ, ਇਸ ਨੂੰ ਸਮੁਦਾਇ ਕਿਹਾ ਜਾਂਦਾ ਹੈ। ਇਹ ਇੱਕ ਸਥਾਪਨਾ, ਪਿੰਡ, ਸ਼ਹਿਰ, ਕਬੀਲਾ ਜਾਂ ਰਾਸ਼ਟਰ ਦਾ ਨਾਅ ਹੈ।

2. **ਸਮਾਜੀਕਰਣ :** ਇਹ ਇੱਕ ਪ੍ਰਕਿਰਿਆ ਹੈ ਜਿਸ ਰਾਹੀਂ ਸਮੁਦਾਇ ਅਤੇ ਪਰਿਵਾਰ ਆਪਣੇ ਮੈਂਬਰਾਂ ਨੂੰ, ਖਾਸਕਰ ਨੌਜਵਾਨਾਂ ਨੂੰ ਸਿਖਿਅਤ ਜਾਂ ਕਾਰ-ਵਿਹਾਰ ਕਰਦਾ ਹੈ। ਜਿੱਥੇ ਸਮਾਜ ਦੇ ਮੈਂਬਰਾਂ 'ਚ ਸਮਾਜਕ ਨੇਮਾਂ, ਕਦਰਾਂ-ਕੀਮਤਾਂ ਨੂੰ ਬਿਠਾਇਆ ਜਾਂਦਾ ਹੈ। ਸਮਾਜਕ ਨੇਮ ਅਤੇ ਕਦਰਾਂ-ਕੀਮਤਾਂ

ਕਈ ਵਾਰ ਤਰਕਪੂਰਣ-ਉਚਿਤ ਨਿਯਮਾਂ ਅਤੇ ਨੀਤੀਆਂ ਪ੍ਰਤਿ ਪ੍ਰਤਿਕੂਲ ਹੁੰਦਾ ਹੈ। ਹਾਲਾਂਕਿ ਸਮਾਜ ਬਦਲਦੇ ਸਮੇਂ ਨਾਲ ਬਦਲ ਜਾਂਦਾ ਹੈ।

**3. ਰਸਮੀ ਸਿੱਖਿਆ :** ਰਸਮੀ ਸਿੱਖਿਆ ਇੱਕ ਵਿਧੀਗਤ, ਵਿਵਸਥਿਤ ਸਿੱਖਿਆ ਮਾਡਲ ਦੇ ਅਨੁਕੂਲ ਹੁੰਦਾ ਹੈ, ਜਿਹੜਾ ਕਿ ਮਿੱਥੇ ਨਿਯਮਾਂ ਅਤੇ ਨੇਮਾਂ ਮੁਤਾਬਕ ਨਿਰਮਤ ਅਤੇ ਪ੍ਰਬੰਧਤ ਹੁੰਦਾ ਹੈ ਅਤੇ ਉਦੇਸ਼ਾਂ ਦੇ ਸੰਬੰਧ 'ਚ ਇੱਕ ਕਠੋਰ ਪਾਠਕ੍ਰਮ ਪੇਸ਼ ਕਰਦਾ ਹੈ। ਜਿਸ ਦਾ ਵਿਸ਼ਾ ਅਤੇ ਵਿਧੀ ਵੀ ਕਠੋਰ ਹੁੰਦੀ ਹੈ। ਇਹ ਇੱਕ ਅਜਿਹੀ ਵਿਦਿਅਕ ਪ੍ਰਕਿਰਿਆ ਦੇ ਅਨੁਕੂਲ ਹੁੰਦਾ ਹੈ ਜਿਹੜੀ ਕਿ ਆਮਤੌਰ 'ਤੇ ਸਾਡੇ ਸਕੂਲਾਂ ਅਤੇ ਯੂਨੀਵਰਸਿਟੀਆਂ ਵੱਲੋਂ ਅਪਨਾਈ ਜਾਂਦੀ ਹੈ।

**4. ਗੈਰ-ਰਸਮੀ ਸਿੱਖਿਆ :** ਰਸਮੀ ਸਿੱਖਿਆ ਦੇ ਵਿਪਰੀਤ, ਗੈਰ ਰਸਮੀ ਸਿੱਖਿਆ ਇੱਕ ਬਿਹਤਰ ਢੰਗ ਨਾਲ ਪਰਿਭਾਸ਼ਤ ਵਿਸ਼ੇਸ਼ਤਾਈਆਂ ਦਾ ਸੈਟ ਨਹੀਂ ਹੁੰਦਾ। ਇਹ ਰਣਨੀਤੀ ਵਿਦਿਆਰਥੀਆਂ ਦੀ ਹਾਜ਼ਰੀ, ਅਧਿਆਪਕ ਅਤੇ ਵਿਦਿਆਰਥੀ ਦਰਮਿਆਨ ਘੱਟ ਰਹੇ ਸੰਪਰਕਾਂ ਨੂੰ ਨਹੀਂ ਲੋੜਦੀ ਅਤੇ ਬਹੁਤੀਆਂ ਗਤੀਵਿਧੀਆਂ ਸੰਸਥਾਨਾਂ ਦੇ ਬਾਹਰ ਵਾਪਰਦੀਆਂ ਹਨ, ਜਿਵੇਂ ਕਿ ਘਰ ਆਧਾਰਤ ਅਧਿਐਨ ਅਤੇ ਹੋਰ ਜ਼ਿੰਮੇਵਾਰੀਆਂ। ਇਹ ਲਚਕਦਾਰ ਪਾਠਕ੍ਰਮ ਅਤੇ ਵਿਧੀ ਨਾਲ ਭਰਿਆ ਹੁੰਦਾ ਹੈ, ਵਿਦਿਆਰਥੀਆਂ ਦੀ ਰੁਚੀ ਅਤੇ ਲੋੜ ਨੂੰ ਅਪਨਾਉਣ ਦੇ ਯੋਗ ਹੁੰਦੀ ਹੈ। ਜਿਵੇਂ ਕਿ ਖੁੱਲ੍ਹਾ ਅਤੇ ਦੂਰਤਮ ਸਿੱਖਿਆ ਪ੍ਰਣਾਲੀ, ਕਿਉਂਕਿ ਇਸ ਦੀਆਂ ਵਿਸ਼ੇਸ਼ਤਾਈਆਂ ਗੈਰ-ਰਸਮੀ ਸਿੱਖਿਆ ਦੇ ਮੰਤਵ ਅਧੀਨ ਹੀ ਆਉਂਦੀਆਂ ਹਨ।

## 1.10 ਇਕਾਈ ਅੰਤ ਅਭਿਆਸ

I. ਸਮਾਜ ਦੇ ਭਿੰਨ ਸੰਸਥਾਨਾਂ ਦੀਆਂ ਭੂਮਿਕਾਵਾਂ ਦਾ ਵਰਨਣ ਕਰੋ।

II. ਭਾਰਤੀ ਸਮਾਜ ਵਿੱਚ ਵਿਭਿੰਨਤਾ ਦੀਆਂ ਵਿਸ਼ੇਸ਼ਤਾਈਆਂ ਦਾ ਵਰਨਣ ਕਰੋ।

III. ਸਮਾਜ ਦੇ ਵਿਕਾਸ ਵੱਲ ਸਿੱਖਿਆ ਦੀਆਂ ਮੁੱਖ ਭੂਮਿਕਾਵਾਂ ਦੀ ਚਰਚਾ ਕਰੋ।

IV. ਰਸਮੀ ਅਤੇ ਗੈਰ-ਰਸਮੀ ਸਿੱਖਿਆ ਵਿਚਾਲੇ ਅੰਤਰ ਦੱਸੋ।

V. ਸਮਾਜੀਕਰਣ ਅਤੇ ਸਿੱਖਿਆ ਕਿਵੇਂ ਸਹਿ-ਸੰਬੰਧਤ ਹਨ।

ਨੋਟ

# ਇਕਾਈ 2 ਸਮੁਦਾਇ ਅਤੇ ਸਕੂਲ

## ਸੰਰਚਨਾ

2.0 ਜਾਣ-ਪਛਾਣ

2.1 ਸਿੱਖਣ ਦੇ ਉਦੇਸ਼

2.2 ਸਮੁਦਾਇ ਨੂੰ ਸਮਝਣਾ (ਸਮਾਜ ਬਨਾਮ ਸਮੁਦਾਇ)

2.3 ਬੁਨਿਆਦੀ ਸਿੱਖਿਆ ਦੇ ਸੰਦਰਭ ਵਿੱਚ ਸਮੁਦਾਇ

2.4 ਸਮੁਦਾਇ ਅਤੇ ਸਕੂਲ ਅੰਤਰਸਤਹਿ

2.4.1 ਸਿਖਾਂਦਰੂਆਂ ਦੇ ਭਾਸ਼ਾ ਵਿਕਾਸ ਉੱਪਰ ਸਮੁਦਾਇ ਦਾ ਪ੍ਰਭਾਵ

2.4.2 ਸਿਖਾਂਦਰੂਆਂ ਦੇ ਸੱਭਿਆਚਾਰਕ ਵਿਕਾਸ ਉੱਪਰ ਸਮੁਦਾਇ ਦਾ ਪ੍ਰਭਾਵ

2.4.3 ਸਿਖਾਂਦਰੂਆਂ ਦੇ ਜੀਵਨ ਹੁਨਰ ਵਿਕਾਸ ਉੱਪਰ ਸਮੁਦਾਇ ਦਾ ਪ੍ਰਭਾਵ

2.5 ਸਾਰਾਂਸ਼

2.6 ਤੁਹਾਡੀ ਪ੍ਰਗਤੀ ਦੀ ਪਰਖ ਲਈ ਉੱਤਰ

2.7 ਸੁਝਾਏ ਅਧਿਐਨ ਅਤੇ ਸੰਦਰਭ

2.8 ਇਕਾਈ ਅੰਤ ਅਭਿਆਸ

## 2.0 ਜਾਣ-ਪਛਾਣ

ਇਸ ਤੋਂ ਪਹਿਲੀ ਇਕਾਈ ਵਿੱਚ ਤੁਸੀਂ ਸਮਾਜ ਅਤੇ ਭਾਰਤੀ ਸਮਾਜ 'ਚ ਵਿਦਮਾਨ ਇਸਦੀਆਂ ਵਿਭਿੰਨਤਾਵਾਂ ਬਾਰੇ ਸਿੱਖਿਆ। ਇਸ ਇਕਾਈ ਵਿੱਚ ਤੁਸੀਂ ਸਮੁਦਾਇ ਦੇ ਅਰਥ ਅਤੇ ਵਿਸ਼ਾਲ ਸਮਾਜ ਦਾ ਇੱਕ ਭਾਗ ਹੋਣ ਨਾਤੇ ਸਮੁਦਾਇ ਕਿਵੇਂ ਸਾਂਝਾ ਸੱਭਿਆਚਾਰ (ਜ਼ਿੰਦਗੀ ਦਾ ਇੱਕ ਰਾਹ), ਰਸਮੋਂ-ਰਿਵਾਜ਼/ਪਰੰਪਰਾਵਾਂ/ਲੋਕਧਾਰਾ/ਸੰਚਾਰ ਦੇ ਮਾਧਿਅਮ (ਭਾਸ਼ਾ) ਅਤੇ ਭਿੰਨ ਜੀਵਨ ਹੁਨਰਾਂ ਦਾ ਵਜੂਦ ਸਕੂਲ ਵਿੱਚ ਬੱਚੇ ਦੀ ਸਿੱਖਿਆ ਨੂੰ ਕਿਵੇਂ ਪ੍ਰਭਾਵਤ ਕਰਦੇ ਹਨ, ਬਾਰੇ ਪੜ੍ਹੋਗੇ।

ਸਮੁਦਾਇ ਨਾਲ ਸਕੂਲ ਦਾ ਸੰਪਰਕ ਸਕੂਲ ਵਿੱਚ ਦਿੱਤੀ ਸਿੱਖਿਆ ਨੂੰ ਪ੍ਰਭਾਵਤ ਕਰਦਾ ਹੈ। ਸਕੂਲ ਲੋੜਾਂ, ਰੁਚੀਆਂ ਅਤੇ ਉਸ ਸਮਾਜ ਵਿੱਚ ਰਹਿ ਰਹੇ ਲੋਕਾਂ ਦੀਆਂ ਅਭਿਲਾਸ਼ਾਵਾਂ ਦੇ ਸ਼ਬਦਾਂ ਵਿੱਚ ਉਮੀਦਾਂ ਨੂੰ ਪੂਰਾ ਕਰਦਾ ਹੈ।

## 2.1 ਸਿੱਖਣ ਦੇ ਉਦੇਸ਼



ਨੋਟ

ਇਸ ਇਕਾਈ ਨੂੰ ਪੜ੍ਹਨ ਮਗਰੋਂ ਤੁਸੀਂ ਯੋਗ ਹੋਵੋਗੇ:

- ਇੱਕ ਲਘੂ ਰੂਪ ਸਮਾਜ ਦੇ ਤੌਰ ’ਤੇ ਸਮੁਦਾਇ ਦਾ ਸੰਕਲਪ ਵਰਨਣ ਕਰਨ ਦੇ
- ਬੁਨਿਆਦੀ ਸਿੱਖਿਆ ਦੇ ਸੰਦਰਭ ਵਿੱਚ ਸਮੁਦਾਇ ਦੀ ਭੂਮਿਕਾ ਦਾ ਮੁਲਾਂਕਣ ਕਰਨ ਦੇ
- ਸਮੁਦਾਇ ਅਤੇ ਸਕੂਲ ਵਿਚਾਲੇ ਸੰਪਰਕਾਂ ਦੀ ਵਿਆਖਿਆ ਕਰਨ ਦੇ
- ਸਿਖਾਂਦਰੂ ਦੇ ਭਾਸ਼ਾ ਵਿਕਾਸ ’ਤੇ ਸਮੁਦਾਇ ਦਾ ਪ੍ਰਭਾਵ ਵਰਨਣ ਕਰਨ ਦੇ
- ਸਿਖਾਂਦਰੂ ਦੇ ਸੱਭਿਆਚਾਰਕ ਵਿਕਾਸ ਉੱਪਰ ਸਮੁਦਾਇ ਦਾ ਪ੍ਰਭਾਵ ਦੱਸਣ ਦੇ
- ਸਿਖਾਂਦਰੂ ਦੇ ਹੁਨਰ ਵਿਕਾਸ ਉੱਪਰ ਸਮੁਦਾਇ ਦਾ ਪ੍ਰਭਾਵ ਸੰਬੰਧਤ ਕਰਨ ਦੇ

## 2.2 ਸਮੁਦਾਇ ਨੂੰ ਸਮਝਣਾ (ਸਮਾਜ ਬਨਾਮ ਸਮੁਦਾਇ)



(ਸਾਰਿਆਂ ਲਈ ਸਿੱਖਿਆ : ਭਾਰਤੀ ਦ੍ਰਿਸ਼(ਐਸ ਐਚ ਆਰ ਡੀ 1993))

ਸਮੁਦਾਇ ਨੂੰ ਸਮਝਣ ਤੋਂ ਪਹਿਲਾਂ ਤੁਹਾਨੂੰ ਸਮੁਦਾਇ ਦਾ ਭਾਵ ਪਤਾ ਹੋਣਾ ਜ਼ਰੂਰੀ ਹੈ। ਸਾਧਾਰਣ ਭਾਸ਼ਾ ਵਿੱਚ ਸਮੁਦਾਇ ਲੋਕਾਂ ਦੀ ਇੱਕ ਅੰਤਰ ਨਿਰਭਰ ਇਕਾਈ ਹੈ ਜਿਨ੍ਹਾਂ ਦੀਆਂ ਇੱਕ ਸਮਾਨ ਰੁਚੀਆਂ ਹੁੰਦੀਆਂ ਹਨ, ਸਾਂਝੀਆਂ ਪਰੰਪਰਾਵਾਂ, ਆਪਣੇ ਨੇਮਾਂ ਅਨੁਸਾਰ ਰਹਿਣਾ ਜਿਹੜਾ ਕਿ ਇੱਕ ਵਿਸ਼ੇਸ਼ ਸਮੁਦਾਇ ਵਿੱਚ ਰਹਿੰਦੇ ਲੋਕਾਂ ਦੀ ਪ੍ਰਗਤੀ ਅਤੇ ਭਲਾਈ ਲਈ ਜ਼ਰੂਰੀ ਹੁੰਦਾ ਹੈ। ਇਹ ਅਰਸਤੂ ਹੀ ਸੀ ਜਿਸ ਨੇ ਪਹਿਲੀ ਵਾਰ ਸ਼ਬਦ ‘ਸਮੁਦਾਇ’ ਦੀ ਪਰਿਭਾਸ਼ਾ ਇੱਕ ਸਮੂਹ ਦੇ ਤੌਰ ’ਤੇ ਕੀਤੀ ਜਿਸ ਨੂੰ ਕਿ ਇੱਕ ਸਮਾਨ ਕਦਰਾਂ-ਕੀਮਤਾਂ ਵਾਲੇ ਲੋਕਾਂ ਨੇ ਸਥਾਪਤ ਕੀਤਾ। ਭਿੰਨ-ਭਿੰਨ ਕਿਸਮ ਦੇ ਸਮੁਦਾਇ ਹਨ। ਪਹਿਲਾ ਭੂਗੋਲਿਕ ਸਮੁਦਾਇ ਹੈ, ਜਿਸ ਨੂੰ ਕਿ ਇਸ ਦੇ ਲੋਕਾਂ ਦੀ ਰਿਹਾਇਸ਼ ਦੇ ਸਥਾਨ ਮੁਤਾਬਕ ਪਰਿਭਾਸ਼ਤ ਕੀਤਾ ਗਿਆ ਹੈ। ਜਿਵੇਂ ਕਿ ਇੱਕ ਪਿੰਡ ਜਾਂ ਜ਼ਿਲ੍ਹਾ। ਦੂਜੀ ਕਿਸਮ ਨਾਸਤਿਕ, ਨਸਲੀ ਅਤੇ ਧਾਰਮਿਕ ਪਛਾਣ ਉੱਪਰ ਆਧਾਰਤ ਹੁੰਦੀ ਹੈ ਅਤੇ ਆਮਤੌਰ ’ਤੇ ਭੂਗੋਲਿਕ ਮੁਕਾਮ ਉੱਪਰ ਆਧਾਰਤ ਮੈਂਬਰੀ ਦੇ ਆਰਪਾਰ ਹੁੰਦੀ ਹੈ। ਤੀਜੀ ਕਿਸਮ ਵੰਡੇ ਹੋਏ ਪਰਿਵਾਰਕ ਜਾਂ ਵਿਦਿਅਕ ਸੰਬੰਧਾਂ

ਉੱਪਰ ਆਧਾਰਤ ਸਮੁਦਾਇ। ਜਿਸ ਵਿੱਚ ਮਾਪੇ ਐਸੋਸਿਏਸ਼ਨਾਂ ਅਤੇ ਅਜਿਹੀਆਂ ਹੋਰ ਇਕਾਈਆਂ ਸ਼ਾਮਲ ਹੁੰਦੀਆਂ ਹਨ ਜਿਹੜੀਆਂ ਕਿ ਪਰਿਵਾਰ ਉੱਪਰ ਆਧਾਰਤ ਹੁੰਦੀਆਂ ਹਨ ਅਤੇ ਵਿਦਿਆਰਥੀਆਂ ਦੀ ਭਲਾਈ ਲਈ ਚਿੰਤਾਤੁਰ ਹੁੰਦੀਆਂ ਹਨ [ਬਾਰੇ 1996]।



ਨੋਟ

ਜੀਵ-ਵਿਗਿਆਨ ਵਿੱਚ ਇੱਕ ਸਮੁਦਾਇ ਪਰਸਪਰ ਕਿਰਿਆ ਵਾਲੀਆਂ ਸਜੀਵ ਇਕਾਈਆਂ ਦਾ ਇੱਕ ਸਮੂਹ ਹੁੰਦਾ ਹੈ ਜਿਹੜਾ ਕਿ ਵਸੋਂਯੁਕਤ ਵਾਤਾਵਰਣ ਨੂੰ ਵੰਡਦਾ ਹੈ।

ਇੰਟਰਨੈਟ ਦੀ ਖੋਜ ਤੋਂ ਬਾਅਦ ਸੁਮਦਾਇ ਦੇ ਸੰਕਲਪ ਦੀਆਂ ਹੁਣ ਹੋਰ ਭੂਗੋਲਿਕ ਸੀਮਾਵਾਂ ਨਹੀਂ ਹਨ, ਕਿਉਂਕਿ ਲੋਕ ਹੁਣ ਅਸਲੀ ਤੌਰ 'ਤੇ ਆਨਲਾਈਨ ਸਮੁਦਾਇ ਵਿੱਚ ਇਕੱਤਰ ਹੋ ਸਕਦੇ ਹਨ, ਭੌਤਿਕ ਮੁਕਾਮ ਦੇ ਨਾ ਹੋਣ ਦੇ ਬਾਵਜੂਦ ਸਾਂਝੇ ਹਿੱਤ ਵੰਡਦੇ ਹਨ। ਸਭ ਤੋਂ ਵੱਧ ਕੇ ਇੱਕ ਸਮੁਦਾਇ ਗਿਆਨ ਨੂੰ ਵੰਡਣ ਅਤੇ ਸੰਚਾਰ ਕਰਨ ਬਾਰੇ ਹੋ, ਤਾਂ ਜੋ ਹਰ ਕੋਈ ਵਧੇ ਫੁੱਲੇ।

*ਕਿਉਂਕਿ ਪਰਿਵਾਰ ਦੀ ਤੁਲਨਾ ਵਿੱਚ ਇੱਕ ਸਮੁਦਾਇ ਸਾਪੇਖ ਰੂਪ ਵਿੱਚ ਇੱਕ ਵਿਸ਼ਾਲ ਸਮਾਜਕ ਇਕਾਈ ਹੈ, ਸਮੁਦਾਇ ਦੀਆਂ ਕਿਰਿਆਵਾਂ ਪਰਿਵਾਰ ਦੀਆਂ ਕਿਰਿਆਵਾਂ ਦੀ ਨਿਰੰਤਰਤਾ ਅਤੇ ਵਾਧਾ ਹੈ। ਭਾਵੇਂ ਕਿ ਇਸ ਤੋਂ ਇਲਾਵਾ ਸਮੁਦਾਇ ਬੱਚੇ ਦੀ ਰਸਮੀ ਸਿੱਖਿਆ ਲਈ ਵਿਵਸਥਾ ਵੀ ਕਰਦਾ ਹੈ। ਜਿਵੇਂ ਕਿ ਘਰ, ਇਹ ਇੱਕ ਸਮਾਜਕ ਸੰਸਥਾਨ ਹੈ ਜਿਹੜਾ ਕਿ ਇੱਕ ਵਧੇਰੇ ਕਿਰਿਆਤਮਕ ਅਤੇ ਪ੍ਰਣਾਲੀਬੱਧ ਢੰਗ ਨਾਲ ਕਿਰਿਆਵਾਂ ਨੂੰ ਸਾਕਾਰਣ ਦੇ ਨਜ਼ਰੀਏ ਨਾਲ ਵਿਦਿਅਕ ਸੰਸਥਾਨਾਂ ਦੀ ਸਥਾਪਨਾ ਦੀ ਜ਼ਿੰਮੇਵਾਰੀ ਲੈਂਦਾ ਹੈ। ਸਪਸ਼ਟ ਤੌਰ 'ਤੇ ਇਹ ਹੋਰ ਵਧੇਰੇ ਸਾਧਾਰਣੀਕ੍ਰਿਤ ਢੰਗ ਨਾਲ ਕਿਰਿਆ ਕਰਦਾ ਹੈ, ਮੁਕਾਬਲਤਨ ਪਰਿਵਾਰ ਦੇ ਅਤੇ ਮੁਕਾਬਲਤਨ ਸਮਾਜ ਦੇ ਘੱਟ ਸਾਧਾਰਣੀਕ੍ਰਿਤ।*

## ਕੀ ਤੁਸੀਂ ਸਥਾਨਕ ਸਮੁਦਾਇਆਂ ਵਿੱਚ ਵਿਭਿੰਨਤਾ ਪਾਉਂਦੇ ਹੋ? ਕਿਉਂ?

ਸਥਾਨਕ ਸਮੁਦਾਇਆਂ ਵਿੱਚ ਵਿਵਿਧਤਾ ਨਿਮਨ ਕਾਰਕਾਂ ਕਾਰਣ ਹੋ ਸਕਦੀ ਹੈ i) ਆਬਾਦੀ (ਭਾਵ : ਪਿੰਡ ਦਾ ਸਮੁਦਾਇ, ਕਸਬੇ ਦਾ ਸਮੁਦਾਇ ਜਾਂ ਇੱਕ ਸ਼ਹਿਰ ਦਾ ਸਮੁਦਾਇ), ii) ਭਾਸ਼ਾ, iii) ਧਰਮ, iv) ਸਮਾਜਕ ਸੰਯੋਜਨ, v) ਆਬਾਦੀ ਅਤੇ ਜ਼ਿੰਦਗੀ ਦੇ ਸੱਭਿਆਚਾਰਕ ਢੰਗ ਦੀਆਂ ਸੰਪੂਰਣ ਆਰਥਕ ਸਥਿਤੀਆਂ। ਭਾਰਤ ਵਿੱਚ ਪਿੰਡ ਦੇ ਸਮੁਦਾਇਆਂ ਨੂੰ ਜਾਤੀ, ਧਰਮ ਸਿਧਾਂਤ ਅਤੇ ਧਰਮ ਦੇ ਆਧਾਰ 'ਤੇ ਪ੍ਰਮੁੱਖ ਤੌਰ 'ਤੇ ਵੰਡਿਆ ਹੁੰਦਾ ਹੈ। ਪ੍ਰੰਤੂ ਸ਼ਹਿਰਾਂ ਵਿੱਚ ਸਮਾਜਕ ਵੰਡ ਵਿਅਕਤੀਆਂ ਦੇ ਸਮਾਜਕ ਆਰਥਕ ਰੁਤਬੇ ਦੇ ਆਧਾਰ 'ਤੇ ਕੀਤੀ ਜਾਂਦੀ ਹੈ ਜਿਹੜਾ ਕਿ ਸਮੁਦਾਇ ਬਣਾਉਂਦੈ। ਉੱਚ ਸਮਾਜਕ-ਆਰਥਿਕ ਰੁਤਬੇ/ਸ਼੍ਰੇਣੀ ਨਾਲ ਸੰਬੰਧਤ ਲੋਕ ਬਹੁਤਾ ਕਰਕੇ ਵਿਦਿਅਕ ਤੌਰ 'ਤੇ ਵਧੇਰੇ ਸਚੇਤ ਹੁੰਦੇ ਹਨ ਅਤੇ ਆਪਣੇ ਲਈ ਬਿਹਤਰ ਅਤੇ ਚੰਗੀਆਂ ਵਿਦਿਅਕ ਸੰਸਥਾਵਾਂ ਹੁੰਦੀਆਂ ਹਨ। ਆਰਥਕ ਤੌਰ 'ਤੇ ਇੱਕ ਬਿਹਤਰ ਸਥਿਤੀ ਵਿੱਚ ਹੋਣ ਕਾਰਣ ਉਹ ਆਪਣੀਆਂ ਸੰਸਥਾਵਾਂ ਵਿੱਚ ਬਿਹਤਰ ਵਿਦਿਅਕ ਸਹੂਲਤਾਂ ਉਪਲੱਬਧ ਕਰ ਸਕਦੇ ਹਨ। ਦੂਜੇ ਪਾਸੇ ਪੇਂਡੂ ਅਤੇ ਕਬਾਇਲੀ ਸਮੁਦਾਇ ਅਤੇ ਸ਼ਹਿਰਾਂ ਵਿਚਲੀਆਂ ਬਸਤੀਆਂ ਦੇ ਬਸ਼ਿੰਦੇ ਆਰਥਿਕ ਤੌਰ 'ਤੇ ਕਮਜ਼ੋਰ ਹੋਣ ਕਾਰਣ ਆਪਣੀਆਂ ਲੋੜਾਂ ਨੂੰ ਢੁਕਵੀਆਂ ਵਿਦਿਅਕ ਸੰਸਥਾਵਾਂ ਸਥਾਪਤ ਨਹੀਂ ਕਰ ਸਕਦੇ।

ਨੋਟ

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਸਮੁਦਾਇ ਦੇ ਲੋਕਾਂ ਵਿਚਕਾਰ ਨਿਰੰਤਰ ਪਰਸਪਰ ਕਿਰਿਆ ਹੁੰਦੀ ਹੈ। ਕਿਉਂਕਿ ਉਹ ਇੱਕ ਦੂਜੇ ਨਾਲ ਸੰਚਾਰ ਕਰਦੇ ਹਨ ਅਤੇ ਸਾਂਝੇ ਸਮਾਜਕ ਅਤੇ ਹੋਰਨਾਂ ਮੁੱਦਿਆਂ ਉੱਪਰ ਚਰਚਾ ਕਰਦੇ ਹਨ। ਸਮੁਦਾਇ ਦਾ ਖੁੱਲ੍ਹਾ ਜੀਵਨ ਇਸਦੇ ਲੋਕਾਂ ਦਰਮਿਆਨ ਮੁਕਤ ਅਤੇ ਖੁੱਲੀ ਪਰਸਪਰ ਕਿਰਿਆ ਉੱਪਰ ਨਿਰਭਰ ਕਰਦਾ ਹੈ ਅਤੇ ਇਸਦੇ ਵਿਪਰੀਤ। ਸਮੁਦਾਇ ਨੂੰ ਕਿਵੇਂ ਸਮਝਣਾ ਹੈ :

- ਸਮੁਦਾਇ ਦੇ ਲੋਕਾਂ ਨਾਲ ਜੁੜਕੇ ਉਨ੍ਹਾਂ ਨੂੰ ਜਾਣਨਾ, ਤੁਹਾਨੂੰ ਲੋਕਾਂ ਦੇ ਸੱਭਿਆਚਾਰ ਨੂੰ ਜਾਣਨ ਅਤੇ ਲੋਕ ਆਪਸ ਵਿੱਚ ਕਿਵੇਂ ਪਰਸਪਰ ਕਿਰਿਆ ਕਰਦੇ ਹਨ, ਜਾਣਨ ਦੀ ਲੋੜ ਹੁੰਦੀ ਹੈ।
- ਸਥਾਨਕ ਸੱਭਿਅਤਾ, ਭਾਸ਼ਾ ਅਤੇ ਪਰੰਪਰਾ ਪ੍ਰਤਿ ਖੁੱਲਾ ਦਿਲ, ਦੋਸਤਾਨਾ ਅਤੇ ਸੰਵੇਦਨਸ਼ੀਲ ਰਹੋ।
- ਸਮੁਦਾਇ ਦੇ ਸਮਾਰੋਹਾਂ ਅਤੇ ਘਟਨਾਵਾਂ ਵਿੱਚ ਖੁਦ ਨੂੰ ਸ਼ਾਮਲ ਕਰੋ।
- ਭਿੰਨ ਸਮੁਦਾਇਕ ਸਮਾਰੋਹਾਂ, ਅਵਸਰਾਂ ਆਦਿ ਵਿੱਚ ਪ੍ਰਮੁੱਖ ਸੂਚਕ ਸਮੁਦਾਇਕ ਆਗੂਆਂ ਨੂੰ ਮਿਲਣ ਦੀ ਕੋਸ਼ਿਸ਼ ਕਰੋ।

ਵੱਡੀ ਗਿਣਤੀ ਵਿੱਚ ਗੈਰ-ਰਸਮੀ ਢੰਗ ਹਨ : ਭਾਗ ਸਮਾਰੋਹ ਅਤੇ ਸਮੁਦਾਇਕ ਸਮਾਗਮ ਜਿਵੇਂ ਕਿ ਵਿਆਹ, ਤਿਉਹਾਰ, ਧਾਰਮਿਕ ਸਮਾਰੋਹ ਆਦਿ, ਜਿਨ੍ਹਾਂ ਰਾਹੀਂ ਸਮੁਦਾਇ ਆਪਣੀ ਸਮਝ ਦਾ ਸੰਚਾਰ ਕਰਦਾ ਹੈ, ਸਮੁਦਾਇ ਦੇ ਸਮਾਜਕ, ਸੱਭਿਆਚਾਰਕ (ਜ਼ਿੰਦਗੀ ਦਾ ਰਾਹ), ਰੀਤੀ ਰਿਵਾਜ਼ ਅਤੇ ਪਰੰਪਰਾਵਾਂ ਨੂੰ ਆਪਣੇ ਲੋਕਾਂ ਤੱਕ ਪਹੁੰਚਾਉਣਾ, ਜਿਨ੍ਹਾਂ ਨੂੰ ਬੱਚਾ ਗ੍ਰਹਿਣ ਕਰਦਾ ਹੈ।

ਇਸ ਤਰ੍ਹਾਂ ਇਸ ਦੀ ਸ਼ਮੂਲੀਅਤ ਲਈ ਸਮੁਦਾਇ ਨੂੰ ਸਮਝਣਾ ਜ਼ਰੂਰੀ ਹੈ। ਇਹ ਧਿਆਨ ਦੇਣਾ ਚਾਹੀਦਾ ਹੈ ਕਿ ਭਿੰਨ ਸਮੁਦਾਇ ਦੇ ਭਿੰਨ ਕਾਰਕ ਹੋ ਸਕਦੇ ਹਨ, ਜਿਹੜੇ ਕਿ ਸਮਾਨ ਜਾਂ ਭਿੰਨ ਢੰਗ ਨਾਲ ਕਿਰਿਆ ਕਰ ਸਕਦੇ ਹਨ, ਜਿਹੜੇ ਕਿ ਸੰਕੇਤ ਕਰਦੇ ਹਨ ਕਿ ਸਮੁਦਾਇ ਨੂੰ ਵਿਲੱਖਣ ਵਿਚਾਰਿਆ ਜਾਣਾ ਚਾਹੀਦਾ ਹੈ ਅਤੇ ਵਿਸ਼ੇਸ਼ ਸੰਦਰਭ ਨਾਲ ਸਮਝਿਆ ਅਤੇ ਵਰਤਾਰਾ ਕੀਤਾ ਜਾਣਾ ਚਾਹੀਦਾ ਹੈ। ਕੋਈ ਵੀ ਸਮੁਦਾਇ, ਸਮੂਹ, ਜਾਂ ਕੁਨਬਾ ਸਮਰੂਪ ਨਹੀਂ ਹੁੰਦਾ, ਇਸ ਤਰ੍ਹਾਂ ਸਮੁਦਾਇਕ ਸੰਦਰਭਾਂ ਨੂੰ ਪਰਖਣਾ ਅਤੇ ਸਮਝਣਾ ਸੰਵੇਦਨਸ਼ੀਲ ਹੁੰਦਾ ਹੈ, ਸਮੇਤ ਵਿਸ਼ੇਸ਼ਤਾਈਆਂ ਅਤੇ ਸ਼ਕਤੀ ਸੰਤੁਲਨ ਦੇ। ਸਮਾਜ ਵਿਚਲੀਆਂ ਕੁਝ ਗਤੀਵਿਧੀਆਂ ਵਿੱਚ ਸਮਾਜ ਦੀ ਭਾਗੀਦਾਰੀ ਦੇ ਦਰਜੇ ਨੂੰ ਪਰਖਣਾ ਅਹਿਮ ਹੁੰਦਾ ਹੈ, ਕਿਉਂਕਿ ਕੁਝ ਸਮੁਦਾਇ ਪਰੰਪਰਾਗਤ ਤੌਰ ’ਤੇ ਸਮੁਦਾਇਕ ਗਤੀਵਿਧੀਆਂ ’ਚ ਸ਼ਾਮਲ ਹੁੰਦੇ ਹਨ, ਜਦਕਿ ਦੂਜੇ ਸਕੂਲਾਂ ਜਾਂ ਇੱਥੋਂ ਤੱਕ ਕਿ ਸਮੁਦਾਇ ਦੇ ਲੋਕਾਂ ਨਾਲ ਇੱਕਠਿਆਂ ਕਾਰਜ ਕਰਨ ਦੇ ਆਦੀ ਨਹੀਂ ਹੁੰਦੇ।

## ਤੁਹਾਡੀ ਪ੍ਰਗਤੀ ਦੀ ਪਰਖ – 1

1. ਸਮੁਦਾਇ ਤੋਂ ਤੁਹਾਡਾ ਕੀ ਭਾਵ ਹੈ? ਸਮੁਦਾਇ ਨੂੰ ਸਮਝਣ ਲਈ ਦੋ ਰਣਨੀਤੀਆਂ ਨੂੰ ਸੂਚੀਬੱਧ ਕਰੋ?

------------------------------------------------------------
------------------------------------------------------------
------------------------------------------------------------
----------------------------------



ਨੋਟ

## 2.3 ਬੁਨਿਆਦੀ ਸਿੱਖਿਆ ਦੇ ਸੰਦਰਭ ਵਿੱਚ ਸਮੁਦਾਇ

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਸਮੁਦਾਇ ਸਮਾਜਕ ਕਦਰਾਂ-ਕੀਮਤਾਂ, ਪਰੰਪਰਾਵਾਂ, ਧਰਮ, ਆਸਥਾ ਅਤੇ ਭਾਸ਼ਾ ਦੀ ਨਿਰੰਤਰਤਾ ਅਤੇ ਵਾਧੇ ਵਿੱਚ ਮਦਦ ਕਰਦੀ ਹੈ। ਇਸ ਤੋਂ ਇਲਾਵਾ ਇਹ ਸਿੱਖਿਆ ਦੇ ਵਾਧੇ (ਪ੍ਰਗਤੀ) ਵਿੱਚ ਵੀ ਮਦਦ ਕਰਦੀ ਹੈ, ਕਿਉਂਕਿ ਇਹ ਇੱਕ ਸੰਪੂਰਣ ਸੰਦਰਭ ਹੈ ਜਿਸ ਵਿੱਚ ਬੱਚੇ ਰਹਿੰਦੇ ਹਨ ਅਤੇ ਸਿੱਖਦੇ ਹਨ ਅਤੇ ਉਸ ਨੂੰ ਅਮਲ ਵਿੱਚ ਲਿਆਉਂਦੇ ਹਨ ਜੋ ਅਸੀਂ ਉਨ੍ਹਾਂ ਨੂੰ ਸਿਖਾਉਂਦੇ ਹਾਂ ਸਮੁਦਾਇ ਵਿੱਚ ਮਾਤਾ-ਪਿਤਾ, ਸਾਡੇ ਵਿਦਿਆਰਥੀਆਂ ਦੇ ਸਰਪ੍ਰਸਤ, ਪਰਿਵਾਰ ਦੇ ਹੋਰ ਮੈਂਬਰ ਸ਼ਾਮਲ ਹਨ, ਨਾਲ ਹੀ ਗੁਆਂਢੀ ਅਤੇ ਹੋਰ ਜਿਹੜੇ ਕਿ ਸਕੂਲ ਦੇ ਨੇੜੇ ਰਹਿੰਦੇ ਹਨ। ਇਤਿਹਾਸ ਵਿੱਚ ਅਣਗਿਣਤ ਮਿਸਾਲਾਂ ਹਨ। ਡਿਲੋਰ ਕਮਿਸ਼ਨ ਮੁਤਾਬਕ (1996) – ਵਿਦਿਅਕ ਸੁਧਾਰਾਂ ਦੀ ਸਫਲਤਾ ਲਈ ਯੋਗਦਾਨ ਪਾਉਣ ਵਾਲੀਆਂ ਮੁੱਖ ਪਾਰਟੀਆਂ ਸਭ ਤੋਂ ਪਹਿਲਾਂ ਸਥਾਨਕ ਸਮੁਦਾਇ ਹੈ, ਜਿਨ੍ਹਾਂ ਵਿੱਚ ਮਾਤਾ-ਪਿਤਾ, ਸਕੂਲ ਮੁਖੀ ਅਤੇ ਅਧਿਆਪਕ ਸ਼ਾਮਲ ਹਨ। ਉਹ ਦੇਸ਼ ਜਿੱਥੇ ਵਿਦਿਅਕ ਸੁਧਾਰਾਂ ਦੀ ਕਾਮਯਾਬੀ ਹੋਂਦ ਵਿੱਚ ਆਈ , ਉਹ ਹਨ ਜਿੱਥੇ ਮਾਤਾ-ਪਿਤਾ, ਅਧਿਆਪਕ ਅਤੇ ਸਥਾਨਕ ਸਮੁਦਾਇਆਂ ਨੇ ਦ੍ਰਿੜ ਅਤੇ ਬਰਕਰਾਰ ਵਾਅਦੇ ਨਿਭਾਏ, ਜਿਨ੍ਹਾਂ ਨਾਲ ਨਿਰੰਤਰ ਗੱਲਬਾਤ ਅਤੇ ਤਕਨੀਕੀ ਤੇ ਵਿੱਤੀ ਮਦਦ ਵੀ ਸੀ। ਇਹ ਸਪਸ਼ਟ ਹੈ ਕਿ ਸਥਾਨਕ ਸਮੁਦਾਇ ਕਿਸੇ ਵੀ ਸਫਲ ਸੁਧਾਰ ਰਣਨੀਤੀ ਵਿੱਚ ਇੱਕ ਬੇਹਦ ਖਾਸ ਭੂਮਿਕਾ ਨਿਭਾਉਂਦੀ ਹੈ।

ਕਿਸੇ ਢੰਗ ਨਾਲ ਸਮੁਦਾਇਕ ਵਿਸ਼ੇਸ਼ਤਾਈਆਂ ਸਿੱਖਿਆ ਨੂੰ ਪ੍ਰਭਾਵਤ ਕਰਦੀਆਂ ਹਨ? ਸਮੁਦਾਇਕ ਵਿਸ਼ੇਸ਼ਤਾਈਆਂ ਦੋਵੇਂ ਰਚਨਾਤਮਕ ਅਤੇ ਕਿਰਿਆਤਮਕ ਇੱਕ ਸਮੁਦਾਇ ਨਾਲ ਸੰਬੰਧਤ ਬੱਚਿਆਂ ਦੀ ਸਿੱਖਿਆ ਦੀ ਪ੍ਰਕਿਰਤੀ, ਮਿਆਰ ਅਤੇ ਸੀਮਾ ਨਿਰਧਾਰਤ ਕਰਦੀਆਂ ਹਨ। ਸਮੁਦਾਇ ਦੇ ਕਾਰਕ ਇਨ੍ਹਾਂ ਬੱਚਿਆਂ ਦੀ ਵਿਦਿਅਕ ਪ੍ਰਕਿਰਿਆ ਵਿੱਚ ਅੜਿੱਕਾ ਜਾਂ ਅਗਾਂਹ ਵਧਾਉਣ ਦੇ ਤੌਰ 'ਤੇ ਕਿਰਿਆ ਕਰਦੇ ਹਨ। ਇਨ੍ਹਾਂ ਕਾਰਕਾਂ ਦੀ ਸਮਝ ਬਿਹਤਰ ਯੋਜਨਾ ਵਿੱਚ ਅਤੇ ਸਕੂਲਾਂ ਵਿੱਚ ਵਿਦਿਅਕ ਪ੍ਰੋਗ੍ਰਾਮ ਅਤੇ ਸਕੀਮਾਂ ਨੂੰ ਲਾਗੂ ਕਰਨ ਵਿੱਚ ਸਹਾਈ ਹੋ ਸਕਦੇ ਹਨ ਅਤੇ ਇਸ ਤਰ੍ਹਾਂ ਸਮੁਦਾਇ ਦੇ ਵਿਕਾਸ ਉੱਪਰ ਸਿੱਖਿਆ ਦੇ ਪ੍ਰਭਾਵ ਨੂੰ ਅਧਿਕਤਮ ਕਰਦਾ ਹੈ। ਸਮੁਦਾਇ ਦੀਆਂ ਕੁਝ ਅਹਿਮ ਰਚਨਾਤਮਕ ਅਤੇ ਕਿਰਿਆਤਮਕ ਵਿਸ਼ੇਸ਼ਤਾਈਆਂ ਜਿਹੜੀਆਂ ਸਿੱਖਿਆ ਨੂੰ ਪ੍ਰਭਾਵਤ ਕਰਦੀਆਂ ਹਨ, ਉਹ ਹਨ : ਸਮਾਜਕ ਜਨ ਅੰਕਕੀ ਅਤੇ ਜਾਤੀ ਰਚਨਾ, ਕਿੱਤਾਮੁਖੀ ਸ਼ੈਲੀਆਂ, ਆਸਥਾ ਪ੍ਰਣਾਲੀ, ਰੀਤੀ ਰਿਵਾਜ਼ ਅਤੇ ਪਰੰਪਰਾ, ਲਿੰਗ ਭੂਮਿਕਾ, ਨਿਰਯੋਗ ਵੱਲ ਵਿਦਿਅਕ ਰਵੱਈਏ ਦੀਆਂ ਵਿਸ਼ੇਸ਼ਤਾਈਆਂ ਬਾਰੇ ਧਾਰਣਾਵਾਂ, ਘੱਟ ਅਧਿਕਾਰਾਂ ਵਾਲੇ (ਸ਼ੋਸ਼ਿਤ) ਅਤੇ ਹਾਸ਼ੀਏ 'ਤੇ ਆਏ ਲੋਕ ਅਤੇ ਸਮੁਦਾਇ ਵਿੱਚ ਫੈਸਲਾ ਲੈਣ ਪ੍ਰਕਿਰਿਆ। ਵਿਦਿਅਕ ਪ੍ਰਣਾਲੀ ਦਾ ਵਿਕੇਂਦਰੀਕਰਣ ਸਕੂਲੀ ਪ੍ਰਣਾਲੀ ਵਿੱਚ ਕਾਰਵਾਈ ਨਾਲ ਵੱਡੀ ਲਚਕਤਾ ਲਿਆਉਣ ਦੀ ਸੰਭਾਵਨਾ ਨੂੰ ਕਾਇਮ ਰੱਖਦਾ ਹੈ ਜਿਵੇਂ ਕਿ ਸਕੂਲੀ ਸਮੇਂ ਦਾ ਬਦਲਣਾ, ਕਲੰਡਰ ਸਮਾਂ ਬਲਦਣਾ, ਜਿਹੜਾ ਕਿ ਸਥਾਨਕ ਸਮਾਜਕ-ਆਰਥਿਕ ਸਥਿਤੀਆਂ ਨੂੰ ਢੁਕਦਾ ਹੋਵੇ। ਸਮੁਦਾਇਕ ਸ਼ਮੂਲੀਅਤ ਅਤੇ ਸਥਾਨਕ ਪੱਧਰ ਦੀ ਯੋਜਨਾ 1964-66 ਦੇ ਵਿਦਿਅਕ ਕਮਿਸ਼ਨ ਤੋਂ ਅਹਿਮ ਨੀਤੀ ਅਭਿਧਾਰਣਾ ਰਹਿ ਚੁੱਕੀ ਹੈ। ਸਿੱਖਿਆ ਦੀ ਰਾਸ਼ਟਰੀ ਨੀਤੀ 1986 ਅਧੀਨ ਐਕਸ਼ਨ 1992 ਅਤੇ 73 ਅਤੇ 74 ਵੇਂ ਸੰਵਿਧਾਨਕ ਸੰਸ਼ੋਧਣ ਦੇ ਅਧੀਨ ਹੋਏ।

ਬੁਨਿਆਦੀ ਸਿੱਖਿਆ ਦਾ ਸਰਵਵਿਆਪੀਕਰਣ ਆਜ਼ਾਦੀ ਤੋਂ ਲੈ ਕੇ ਸਾਡੇ ਦੇਸ਼ ਦੇ ਵਿਦਿਅਕ ਵਿਕਾਸ ਵਿੱਚ ਪ੍ਰਮੁੱਖਤਾ ਰਹੀ ਹੈ। ਸਮੁਦਾਇਕ ਭਾਗੀਦਾਰੀ ਬੁਨਿਆਦੀ ਸਿੱਖਿਆ ਦੇ ਸਰਵਵਿਆਪੀਕਰਣ ਦੇ ਟੀਚੇ ਨੂੰ ਸਮਝਣ ਲਈ ਲਾਜ਼ਮੀ ਹੈ।

ਜੇਕਰ ਅਸੀਂ ਚਾਹੁੰਦੇ ਹਾਂ ਕਿ ਸਥਾਨਕ ਲੋਕ ਵੀ ਭਾਗੀਦਾਰ ਬਣਨ, ਤਾਂ ਸਾਨੂੰ ਲੋਕਾਂ ਨੂੰ ਜਾਣ ਕੇ, ਉਨ੍ਹਾਂ ਨਾਲ ਰਾਬਤਾ ਕਾਇਮ ਕਰਕੇ, ਉਨ੍ਹਾਂ ਨਾਲ ਸਥਿਤੀ ਅਤੇ ਸਮੱਸਿਆ ਦਾ ਵਿਸ਼ਲੇਸ਼ਣ ਕਰਕੇ ਅਤੇ ਚਰਚਾ ਕਰਕੇ ਕਿ ਕੀ ਕਰਨ ਦੀ ਲੋੜ ਹੈ, ਦੁਆਰਾ ਸ਼ੁਰੂਆਤ ਕਰਨੀ ਪਵੇਗੀ। ਅਜਿਹੀ ਇੱਕ ਮਿਸਾਲ ਅਧਿਆਪਕੀ ਗੈਰ ਹਾਜ਼ਰੀ ਦੀ ਗੰਭੀਰ ਸਮੱਸਿਆ ਦਾ ਟਾਕਰਾ ਕਰਨ ਲਈ ਰਾਜਸਥਾਨ ਦਾ ਸ਼ਿਕਸ਼ਾ ਕਰਮੀ ਪ੍ਰੋਗ੍ਰਾਮ ਹੈ, ਜਿਸਦਾ ਸਿਰਲੇਖ 'ਖਲਾਅ ਨੂੰ ਪੂਰਨਾ' ਸ਼ਿਕਸ਼ਾ ਕਰਮੀ ਪ੍ਰੋਜੈਕਟ ਉਹ ਪ੍ਰੋਜੈਕਟ ਹੈ, ਜਿਹੜਾ ਕਿ ਦੋ ਸਾਧਾਰਣ ਪੇਂਡੂਆਂ ਨੂੰ (ਰਸਮੀ ਤੌਰ 'ਤੇ ਸਿਖਿਅਤ ਪ੍ਰੰਤੂ ਚਿਤਰਾਂ ਤੋਂ ਗੈਰ ਹਾਜ਼ਰ) ਪ੍ਰਾਇਮਰੀ ਸਕੂਲ ਅਧਿਆਪਕ ਦੀ ਥਾਂ ਪ੍ਰਤਿਸਥਾਪਨ ਕਰਨ ਲਈ ਚੋਣ ਕਰਕੇ ਦੁਰੇਡੇ ਅਤੇ ਨਾ ਪਹੁੰਚਣ ਯੋਗ ਪਿੰਡਾਂ ਵਿੱਚ ਅਧਿਆਪਕ ਗੈਰ-ਹਾਜ਼ਰੀ ਨਾਲ ਮੁਕਾਬਲਾ ਕਰਨ ਵਾਲਾ ਪ੍ਰੋਜੈਕਟ ਹੈ, ਜਿਹੜਾ ਕਿ ਬੱਚਿਆਂ ਨੂੰ ਪੜ੍ਹਾਵੇਗਾ। ਇਹ ਸਕੀਮ ਸਾਧਾਰਣ ਲੋਕਾਂ ਦੀ ਅਸਾਧਾਰਣ ਸਮਰੱਥਾ ਉੱਪਰ ਪੂਰੀ ਤਰ੍ਹਾਂ ਟਿਕੀ ਹੁੰਦੀ ਹੈ। ਸ਼ਬਦ ਸਾਧਾਰਣ ਦਾ ਭਾਵ ਹੈ ਕਿ ਮਹਿਲਾ ਹੋਣ ਦੀ ਸੂਰਤ ਵਿੱਚ ਉਨ੍ਹਾਂ ਦੀ ਆਪਣੀ ਸਿੱਖਿਆ ਪੰਜਵੀਂ ਜਮਾਤ ਤੱਕ ਅਤੇ ਮਰਦ ਹੋਣ ਦੀ ਸੂਰਤ ਵਿੱਚ ਅੱਠਵੀਂ ਹੋਣੀ ਚਾਹੀਦੀ ਹੈ। ਉਨ੍ਹਾਂ ਦੇ ਪ੍ਰਭਾਵੀ ਅਧਿਆਨ ਦੁਆਰਾ ਸਿਕਸ਼ਾ ਕਰਮੀਆਂ ਨੇ ਅਸਲ ਵਿੱਚ ਬੱਚਿਆਂ, ਮਾਤਾ-ਪਿਤਾ ਅਤੇ ਸਮੁਦਾਇ ਨੂੰ ਸਕੂਲ/ਕੇਂਦਰਾਂ ਪ੍ਰਤਿ ਸਕਾਰਾਤਮਕ ਅਤੇ ਸਿੱਖਣ ਸਥਾਨ ਦੇ ਤੌਰ 'ਤੇ ਵੇਖਣ ਲਈ ਪ੍ਰੇਰਤ ਕੀਤਾ। ਇੱਕ ਹੋਰ ਕਾਲਪਨਿਕ ਖੋਜ ਮਹਿਲਾ ਸਹਿਯੋਗੀ ਦੀ ਹੈ, ਜਿਹੜੀ ਕਿ ਮੁਸ਼ਕਲ ਇਲਾਕਿਆਂ 'ਚ ਲੜਕੀਆਂ ਦੀ ਰਖਵਾਲੀ ਕਰਨਗੀਆਂ ਅਤੇ ਉਨ੍ਹਾਂ ਦੇ ਭੈਣ-ਭਰਾਵਾਂ ਦੀ ਸਾਂਭ ਸੰਭਾਲ ਕਰੇਗੀ। ਇਸ ਨਾਲ ਇਕਵਾਰ-ਖਾਲੀ ਪ੍ਰਾਇਮਰੀ ਸਕੂਲ ਦੀਆਂ ਇਮਾਰਤਾਂ 'ਚ ਰੂਹ ਫੂਕ ਦਿੱਤੀ। ਇਹ ਚੁਣੌਤੀ ਅਨੁਭਵ ਦੇ ਪੱਧਰ 'ਤੇ ਸ਼ਮੂਲੀਅਤ ਦੇ ਲੋਕਾਚਾਰ, ਸਹਿਯੋਗ ਅਤੇ ਸੰਬੰਧਨ ਦੀ ਸੂਝ ਨੂੰ ਬਰਕਰਾਰ ਰੱਖਣ ਲਈ ਹੈ।

ਸਿੱਖਿਆ ਵਿੱਚ ਸਮੁਦਾਇਕ ਸ਼ਮੂਲੀਅਤ ਦੀ ਇੱਕ ਹੋਰ ਮਿਸਾਲ PROPEL ਹੈ, ਜਿਹੜਾ ਕਿ ਇੱਕ 'ਕਾਰਵਾਈ ਖੋਜ ਪ੍ਰੋਜੈਕਟ' ਹੈ, ਜਿਹੜਾ ਕਿ ਪੇਂਡੂ ਸਮੁਦਾਇ ਨੂੰ ਪ੍ਰਾਇਮਰੀ ਸਕੂਲਾਂ ਦੀ ਰੂਪਰੇਖਾ ਤਿਆਰ ਕਰਨ ਲਈ ਧੱਕਦਾ ਹੈ। ਖੋਜ ਦਾ ਸਭ ਤੋਂ ਵੱਧ ਅਹਿਮ ਭਾਗ ਇਹ ਹੈ ਕਿ ਪ੍ਰੋਜੈਕਟ ਦੀ ਮਾਲਕੀ ਅਤੇ ਨਿਯੰਤ੍ਰਣ ਪੇਂਡੂਆਂ ਕੋਲ ਸੀ। ਇਸ ਤਰ੍ਹਾਂ ਪ੍ਰੋਜੈਕਟ ਦੀ ਕਾਮਯਾਬੀ ਦਾ ਸਿਹਰਾ ਅਤੇ ਕਿਸੇ ਕਿਸਮ ਦੀ ਨਾਕਾਮਯਾਬੀ ਵੀ ਪੇਂਡੂਆਂ ਦੀ ਸੀ।



ਨੋਟ

(ਸਾਰਿਆਂ ਲਈ ਸਿੱਖਿਆ, ਭਾਰਤੀ ਦ੍ਰਿਸ਼(ਐਸ ਐਚ ਆਰ ਡੀ 1993))

ਇੱਕ ਵੱਧਦੀ ਸਾਕਾਰਤਾ ਹੈ ਕਿ ਵਿਦਿਆ ਦੇ ਵਿਕਾਸ ਦੇ ਪ੍ਰੋਗ੍ਰਾਮਾਂ ਵਿੱਚ ਲੋਕਾਂ ਦੀ ਸ਼ਮੂਲੀਅਤ, ਖਾਸ ਕਰਕੇ ਪੇਂਡੂ ਗਰੀਬ ਅਤੇ ਭੂਮੀਹੀਣ ਕਿਰਤੀ, ਸ਼ਹਿਰੀ ਹਾਸ਼ੀਏ 'ਤੇ ਆਏ ਸਮੂਹ ਜਿਵੇਂ ਕਿ ਬਸਤੀਆਂ ਅਤੇ ਬਿਨਾਂ ਹੱਕਦਾਰੀ ਦੇ ਆਬਾਦਕਾਰ, ਪ੍ਰਤਿਕੂਲ ਅਵਸਥਾ ਵਾਲੇ ਸਮੂਹ ਜਿਵੇਂ ਕਿ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲੇ ਅਤੇ ਔਰਤਾਂ, ਲਾਜ਼ਮੀ ਹੈ।

ਸਿੱਖਿਆ ਵਿੱਚ ਸਮੁਦਾਇ ਦੀ ਭਾਗੀਦਾਰੀ ਦਾ ਮੰਤਵ ਸਿੱਖਿਆ ਦਾ ਵਿਆਪੀਕਰਣ ਕਰਨਾ ਹੈ, ਜਿਸ ਦਾ ਭਾਵ ਸਾਰੇ ਬੱਚਿਆਂ ਲਈ ਸਕੂਲੀ ਸਹੂਲਤਾਂ ਦੀ ਉਪਲੱਬਧਤਾ : ਸਾਰੇ ਬੱਚਿਆਂ ਦਾ ਸਕੂਲਾਂ 'ਚ ਦਾਖਲਾ ਅਤੇ ਸਾਰੇ ਬੱਚਿਆਂ ਬਰਕਰਾਰ ਰੱਖਣ ਲਈ ਸਿਸਟਮ ਨੂੰ ਜ਼ਿੰਮੇਵਾਰ ਬਣਾਉਣਾ। ਕਿਸੇ ਵੀ ਕਿਸਮ ਦੀ ਗਤੀਵਿਧੀ ਦਾ ਟੀਚਾ ਜਿਹੜਾ ਕਿ ਸਿੱਖਿਆ ਵਿੱਚ ਸਮੁਦਾਇ ਅਤੇ ਮਾਤਾ-ਪਿਤਾ/ਪਰਿਵਾਰ ਨੂੰ ਸ਼ਾਮਲ ਕਰਨ ਲਈ ਜਤਨ ਕਰਦਾ ਹੈ, ਵਿਦਿਅਕ ਹਵਾਲਗੀ ਹੈ ਤਾਂ ਜੋ ਵਧੇਰੇ ਬੱਚੇ ਬਿਹਤਰ ਸਿੱਖਣ ਅਤੇ ਬਦਲ ਰਹੀ ਦੁਨੀਆ ਲਈ ਤਿਆਰ ਹੋਣ।

ਸਮੁਦਾਇ ਦੀ ਭਾਗੀਦਾਰੀ ਵਿੱਤੀ, ਮਨੁੱਖੀ ਅਤੇ ਪਦਾਰਥਕ ਵਸੀਲਿਆਂ ਦੀ ਗਤੀਸ਼ੀਲਤਾ ਨੂੰ ਵਧਾਉਣ ਦਾ ਸਾਧਨ ਹੈ, ਜਿਹੜਾ ਕਿ ਵਿਦਿਅਕ ਪ੍ਰਣਾਲੀ ਨੂੰ ਨਿਪੁੰਨ ਬਣਾਉਣ ਲਈ ਜ਼ਰੂਰੀ ਹੈ। ਭਾਗੀਦਾਰੀ ਆਬਾਦੀ ਦੇ ਹਰੇਕ ਖੰਡਾਂ ਲਈ ਖਾਸਕਰ ਕਮਜ਼ੋਰ ਵਰਗਾਂ ਦੇ ਹਿੱਤਾ? ਆਕਾਂਖਿਆਵਾਂ, ਲੋੜਾਂ, ਸਮੱਸਿਆਵਾਂ ਲਈ ਸਿੱਖਿਆ ਨੂੰ ਅਪਨਾਉਣ ਲਈ ਵੀ ਜ਼ਰੂਰੀ ਹੈ।

ਨੋਟ

ਭਾਗੀਦਾਰੀ ਸਿੱਖਿਆ ਦੇ ਲੋਕਤੰਤਰੀਕਰਣ ਲਈ ਵੀ ਬੇਹਦ ਲਾਜ਼ਮੀ ਹੈ, ਖਾਸਕਰ ਇੱਕ ਸਮਾਨ ਅਵਸਰਾਂ ਦੀ ਪ੍ਰਾਪਤੀ ਦੇ ਪਰਿਪੇਖ ਵਿੱਚ। ਭਾਗੀਦਾਰੀ ਸਮੁਦਾਇ ਦੇ ਵਿਦਿਅਕ ਪ੍ਰਣਾਲੀ ਵੱਲ ਉਦਾਸੀਨ ਹੋਣ ਦੀ ਸੂਰਤ ਤੋਂ ਬਚਾਉਣ ਲਈ ਵੀ ਲਾਜ਼ਮੀ ਹੈ। ਇਹ ਪ੍ਰਾਥਮਿਕਤਾ ਨੂੰ ਚੁਸਤ ਕਰਨ ਵਾਸਤੇ ਇੱਕ ਅਹਿਮ ਉਪਰਕਣ ਹੈ।

## 3.5 ਸਕੂਲੀ ਸਿੱਖਿਆ ਵਿੱਚ ਸਮੁਦਾਇ ਨੂੰ ਸ਼ਾਮਲ ਕਰਨ ਲਈ ਸਰਕਾਰ ਦੀ ਪ੍ਰਾਥਮਿਕਤਾ

ਭਿੰਨ ਸਰਕਾਰੀ ਰਿਪੋਰਟਾਂ ਅਤੇ ਨੀਤੀਆਂ ਨੇ ਇੱਕ ਵਿਦਿਅਕ ਪ੍ਰਣਾਲੀ ਦੀ ਵਕਾਲਤ ਕਰਨੀ ਸ਼ੁਰੂ ਕਰ ਦਿੱਤੀ ਹੈ ਜਿਹੜੀ ਕਿ ਸਮੁਦਾਇ ਪ੍ਰਤਿ ਵਧੇਰੇ ਜਵਾਬਦੇਹ ਅਤੇ ਜ਼ਿੰਮੇਵਾਰ ਹੋਵੇ। ਇਸ ਲਈ ਸਮੁਦਾਇ ਦੀ ਭਾਈਵਾਲੀ ਮੱਧ 1980 ਵਿੱਚ ਦੇਸ਼ ਵਿੱਚ ਚਰਚਾ ਦਾ ਮੁੱਖ ਏਜੰਡਾ ਬਣ ਚੁੱਕਾ ਹੈ। ਜਦੋਂ ਵਿਕੇਂਦਰੀਕਰਣ ਨੂੰ ਵਿਦਿਅਕ ਸੁਧਾਰ ਅਤੇ ਬਦਲ ਪ੍ਰਕਿਰਿਆ ਦੇ ਅਹਿਮ ਉਪਕਰਣ (ਸੰਘਟਕ) ਦੇ ਤੌਰ ’ਤੇ ਪਛਾਣਿਆ ਜਾਣ ਲੱਗ ਗਿਆ। ਸਿੱਖਿਆ ਦੀ ਰਾਸ਼ਟਰੀ ਨੀਤੀ (NPE 1986/1992) ਅਤੇ ਪੰਚਾਇਤੀ ਰਾਜ ਸੰਸਥਾਨਾਂ ਦੀ ਸੰਵਿਧਾਨਕ ਮੁੜ ਸੁਰਜੀਤੀ (73ਵੇਂ ਅਤੇ 74ਵੇਂ ਸੰਵਿਧਾਨਕ ਸੋਧਾਂ ਰਾਹੀਂ), ਸਥਾਨਕ ਸਵੈ-ਸੰਚਾਲਤ ਸਭਾ ਨੇ ਸਕੂਲ ਨੂੰ ਸਹਾਰਾ ਦੇਣ ਲਈ ਸਥਾਨਕ ਤੌਰ ’ਤੇ ਉਤਪੰਨ ਕਰਨ ਲਈ ਅਤੇ ਸੰਸਥਾਨਕ ਅਮਲਾਂ ਨੂੰ ਨਿਭਾਉਣ ਲਈ ਸਮੁਦਾਇ ਨੂੰ ਸਸ਼ਕਤ ਕਰਕੇ ਸਕੂਲੀ ਪ੍ਰਣਾਲੀ ਨੂੰ ਸੁਧਾਰਣ ਵਾਸਤੇ ਇੱਕ ਸੰਦਰਭ ਦੀ ਰਚਨਾ ਕੀਤੀ।

ਸਿੱਖਿਆ ਦੀ ਰਾਸ਼ਟਰੀ ਨੀਤੀ (1986) ਅਤੇ ਅਮਲ ਦਾ ਨਾਲ ਲੱਗਦਾ ਪ੍ਰੋਗ੍ਰਾਮ ਜਿਹੜਾ ਕਿ ਸਕੂਲੀ ਸਿੱਖਿਆ ਪ੍ਰਣਾਲੀ ਨੂੰ ਵਿਕਸਤ ਕਰਨ ਦੇ ਏਕੀਕ੍ਰਿਤ ਅਤੇ ਵਿਕੇਂਦਰੀਕ੍ਰਿਤ ਪੰਹੁਚ ਦੀ ਮੰਗ ਕਰਦਾ ਹੈ ਸਮੇਤ ਇੱਕ ਸਕੂਲੀ ਸਿੱਖਿਆ ਦੇ ਪ੍ਰਬੰਧਨ ਅਤੇ ਯੋਜਨਾ ਵਿੱਚ ਜ਼ਿਲ੍ਹਿਆਂ ਦੀ ਸਮਰੱਥਾ ਨਿਰਮਤ ਕਰਨ ’ਤੇ ਕੇਂਦਰਤ, ਖਾਸਕਰ ਬੁਨਿਆਦੀ ਪੱਧਰ ’ਤੇ। ਸਮੁਦਾਇ ਦੀ ਭਾਗੀਦਾਰੀ ਨੂੰ ਸੰਪੂਰਣ ਸਿੱਖਿਆ ਪ੍ਰਣਾਲੀ ਦੇ ਸੁਧਾਰ ਲਈ ਅਤੇ ਪ੍ਰਸ਼ਾਸਨ ਦੇ ਹਰੇਕ ਪੱਧਰ ’ਤੇ ਜਵਾਬਦੇਹੀ ਲਈ ਉਚਿਤ ਚੌਖਟੇ ਵਾਸਤੇ ਬੁਨਿਆਦੀ ਲੋੜ ਦੇ ਤੌਰ ’ਤੇ ਸਮਝਿਆ ਜਾਂਦਾ ਹੈ। ਇਹ ਪਰਿਵਰਤਨ ਸਮੁਦਾਇਕ ਵਿਕਾਸ ਤੋਂ ਸਮੁਦਾਇ ਦੀ ਭਾਗੀਦਾਰੀ ਜਾਂ ਲੋਕਾਂ ਨੂੰ ਸਸ਼ਕਤ ਕਰਨ ਜਾਂ ਫੇਰ ਜ਼ਮੀਨੀ ਪੱਧਰ ’ਤੇ ਲੋਕਤੰਤਰ ਤੱਕ ਸਥਾਪਤ ਹੋ ਗਿਆ। ਨੀਤੀ ਦਸਤਾਵੇਜ਼ਾਂ ਵਿੱਚ ਜ਼ੋਰ ਦੇ ਕੇ ਕਿਹਾ ਗਿਆ ਹੈ ਕਿ ਲੋਕਾਂ ਨੂੰ ਨਿਰਣਾ ਲੈਣ ਦੀ ਪ੍ਰਕਿਰਿਆ ਵਿੱਚ ਸ਼ਕਤੀ ਦੀ ਲੋੜ ਹੈ। ਸਮੁਦਾਇ ਨੂੰ ਸਕੂਲਾਂ ਦੀਆਂ ਗਤੀਵਿਧੀਆਂ, ਪਿੰਡ, ਵਾਰਡ, ਬਲਾਕ ਅਤੇ ਜ਼ਿਲ੍ਹਾ ਪੱਧਰ ’ਤੇ ਸਕੂਲੀ ਸਿੱਖਿਆ ਦੀ ਯੋਜਨਾ ਵਿੱਚ ਸ਼ਮੂਲੀਤ ਕਰਨਾ ਚਾਹੀਦਾ ਹੈ।

- ਅਮਲ ਦੀ ਨੀਤੀ ਅਤੇ ਪ੍ਰੋਗ੍ਰਾਮ ਦੀ ਪਾਲਣਾ ਲਈ ਸੂਬਾ ਸਰਕਾਰਾਂ ਨੇ ਸਥਾਨਕ ਸਰਕਾਰਾਂ ਜਿਵੇਂ ਪਿੰਡ ਦੀ ਸਿੱਖਿਆ ਕਮੇਟੀ ਅਤੇ ਭਿੰਨ ਹੋਰ ਭਾਗ ਲੈਣ ਵਾਲੀਆਂ ਸੰਰਚਨਾਵਾਂ ਦੀ ਸਥਾਪਨਾ ਲਈ ਕਦਮ ਚੁੱਕੇ ਹਨ।
- ਪਿੰਡ ਦੀ ਸਿੱਖਿਆ ਕਮੇਟੀ ਦੀ ਪ੍ਰਮੁੱਖ ਜ਼ਿੰਮੇਵਾਰੀ ਸੂਖਮ ਪੱਧਰ ਦੀ ਯੋਜਨਾ ਘਰ-ਘਰ ਸਰਵੇਖਣ ਅਤੇ ਮਾਪਿਆਂ ਨਾਲ ਸਮੇਂ-ਸਮੇਂ ਸਿਰ ਚਰਚਾ ਰਾਹੀਂ ਪਿੰਡ ਵਿੱਚ ਸਕੂਲ ਦੀ ਮੈਪਿੰਗ (ਮਾਣ-ਚਿੱਤਰਣ) ਤਿਆਰ ਕਰਨੀ ਹੋਣੀ ਚਾਹੀਦੀ ਹੈ। ਇਨ੍ਹਾਂ ਸਮੁਦਾਇਆਂ ਦੀਆਂ ਹੋਰ ਜ਼ਿੰਮੇਵਾਰੀਆਂ ਸਮੁਦਾਇ ਵਿੱਚ ਜਾਗਰੂਕਤਾ ਪੈਦਾ ਕਰਨਾ ਹੈ ਤਾਂ ਜੋ ਸਾਰੇ



ਨੋਟ

ਮੈਂਬਰਾਂ ਦੀ ਭਾਗੀਦਾਰੀ, ਅਧਿਆਪਕ/ਇੰਸਟ੍ਰਕਟਰ ਦਾ ਵਿਕਾਸ ਅਤੇ ਸਮੁਦਾਇ ਦੀ ਭਾਈਵਾਲੀ ਸਕੂਲ ਦੀ ਪ੍ਰਭਾਵੀ ਅਤੇ ਨਿਯਮਤ ਕਿਰਿਆ ਦੀ ਨਿਗਰਾਨੀ ਲਈ ਯਕੀਨੀ ਬਣਾਈ ਜਾ ਸਕੇ।

- ਦਰਅਸਲ ਸਿੱਖਿਆ ਵਿੱਚ ਸਮੁਦਾਇ ਦੀ ਭਾਗੀਦਾਰੀ ਭਿੰਨ ਜ਼ਮੀਨੀ ਪੱਧਰ ਦੀਆਂ ਸੰਰਚਨਾਵਾਂ ਦੀ ਰਚਨਾ ਨਾਲ ਹਕੀਕਤ ਵਿੱਚ ਪਰਿਵਰਤ ਹੋ ਗਈਆਂ, ਜਿਵੇਂ ਕਿ ਪਿੰਡ ਦੀ ਸਿੱਖਿਆ ਕਮੇਟੀ, ਸਕੂਲ ਦੀ ਪ੍ਰਬੰਧਨ ਕਮੇਟੀ, ਮਾਤਾ ਅਧਿਆਪਕ ਐਸੋਸਿਏਸ਼ਨ, ਮਾਪੇ-ਅਧਿਆਪਕ ਐਸੋਸਿਏਸ਼ਨ, ਮਾਤਾਵਾਂ ਦੀ ਮੈਸੋਸਿਏਸ਼ਨ ਅਤੇ ਮਹਿਲਾ ਨਿਗਰਾਨ ਸਮੂਹ ਆਦਿ। ਭਿੰਨ-ਵਿਦਿਅਕ ਪ੍ਰੋਗ੍ਰਾਮਾਂ ਅਧੀਨ ਜਿਵੇਂ ਕਿ ਜ਼ਿਲ੍ਹਾ ਪ੍ਰਾਇਮਰੀ ਸਿੱਖਿਆ ਪ੍ਰੋਗ੍ਰਾਮ, ਸਰਵ ਸਿੱਖਿਆ ਅਭਿਆਨ ਅਧੀਨ ਬੁਨਿਆਦੀ ਸਿੱਖਿਆ 'ਚ ਪਿੰਡ ਦੀ ਸਿੱਖਿਆ ਕਮੇਟੀ ਅਤੇ ਮਾਪੇ-ਅਧਿਆਪਕ ਐਸੋਸਿਏਸ਼ਨ ਦੀ ਰਚਨਾ ਅਤੇ ਸ਼ਮੂਲੀਅਤ ਉੱਪਰ ਵਾਧੂ ਜ਼ੋਰ ਪਾਇਆ ਗਿਆ ਹੈ, ਸਮੇਤ ਵਿਸ਼ੇਸ਼ ਭੂਮਿਕਾਵਾਂ ਅਤੇ ਕਿਰਿਆਵਾਂ ਦੇ।
- ਮੁਫਤ ਅਤੇ ਲਾਜ਼ਮੀ ਸਿੱਖਿਆ ਐਕਟ 2009 ਦੇ ਬੱਚਿਆਂ ਦੇ ਅਧਿਕਾਰ ਵੀ ਸਾਰੇ ਸਕੂਲਾਂ ਲਈ ਸਕੂਲ ਪ੍ਰਬੰਧਨ ਕਮੇਟੀ ਦੀ ਰਚਨਾ ਨੂੰ ਲਾਜ਼ਮੀ ਬਣਾਉਂਦਾ ਹੈ ਅਤੇ ਬੁਨਿਆਦੀ ਸਿੱਖਿਆ ਦੀ ਯੋਜਨਾ ਅਤੇ ਪ੍ਰਬੰਧਨ ਵਿੱਚ ਪਿੰਡ ਦੀ ਸਿੱਖਿਆ ਕਮੇਟੀ/ਵਾਰਡ ਕਮੇਟੀਆਂ ਦੀਆਂ ਕਿਰਿਆਵਾਂ ਦਾ ਵੀ ਜ਼ਿਕਰ ਕਰਦਾ ਹੈ। ਜਿਨ੍ਹਾਂ ਦਾ ਇਕਾਈ 4 ਵਿੱਚ ਵਧੇਰੇ ਵਿਸਤਾਰ ਨਾਲ ਜ਼ਿਕਰ ਕੀਤਾ ਜਾਵੇਗਾ।

### ਤੁਹਾਡੀ ਪ੍ਰਗਤੀ ਦੀ ਪਰਖ - 2

**ਨੋਟ :** ਉੱਤਰ ਲਿਖਣ ਵਾਸਤੇ ਸਥਾਨ ਦਿੱਤਾ ਗਿਆ ਹੈ।

1. ਸਕੂਲੀ ਸਿੱਖਿਆ ਵਿੱਚ ਸਮੁਦਾਇ ਦੀ ਭਾਗੀਦਾਰੀ ਦੀ ਅਹਿਮੀਅਤ ਦਾ ਵਰਨਣ ਕਰੋ?

----------------------------------------------------------------------

----------------------------------------------------------------------

----------------------------------------------------------------------

----------------------------------

2. ਸਿੱਖਿਆ ਦੀ ਯੋਜਨਾ ਅਤੇ ਪ੍ਰਬੰਧਨ ਵਿੱਚ ਪਿੰਡ ਦੀਆਂ ਸਿੱਖਿਆ ਕਮੇਟੀਆਂ ਦੀਆਂ ਕਿਰਿਆਵਾਂ ਦਾ ਵੇਰਵਾ ਦਿਓ?

----------------------------------------------------------------------

----------------------------------------------------------------------

----------------------------------------------------------------------

----------------------------------

## 3.6 ਢੰਗ, ਜਿਨ੍ਹਾਂ ਨਾਲ ਸਮੁਦਾਇ ਸਕੂਲੀ ਸਿੱਖਿਆ 'ਚ ਯੋਗਦਾਨ ਪਾ ਸਕਦਾ ਹੈ

ਨੋਟ

ਲੋਕਾਂ ਕੋਲ ਜਾਓ

ਉਨ੍ਹਾਂ ਨਾਲ ਪਿਆਰ ਕਰੋ

ਉਨ੍ਹਾਂ ਨਾਲ ਰਹੋ

ਉਨ੍ਹਾਂ ਨਾਲ ਸਿੱਖੋ

ਉਨ੍ਹਾਂ ਦੇ ਗਿਆਨ ਨਾਲ ਆਪਣਾ ਗਿਆਨ ਜੋੜੋ

ਉਸ ਨਾਲ ਸ਼ੁਰੂ ਕਰੋ, ਜੋ ਉਨ੍ਹਾਂ ਕੋਲ ਹੈ

ਜਦੋਂ ਤੁਸੀਂ ਆਪਣਾ ਕੰਮ ਖਤਮ ਕਰਦੇ ਹੋ

ਲੋਕ ਆਖਣਗੇ

ਅਸੀਂ ਇਹ ਸਭ ਆਪਣੇ ਆਪ ਕੀਤਾ ਹੈ

ਸਮੁਦਾਇ ਦੀ ਸ਼ਮੂਲੀਅਤ ਇੱਕ ਜ਼ਿੰਮੇਵਾਰ ਬੱਚਾ ਬਣਾਉਣ ਵਿੱਚ ਮਦਦ ਕਰਦਾ ਹੈ। ਇਹ ਮਾਪਿਆਂ/ਸਮੁਦਾਇਆਂ ਨੂੰ ਸਕੂਲਾਂ ਵਿੱਚ ਬੱਚਿਆਂ ਦੀ ਸਿੱਖਿਆ 'ਚ ਸਰਗਰਮੀ ਨਾਲ ਭਾਗ ਲੈਣ ਲਈ ਹੱਲਾਸ਼ੇਰੀ ਦਿੰਦਾ ਹੈ, ਇਹ ਸਭ ਸਕੂਲਾਂ ਦਾ ਦੌਰਾ ਕਰਕੇ ਕਲਾਸਰੂਮ ਵਿੱਚ ਹਾਈਜੀਨ (ਸਿਹਤ ਸੰਬੰਧੀ) ਅਤੇ ਅਧਿਆਪਨ/ਸਿੱਖਿਆ ਪ੍ਰਕਿਰਿਆ ਨੂੰ ਨਿਗਰਾਨ ਕਰਕੇ, ਅਧਿਆਪਕਾਂ ਨਾਲ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦੀ ਚਰਚਾ ਕਰਕੇ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਨੂੰ ਮਦਦ ਉਪਲੱਬਧ ਕਰਕੇ ਕੀਤਾ ਜਾਂਦਾ ਹੈ।



ਸਮੁਦਾਇ ਨੂੰ ਭਿੰਨ ਢੰਗਾਂ ਨਾਲ ਸ਼ਾਮਲ ਕੀਤਾ ਜਾ ਸਕਦਾ ਹੈ:



ਨੋਟ

- ਸਕੂਲ ਤੋਂ ਬਾਹਰ ਬੱਚਿਆਂ ਲਈ ਸਰਵੇਖਣਾ ’ਚ ਭਾਗ ਲੈ ਕੇ, ਬਾਲ ਮਜ਼ਦੂਰੀ, ਦਾਖਲਾ ਮੁਹਿੰਮਾਂ ਦੇ ਮੁੱਦਿਆਂ ’ਤੇ ਜਾਗਰੂਕਤਾ ਪੈਦਾ ਕਰਨ ਵਾਲੀਆਂ ਮੁਹਿੰਮਾਂ ਰਾਹੀਂ;
- ਸਕੂਲ ਦੇ ਮੈਪਿੰਗ ਅਮਲ, ਸਕੂਲ ਦੀ ਲੋਕੇਸ਼ਨ, ਸਕੂਲੀ ਬੁਨਿਆਦੀ ਢਾਂਚੇ ਦੀ ਉਪਲੱਬਧਤਾ, ਜਿਵੇਂ ਕਿ ਇਮਾਰਤ, ਕਲਾਸਰੂਮ, ਪਖਾਨਾ ਅਤੇ ਪੀਣ ਵਾਲੇ ਪਾਣੀ ਦੀ ਸਹੂਲਤ ਵਿੱਚ ਭਾਗ ਲੈ ਕੇ;
- ਪੈਸਾ, ਸਾਮੱਗਰੀ ਅਤੇ ਕਿਰਤ ਦੇ ਯੋਗਦਾਨ ਰਾਹੀਂ ਸ਼ਮੂਲੀਅਤ;
- ਹਾਜ਼ਰੀ ਦੁਆਰਾ ਸ਼ਮੂਲੀਅਤ (ਭਾਵ : ਸਕੂਲ ਵਿੱਚ ਮਾਪਿਆਂ ਦੀਆਂ ਮੀਟਿੰਗਾਂ ’ਚ), ਹਾਈਜੀਨ ਅਤੇ ਕਲਾਸਰੂਮ ’ਚ ਅਧਿਆਪਨ/ਸਿਖਲਾਈ, ਅਧਿਆਪਕਾਂ ਨਾਲ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦੀ ਚਰਚਾ ਕਰਕੇ ਅਤੇ ਇਹ ਸਭ ਸਕੂਲਾਂ ਦਾ ਦੌਰਾ ਕਰਕੇ ਕੀਤਾ ਜਾ ਸਕਦਾ ਹੈ;
- ਇੱਕ ਵਿਸ਼ੇਸ਼ ਮੁੱਦੇ ’ਤੇ ਮਸ਼ਵਰੇ ਰਾਹੀਂ ਸ਼ਮੂਲੀਅਤ, ਜਿਵੇਂ ਕਿ ਕਿਵੇਂ ਬੁਨਿਆਦੀ ਢਾਂਚੇ ’ਚ ਸੁਧਾਰ ਜਾਂ ਅਧਿਆਪਨ ਵਿਧੀ ਨੂੰ ਸੁਧਾਰਨਾ ਹੈ;
- ਸੇਵਾ ਦੇਣ ਵਿੱਚ ਭਾਗੀਦਾਰੀ, ਉਦੋਂ ਪੜ੍ਹਾਉਣ ਜਦੋਂ ਅਧਿਆਪਕ ਗੈਰ ਹਾਜ਼ਰ ਹੋਵੇ ਜਾਂ ਵਿਦਿਆਰਥੀਆਂ ਨੂੰ ਕਿੱਤਾਮੁਖੀ ਹੁਨਰ/ਸੰਗੀਤ ਪੜ੍ਹਾਉਣਾ;
- ਬੱਚਿਆਂ ਦੀ ਹਾਜ਼ਰੀ ਅਤੇ ਅਧਿਆਪਕਾਂ ਦੀ ਨਿਯਮਤਤਾ ਦੀ ਨਿਗਰਾਨੀ ਕਰਕੇ;
- ਹੱਲਾਸ਼ੇਰੀਆਂ (ਮਦਦ) ਜਿਵੇਂ ਕਿ ਮੁਫਤ ਪਾਠ ਪੁਸਤਕਾਂ, ਵਿਦਿਆਰਥੀਆਂ ਤੱਕ ਵਰਦੀਆਂ ਦੀ ਪਹੁੰਚ ਦੀ ਨਿਗਰਾਨੀ, ਮਿਡ ਡੇ ਮੀਲ ਦੀ ਨਿਯਮਤਤ ਅਤੇ ਮਿਆਰ ਦੀ ਨਿਗਰਾਨੀ।

ਇਹ ਸਪਸ਼ਟ ਹੈ ਕਿ ਸੰਭਾਵੀ ਰੂਪ ਵਿੱਚ ਇਲਾਕਿਆਂ ਦਾ ਇੱਕ ਦਾਇਰਾ ਹੈ ਜਿਸ ਵਿੱਚ ਸਿੱਖਿਆ, ਵਸੀਲਿਆਂ ਦੀ ਗਤੀਸ਼ੀਲਤਾ ਅਤੇ ਕਲਾਸਰੂਮਾਂ ਦੀ ਉਸਾਰੀ ਕਰਕੇ ਸ਼ਾਮਲ ਕੀਤਾ ਜਾ ਸਕਦਾ ਹੈ, ਤਾਂ ਜੋ ਪਾਠਕ੍ਰਮ ਦਾ ਵਿਕਾਸ ਅਤੇ ਨੀਤੀ ਦੀ ਰੂਪਰੇਖਾ ’ਚ ਮਦਦ ਮਿਲ ਸਕੇ। ਉਹ ਸਕੂਲ ਦੀਆਂ ਸਰਗਰਮੀਆਂ ਦੀ ਨਿਗਰਾਨੀ ਵਿੱਚ ਵੀ ਮਦਦ ਕਰ ਸਕਦੀਆਂ ਹਨ। ਇਸ ਨੂੰ ਨਿਮਨ ਸਾਰਣੀ ਰਾਹੀਂ ਵਰਨਣ ਕੀਤਾ ਗਿਆ ਹੈ।

### ਸਿੱਖਿਆ ਵਿੱਚ ਸਮੁਦਾਇ ਦੀ ਭਾਗੀਦਾਰੀ ਦੀ ਦਰਜਾਬੰਦੀ ਅਤੇ ਵਿਮਾਵਾਂ ਦਾ ਸੋਮਾ

| ਸਮੁਦਾਇ ਦੀ ਭੂਮਿਕਾ/ਵਿਦਿਅਕ ਕਿਰਿਆਵਾਂ | ਸੇਵਾ ਦੀ ਵਰਤੋਂ | ਸੋਮਿਆਂ ਦਾ ਯੋਗਦਾਨ | ਮੀਟਿੰਗਾਂ ’ਚ ਹਾਜ਼ਰੀ | ਮੁੱਦਿਆਂ ’ਤੇ ਮਸ਼ਵਰਾ | ਹਵਾਲਗੀ ’ਚ ਸ਼ਮੂਲੀਅਤ | ਨੁਮਾਇੰਦਗੀ ਸ਼ਕਤੀਆਂ ਤੇ ਨਿਰਣਾ ਲੈਣਾ | ਅਸਲ ਤਾਕਤਾਂ ਤੇ ਹਰੇਕ ਪੜਾਅ ’ਤੇ ਨਿਰਣੇ |
|---|---|---|---|---|---|---|---|



ਨੋਟ

| | | | | | | | ਲੈਣੇ |
|---|---|---|---|---|---|---|---|
| ਨੀਤੀ ਦੀ ਰਚਨਾ | | | | | | | |
| ਸੋਮਿਆਂ ਦੀ ਗਤੀਸ਼ੀਲਤਾ | | | | | | | |
| ਪਾਠਕ੍ਰਮ ਵਿਕਾਸ | | | | | | | |
| ਅਧਿਆਪਕ ਲਿਆਉਣਾ ਤੇ ਲਾਉਣਾ | | | | | | | |
| ਨਿਗਰਾਨੀ | | | | | | | |
| ਤਨਖਾਹਾਂ ਦਾ ਭੁਗਤਾਨ | | | | | | | |
| ਅਧਿਆਪਕਾਂ ਦੀ ਟਰੇਨਿੰਗ | | | | | | | |
| ਪਾਠ ਪੁਸਤਕ ਦੀ ਰੂਪ ਰੇਖਾ | | | | | | | |
| ਪਾਠ ਪੁਸਤਕਾਂ ਦੀ ਵੰਡ | | | | | | | |
| ਪ੍ਰਮਾਣੀਕਰਣ | | | | | | | |
| ਇਮਾਰਤ ਅਤੇ ਸਾਂਭ-ਸੰਭਾਲ | | | | | | | |

ਬਰੇਅ 2000 ਸਾਰਣੀ 1, ਸਫਾ 20 ਤੋਂ ਗ੍ਰਹਿਣ

**ਤੁਹਾਡੀ ਪ੍ਰਗਤੀ ਦੀ ਪਰਖ - 3**

**ਨੋਟ :** ਉੱਤਰ ਲਿਖਣ ਲਈ ਸਥਾਨ ਦਿੱਤਾ ਗਿਆ ਹੈ।

1. ਸਮੁਦਾਇ ਸਕੂਲੀ ਸਿੱਖਿਆਂ ਵਿੱਚ ਕਿਵੇਂ ਯੋਗਦਾਨ ਪਾ ਸਕਦਾ ਹੈ?

---------------------------------------------------------------
---------------------------------------------------------------
---------------------------------------------------------------
-----------------------------------

2. ਆਪਣੇ ਇਲਾਕੇ ਤੋਂ ਜਾਣਕਾਰੀ ਹਾਸਲ ਕਰੋ ਅਤੇ ਲਿਖੋ ਕਿ ਕਿਨ੍ਹਾਂ ਢੰਗਾਂ ਨਾਲ ਸਮੁਦਾਇ ਬੱਚਿਆਂ ਦੀ ਸਿੱਖਿਆ ਵਿੱਚ ਸੁਧਾਰ 'ਚ ਭਾਗ ਲੈਂਦਾ ਹੈ?

------------------------------------------------------------
------------------------------------------------------------
------------------------------------------------------------
---------------------------------

ਨੋਟ

## 3.7 ਸਕੂਲੀ ਸਿੱਖਿਆ ’ਚ ਸੁਧਾਰ ਲਈ ਸਮੁਦਾਇ ਦੀ ਭੂਮਿਕਾ ਨਿਭਾਅ ਸਕਦਾ ਹੈ

ਸਮੁਦਾਇ ਸਕੂਲ ਦੇ ਪ੍ਰਿੰਸੀਪਲ ਅਤੇ ਅਧਿਆਪਕਾਂ ਨਾਲ ਕੰਮ ਕਰਕੇ ਸਕੂਲੀ ਸਿੱਖਿਆ ਨੂੰ ਉੱਨਤ ਕਰ ਸਕਦਾ ਹੈ, ਉਹ ਇੱਕ ਦਬਾਅ ਸਮੂਹ ਜਾਂ ਨਿਗਰਾਨ ਦੇ ਤੌਰ ’ਤੇ ਕੰਮ ਕਰ ਸਕਦੇ ਹਨ, ਜੇਕਰ ਉਹ ਸਕੂਲ ਦੀ ਕਾਰਗੁਜ਼ਾਰੀ ਵਿੱਚ ਕੋਈ ਅਨਿਯਮਤਤਾ ਪਾਉਂਦੇ ਹਨ। ਸਮੁਦਾਇ ਨਿਮਨ ਕਿਰਿਆਵਾਂ ਨਿਭਾਅ ਸਕਦਾ ਹੈ :

- ਵਿਦਿਅਕ ਲਾਰਿਆਂ ਬਾਰੇ ਜਾਗਰੂਕਤਾ ਉਤਪੰਨ ਕਰਕੇ ਅਤੇ ਹਾਜ਼ਰੀ ਵਧਾ ਕੇ;
- ਸਕੂਲਾਂ ਦਾ ਪ੍ਰਬੰਧਨ ਕਰਨ ਲਈ ਪਿੰਡ ਦੀਆਂ ਸਿੱਖਿਆ ਕਮੇਟੀਆਂ/ਵਾਰਡ ਸਿੱਖਿਆ ਕਮੇਟੀਆਂ/ਸਕੂਲ ਪ੍ਰਬੰਧਨ ਕਮੇਟੀਆਂ ਵਿੱਚ ਨੁਮਾਇੰਦਗੀ ਕਰਕੇ;
- ਸਕੂਲੀ ਵਿਦਿਆਰਥੀਆਂ ਦੀ ਰੋਜ਼ਾਨਾ ਹਾਜ਼ਰੀ ਦਰ ਨੂੰ ਵਧਾ ਕੇ;
- ਸਕੂਲ ਵਿੱਚ ਲੜਕੀਆਂ ਦੀ ਬਰਕਰਾਰੀ ਰੱਖ ਕੇ;
- ਕਲਾਸਰੂਮ ਵਿੱਚ ਅਧਿਆਪਕਾਂ ਦੀ ਸਿਖਲਾਈ ਦੇ ਪ੍ਰੇਖਣ ਵਾਸਤੇ ਮਾਪਿਆਂ ਦੀ ਗਿਣਤਾ ਵਧਾ ਕੇ;
- ਸਕੂਲੀ ਅਧਿਆਪਕਾਂ ਦਾ ਮਨੋਬਲ ਉੱਚਾ ਕਰਕੇ;
- ਸਕੂਲ ਵਿੱਚ ਵਿੱਤੀ ਵਸੀਲਿਆਂ ਦੀ ਉਚਿਤ ਵਰਤੋਂ ਦੀ ਨਿਗਰਾਨੀ ਕਰਕੇ;
- ਅਧਿਆਪਕਾਂ ਦੀ ਨਿਯੁਕਤੀ ਅਤੇ ਸਹਾਰਾ ਦੇ ਕੇ;
- ਸਕੂਲ ਦੀ ਲੋਕੇਸ਼ਨ ਅਤੇ ਸਾਰਣੀਆਂ ਬਾਰੇ ਨਿਰਣੇ ਲੈ ਕੇ;
- ਅਧਿਆਪਕਾਂ ਦੀ ਹਾਜ਼ਰੀ ਅਤੇ ਕਾਰਗੁਜ਼ਾਰੀ ਦਾ ਅਨੁਕਰਣ ਅਤੇ ਨਿਗਰਾਨੀ ਕਰਕੇ;
- ਬੱਚਿਆਂ ਦੀ ਸਿਖਲਾਈ ਪ੍ਰਗਤੀ ਬਾਰੇ ਜਾਣਨ ਲਈ ਸਕੂਲ ਦੀਆਂ ਮੀਟਿੰਗਾਂ ’ਚ ਸਰਗਰਮੀ ਨਾਲ ਭਾਗ ਲੈ ਕੇ;
- ਹੁਨਰ ਸੋਧ ਅਤੇ ਸਥਾਨਕ ਸੱਭਿਆਚਾਰਕ ਜਾਣਕਾਰੀ ਉਪਲੱਬਧ ਕਰਕੇ;
- ਅਧਿਐਨ ਦੁਆਰਾ ਬੱਚਿਆਂ ਦੀ ਮਦਦ ਕਰਕੇ;
- ਵਿਦਿਅਕ ਸਮੱਸਿਆਵਾਂ ’ਚ ਯੋਗਦਾਨ ਪਾਉਣ ਵਾਲੇ ਕਾਰਕਾਂ ਦੀ ਪਛਾਣ ਕਰਕੇ ਅਤੇ ਸੰਭਵ ਸਮਾਧਾਨਾਂ ਦੀ ਚਰਚਾ ਕਰਕੇ;

## 3.8 ਸਕੂਲ – ਮਾਤਾ ਪਿਤਾ ਅਤੇ ਸਮੁਦਾਇਕ ਭਾਈਵਾਲੀ ਨੂੰ ਵਿਕਸਤ ਕਰਨਾ

ਤੇਜ਼ੀ ਨਾਲ, ਇਹ ਸਪਸ਼ਟ ਹੁੰਦਾ ਜਾ ਰਿਹਾ ਹੈ ਕਿ ਸਕੂਲਾਂ ਅਤੇ ਸਮੁਦਾਇਆਂ ਨੂੰ ਸਿੱਖਿਆ ਦੇ ਮਿਆਰ ਵਿੱਚ ਸੁਧਾਰ ਲਈ ਇੱਕ-ਦੂਜੇ ਨਾਲ ਮਿਲਕੇ ਕੰਮ ਕਰਨਾ ਚਾਹੀਦਾ ਹੈ। ਵਿਕਾਸ ਅਤੇ ਸਿਖਲਾਈ ਅਤੇ ਤੰਦਰੁਸਤ ਵਿਕਾਸ ਨੂੰ ਉੱਨਤ ਕਰਨ ਵਿੱਚ ਮੁਖਾਤਬ (ਦਰਪੇਸ਼) ਅੜਿੱਕਿਆਂ ਦੇ

ਨੋਟ

ਸੰਬੰਧ ਵਿੱਚ ਸਕੂਲ ਜਾ ਰਹੇ ਹਨ ਕਿ ਉਹ ਆਪਣੀ ਜ਼ਿੰਮੇਵਾਰੀ ਬਿਹਤਰ ਢੰਗ ਨਾਲ ਨਿਭਾਅ ਸਕਦੇ ਹਨ ਜਦੋਂ ਉਹ ਸਮੁਦਾਇ ਦਾ ਇੱਕ ਅਨਿੱਖੜਵਾਂ ਅਤੇ ਸਾਕਾਰਾਤਮਕ ਭਾਗ ਹੁੰਦੇ ਹਨ। ਬਿਨਾਂ ਸ਼ੱਕ, ਕਈ ਸਕੂਲਾਂ ਲਈ ਆਪਣੇ ਵਿਦਿਅਕ ਮੰਤਵ ਨਾਲ ਸਫਲ ਹੋਣ ਲਈ, ਉਨ੍ਹਾਂ ਨੂੰ ਸਮੁਦਾਇ ਦੇ ਸੋਮਿਆਂ ਦੀ ਲੋੜ ਪੈਂਦੀ ਹੈ, ਜਿਵੇਂ ਕਿ ਪਰਿਵਾਰਕ ਮੈਂਬਰ, ਗੁਆਂਢ ਦੇ ਆਗੂ, ਕਾਰੋਬਾਰੀ ਸਮੂਹ, ਧਾਰਮਿਕ ਸੰਸਥਾਵਾਂ, ਜਨਤਕ ਅਤੇ ਨਿੱਜੀ ਏਜੰਸੀਆਂ, ਲਾਇਬ੍ਰੇਰੀਆਂ, ਪਾਰਕ ਅਤੇ ਮਨਪਰਚਾਵਾ, ਸਮੁਦਾਇ ਆਧਾਰਤ ਸੰਗਠਨ, ਨਾਗਰਿਕ ਸਮੂਹ, ਸਥਾਨਕ ਸਰਕਾਰਾਂ। ਜੇਕਰ ਸਮੁਦਾਇ ਸਕੂਲ ਨਾਲ ਰੁੱਝਿਆ ਹੋਇਆ ਹੈ, ਇਹ ਸਕੂਲ ਦੇ ਪ੍ਰਬੰਧਨ ਅਤੇ ਵਿਦਿਆਰਥੀ ਦੀ ਕਾਰਗੁਜ਼ਾਰੀ ਨੂੰ ਸੁਧਾਰਦਾ ਹੈ। ਸਮੁਦਾਇ ਦੀ ਕਿਰਿਆਸ਼ੀਲਤਾ ਨਾਲ ਸਕੂਲ ਵਿੱਚ ਭਾਗ ਲੈਣ ਵਾਸਤੇ ਉਨ੍ਹਾਂ ਨੂੰ ਇੱਕ ਸਕੂਲ ਦੀਆਂ ਚੁਣੌਤੀਆਂ ਅਤੇ ਸਫਲਤਾ ਬਾਰੇ ਜਾਣਕਾਰੀ ਦੇਣੀ ਜ਼ਰੂਰੀ ਹੈ, ਇਹ ਜਾਣੋ ਕਿ ਉਹ ਕਿਵੇਂ ਸਕੂਲ ਦੀ ਪ੍ਰਾਪਤੀ ਵਿੱਚ ਯੋਗਦਾਨ ਅਤੇ ਗੌਰਵ ਦੀ ਅਨੁਭੂਤੀ ਕਰ ਸਕਦੇ ਹਨ। ਸਕੂਲ ਆਪਣੀ ਕਾਰਗੁਜ਼ਾਰੀ ਬਿਹਤਰ ਕਰ ਸਕਦਾ ਹੈ, ਜੇਕਰ ਸਕੂਲ ਅਤੇ ਸਮੁਦਾਇ ਵਿੱਚ ਬਿਹਤਰ ਸੰਪਰਕ ਹੈ ਜਿਹੜਾ ਕਿ ਨਿਮਨ ਢੰਗਾਂ ਨਾਲ ਸਥਾਪਤ ਕੀਤਾ ਜਾ ਸਕਦਾ ਹੈ।

- **ਮਾਪੇ ਅਤੇ ਸਕੂਲ ਜਿਹੜੇ ਨਿਯਮਤ ਅਤੇ ਸਪਸ਼ਟ ਤੌਰ 'ਤੇ ਸੰਚਾਰ ਕਰਦੇ ਹਨ :**
  ਉਹ ਵਿਦਿਆਰਥੀਆਂ ਦੀ ਸਫਲਤਾ ਲਈ ਅਹਿਮ ਜਾਣਕਾਰੀ ਵੰਡਦੇ ਹਨ। ਅਧਿਆਪਕ ਪਰਿਵਾਰਾਂ ਨੂੰ ਸਿੱਖਣ ਦੇ ਉਦੇਸ਼ਾਂ, ਸਕੂਲ ਦੇ ਪ੍ਰੋਗ੍ਰਾਮਾਂ ਅਤੇ ਵਿਦਿਆਰਥੀਆਂ ਦੀਆਂ ਕਾਰਗੁਜ਼ਾਰੀਆਂ ਬਾਰੇ ਦੱਸਦੇ ਹਨ। ਮਾਪੇ ਕ੍ਰਿਆਸ਼ੀਲਤਾ ਨਾਲ ਸੱਭਿਆਚਾਰਕ ਪ੍ਰੋਗ੍ਰਾਮਾਂ ਅਤੇ ਖੇਡਾਂ ਵਿੱਚ ਸ਼ਮੂਲੀਅਤ ਕਰਦੇ ਹਨ ਜਿਹੜੇ ਕਿ ਸਕੂਲਾਂ ਵੱਲੋਂ ਆਯੋਜਿਤ ਕੀਤੇ ਜਾਂਦੇ ਹਨ।
- **ਸਕੂਲ ਜਿਹੜੇ ਸੁਵਿਵਸਥਿਤ ਹਨ :** ਸਮੁਦਾਇ ਉਨ੍ਹਾਂ ਸਕੂਲਾਂ ਨੂੰ ਯੋਗਦਾਨ ਪਾਉਣ ਦੇ ਯੋਗ ਹੋਵੇਗਾ, ਜਿਹੜੇ ਸਕੂਲ ਪ੍ਰਬੰਧਨ ਕਮੇਟੀਆਂ ਦੀ ਰਚਨਾ ਕਰਦੇ ਹਨ ਅਤੇ ਭਿੰਨ ਸਮਾਜਕ-ਆਤਰਥਕ ਸਮੂਹਾਂ ਦੇ ਮਾਪਿਆਂ ਨੂੰ ਨੁਮਾਇੰਦਗੀ ਦਿੰਦੇ ਹਨ। ਮੀਟਿੰਗਾਂ ਨਿਯਮਤ ਹੁੰਦੀਆਂ ਹਨ ਅਤੇ ਦਿੱਤੇ ਮਸ਼ਵਰਿਆਂ 'ਤੇ ਅਮਲ ਹੁੰਦਾ ਹੋਵੇ।
- **ਸਕੂਲ ਜਿਹੜੇ ਮਾਪਿਆਂ ਦੀ ਸ਼ਮੂਲੀਅਤ ਨੂੰ ਹੱਲਾਸ਼ੇਰੀ ਦਿੰਦੇ ਹਨ :**
  ਮਾਪਿਆਂ ਅਤੇ ਸਰਪ੍ਰਸਤਾਂ ਦਾ ਹੈੱਡ ਟੀਚਰ ਦੇ ਦਫਤਰ ਅਤੇ ਕਲਾਸਰੂਮਾਂ ਵਿੱਚ ਗਰਮਜੋਸ਼ੀ ਨਾਲ ਸੁਆਗਤ ਕੀਤਾ ਜਾਂਦਾ ਹੈ। ਮਾਪਿਆਂ ਦੇ ਮਸ਼ਵਰਿਆਂ ਦੀ ਕਦਰ ਕੀਤੀ ਜਾਂਦੀ ਹੈ ਅਤੇ ਉਨ੍ਹਾਂ 'ਤੇ ਅਮਲ ਕੀਤਾ ਜਾਂਦਾ ਹੈ।
- **ਅਧਿਆਪਕ, ਜਿਹੜੇ ਮਾਪਿਆਂ ਨੂੰ ਸੇਧ ਅਤੇ ਸਲਾਹ ਦਿੰਦੇ ਹਨ :** ਜੇਕਰ ਮਾਪੇ ਬੱਚੇ ਬਾਰੇ ਚਿੰਤਤ ਹਨ ਜਾਂ ਫੇਰ ਬੱਚੇ ਨੂੰ ਵਿਸ਼ੇਸ਼ ਲੋੜ ਹਨ, ਅਧਿਆਪਕ ਦੇਖ-ਰੇਖ ਅਤੇ ਕਾਉਂਸਲਿੰਗ ਲਈ ਤਿਆਰ ਹੋਣ। ਅਧਿਆਪਕ ਉਨ੍ਹਾਂ ਢੰਗਾਂ ਬਾਰੇ ਵੀ ਤਿਆਰ ਹੋਣ, ਜਿਨ੍ਹਾਂ ਰਾਹੀਂ ਮਾਪੇ ਆਪਣੇ ਬੱਚਿਆਂ ਦੀ ਪ੍ਰਗਤੀ ਦੀ ਨਿਗਰਾਨੀ ਕਰ ਸਕਣ ਅਤੇ ਉਨ੍ਹਾਂ ਦਾ ਹੋਮ ਵਰਕ ਚੈਕ ਕਰ ਸਕਣ। ਸਾਰੇ ਮਾਪੇ ਅਤੇ ਸਰਪ੍ਰਸਤ, ਇੱਥੋਂ ਤੱਕ ਕਿ ਜਿਹੜੇ ਪੜ੍ਹ-ਲਿੱਖ ਨਹੀਂ ਸਕਦੇ ਦਾ ਸਨਮਾਨ ਕੀਤਾ ਜਾਵੇ।

ਨੋਟ

- **ਮਾਪੇ ਅਤੇ ਸਰਪ੍ਰਸਤ ਜਿਹੜੇ ਸਕੂਲਾਂ ਵਿੱਚ ਆਪਣਾ ਹੁਨਰ ਅਤੇ ਗਿਆਨ ਵੰਡਦੇ ਹਨ :** ਮਾਪੇ ਕਲਾਸਰੂਮ ਮਦਦਗਾਰ ਵਾਂਗ ਸੇਵਾ ਪ੍ਰਦਾਨ ਕਰਨ, ਫੀਲਡ ਦੌਰਿਆਂ 'ਚ ਮਦਦ ਕਰਨ, ਖੇਡਾਂ 'ਚ ਸਿਖਲਾਈ ਦੇਣ, ਲੰਚ ਵਿੱਚ ਮਦਦ, ਸਕੂਲ ਹਾਈਜੀਨ ਦੀ ਨਿਗਰਾਨੀ ਕਰਨ, ਜਿਵੇਂ ਕਿ ਪਖਾਨੇ ਅਤੇ ਹੱਥ ਧੋਣ ਦੀਆਂ ਸੁਵਿਧਾਵਾਂ, ਅਧਿਆਪਨ ਸਾਮੱਗਰੀ ਉਪਲੱਬਧ ਕਰਨ ਜਿਵੇਂ ਕਿ ਵਰਤੇ ਹੋਏ ਬਕਸੇ, ਬੀਜ, ਫਾਲਤੂ (ਰੱਦ) ਸਾਮੱਗਰੀ ਦੇਣ, ਸਰੋਤ ਵਿਅਕਤੀ 'ਤੇ ਕਿਰਿਆ ਕਰਣ, ਚੁਣੇ ਹੋਏ ਮੁੱਦਿਆਂ ਉੱਪਰ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਲਈ ਤਿਆਰ ਹੋਣ, ਸਕੂਲੀ ਪ੍ਰੋਗ੍ਰਾਮ ਆਯੋਜਿਤ ਕਰਨ ਵਿੱਚ ਮਦਦ ਕਰਣ, ਜਿਵੇਂ ਕਿ ਸਾਲਾਨਾ ਦਿਵਸ, ਰਾਸ਼ਟਰੀ ਤਿਉਹਾਰ, ਨਾਟਕ, ਸੰਗੀਤ ਅਤੇ ਨ੍ਰਿਤ ਵਿੱਚ ਵਿਦਿਆਰਥੀਆਂ ਦੀ ਕਾਰਗੁਜ਼ਾਰੀ 'ਚ ਹਾਜ਼ਰ ਹੋਣ ਅਤੇ ਸਕੂਲੀ ਗਤੀਵਿਧੀਆਂ ਵਿੱਚ ਕਿਰਿਆਸ਼ੀਲ ਸ਼ਮੂਲੀਅਤ ਕਰਣ।

## 3.9 ਸਮੁਦਾਇ ਕਿਵੇਂ ਸਥਾਨਕ ਵਸੀਲਿਆਂ ਨੂੰ ਸ਼ਨਾਖਤ ਅਤੇ ਗਤੀਸ਼ੀਲ ਕਰ ਸਕਦਾ ਹੈ

### ਕੇਸ 2: ਸੂਖਮ ਯੋਜਨਾ ਵਿੱਚ ਸਮੁਦਾਇ ਦੀ ਸ਼ਮੂਲੀਅਤ

ਮੈਂ ਇੱਕ ਵਾਲੰਟੀਅਰ ਹਾਂ ਅਤੇ ਕਰੋਲੀ ਪਿੰਡ ਵਿੱਚ ਕੰਮ ਕਰਦਾ ਹਾਂ। ਇਸ ਦੀ ਵਸੋਂ 5300 ਲੋਕਾਂ ਦੇ ਲਗਭਗ ਹੈ ਅਤੇ ਸਿਰਫ ਇੱਕ ਸਕੂਲ ਹੈ, ਜਿਹੜਾ ਕਿ ਅੱਠਵੀਂ ਜਮਾਤ ਤੱਕ ਸਿੱਖਿਆ ਪ੍ਰਦਾਨ ਕਰਦਾ ਹੈ। ਪਿੰਡ ਵਿੱਚ ਮੁੱਖ ਵਿਦਿਅਕ ਸਮੱਸਿਆ ਹੈ ਕਿ ਸਾਰੇ ਹੀ ਬਾਸ਼ਿੰਦਿਆਂ ਦੇ ਨੇੜੇ ਸਕੂਲ ਨਹੀਂ ਹੈ, ਗਰੀਬੀ ਕਾਰਣ ਵੱਡੀ ਗਿਣਤੀ ਵਿੱਚ ਬੱਚੇ (25% ਦੇ ਕਰੀਬ), ਸਕੂਲਾਂ ਵਿੱਚ ਦਾਖਲ ਨਹੀਂ ਹਨ ਅਤੇ ਉਨ੍ਹਾਂ ਦਾ 30% ਅੱਠਵੀਂ ਜਮਾਤ ਤੋਂ ਪਹਿਲਾਂ ਸਕੂਲ ਛੱਡ ਦਿੰਦੇ ਹਨ। ਟਰੇਨਿੰਗ ਲੈਣ ਤੋਂ ਬਾਅਦ ਮੈਂ ਸੋਚਿਆ ਕਿ ਮੈਂ ਕਿਵੇਂ ਹੋਰਨਾਂ ਸਮੁਦਾਇ ਦੇ ਮੈਂਬਰਾਂ ਨੂੰ ਕਿਵੇਂ ਉਨ੍ਹਾਂ ਦੀਆਂ ਇਨ੍ਹਾਂ ਸਮੱਸਿਆਵਾਂ ਦੇ ਸਮਾਧਾਨ ਲਈ ਸ਼ਾਮਲ ਕਰ ਸਕਦੀ ਹਾਂ? ਕੀ ਸਮੁਦਾਇ ਵਿੱਚ ਇਸ ਵਾਸਤੇ ਹੋਰ ਕੋਈ ਸੋਮੇ ਹਨ।

ਕੁਝ ਹੋਰ ਸਮੁਦਾਇ ਦੇ ਮੈਂਬਰਾਂ ਨਾਲ ਸੰਪਰਕ ਕੀਤਾ ਗਿਆ ਅਤੇ ਉਹ ਮੇਰੀ ਮਦਦ ਵਾਸਤੇ ਰਾਜ਼ੀ ਹੋ ਗਏ। ਪਹਿਲਾ ਕੰਮ ਜਿਹੜਾ ਅਸੀਂ ਕੀਤਾ, ਪਿੰਡ ਬਾਰੇ ਸੰਪੂਰਣ ਜਾਣਕਾਰੀ ਇਕੱਤਰ ਕਰਨੀ ਸੀ। ਪਿੰਡ ਦੀ ਸਿੱਖਿਆ ਕਮੇਟੀ ਦੇ ਮੈਂਬਰਾਂ ਦੀ ਮਦਦ ਨਾਲ ਅਸੀਂ ਜ਼ਮੀਨ ਉੱਪਰ ਪਿੰਡ ਦਾ ਨਕਸ਼ਾ ਚਿਤਰਤ ਕੀਤਾ ਅਤੇ ਭਿੰਨ ਮਕਾਨਾਂ, ਸੰਸਥਾਵਾਂ, ਧਾਰਮਿਕ ਸਥਾਨਾਂ, ਖੂਹਾਂ, ਸਿਹਤ ਕੇਂਦਰ, ਸਮੁਦਾਇਕ ਕੇਂਦਰ ਅਤੇ ਹੋਰਨਾਂ ਥਾਵਾਂ ਦੀ ਸ਼ਨਾਖਤ ਕੀਤੀ। ਅਸੀਂ ਭਿੰਨ ਰੰਗਾਂ, ਪੱਥਰਾਂ, ਪੱਤਿਆਂ, ਕਾਗਜ਼ੀ ਝੰਡੇ ਅਤੇ ਹੋਰ ਸਾਮੱਗਰੀ ਦੀ ਵਰਤੋਂ ਇਨ੍ਹਾਂ ਸਥਾਨਾਂ ਦੀ ਪਛਾਣ ਲਈ ਕੀਤੀ।

ਅਸੀਂ ਇਸ ਨਕਸ਼ੇ ਦੀ ਕੁਲ ਵਸੋਂ ਲੱਭਣ ਅਤੇ ਉਨ੍ਹਾਂ ਘਰਾਂ ਦੀ ਪਛਾਣ ਲਈ ਵੀ ਕੀਤੀ ਜਿਨ੍ਹਾਂ ਦੇ 6-17 ਸਾਲ ਦੀ ਉਮਰ ਤੱਕ ਦੇ ਬੱਚੇ ਸਨ। ਅਸੀਂ ਉਨ੍ਹਾਂ ਘਰਾਂ ਦੀ ਵੀ ਸ਼ਨਾਖਤ ਕੀਤੀ ਜਿਨ੍ਹਾਂ ਘਰਾਂ ਤੋਂ ਬੱਚੇ ਸਕੂਲ ਜਾਂਦੇ ਸਨ, ਉਹ ਘਰ, ਜਿੱਥੇ ਬੱਚੇ ਕਦੇ ਵੀ ਸਕੂਲ ਨਹੀਂ ਗਏ ਜਾਂ ਫੇਰ ਛੱਡ ਗਏ। ਪਰਿਵਾਰਕ ਮੈਂਬਰਾਂ ਦੇ ਕਿੱਤਿਆਂ ਅਤੇ ਆਮਦਨ ਦਾ ਵੇਰਵਾ ਵੀ ਇਕੱਤਰ ਕੀਤਾ।

ਇਸ ਕਿਸਮ ਦੀ ਜਾਣਕਾਰੀ ਲਾਹੇਵੰਦ ਸੀ, ਕਿਉਂਕਿ ਇਸ ਨੇ ਸਹੂਲਤਾਂ ਦੀਆਂ ਕਿਸਮਾਂ ਬਾਰੇ ਵੀ ਅਨੁਮਾਨ ਦਿੱਤਾ ਜਿਹੜਾ ਕਿ ਸ਼ਹਿਰੀ ਇਲਾਕਿਆਂ ਦੇ ਪਿੰਡਾਂ/ਵਾਰਡਾਂ ਵਿੱਚ ਵਿਦਮਾਨ ਹੈ। ਜਾਣਕਾਰੀ, ਜਿਹੜੀ ਨਕਸ਼ਾ ਉਪਲੱਬਧ ਕਰ ਸਕਦੀ ਸੀ

- ਪਿੰਡ ਵਿਚਲੇ ਹਰੇਕ ਘਰ ਦੀ ਲੋਕੇਸ਼ਨ ਅਤੇ ਘਰਾਂ ਦੀ ਗਿਣਤੀ
- ਪਿੰਡ/ਵਾਰਡ ਦਾ ਬੁਨਿਆਦੀ ਢਾਂਚਾ, ਆਂਗਣਵਾੜੀ, ਪ੍ਰੀ-ਸਕੂਲ, ਸਕੂਲ/ਸਿਹਤ ਕੇਂਦਰ ਦੀ ਲੋਕੇਸ਼ਨ
- ਹਰੇਕ ਘਰ ਵਿਚਲੇ ਮੈਂਬਰਾਂ ਦੀ ਗਿਣਤੀ
- ਹਰੇਕ ਘਰ ਵਿੱਚੋਂ ਸਕੂਲ ਜਾਂਦੇ ਬੱਚਿਆਂ ਦੀ ਗਿਣਤੀ ਅਤੇ ਨਾਂ ਜਾਣ ਵਾਲੇ ਬੱਚਿਆਂ ਦੀ ਗਿਣਤੀ
- ਦੋਵੇਂ ਪੁਰਸ਼ ਤੇ ਇਸਤਰੀ ਪੜ੍ਹੇ ਲਿਖੇ/ਅਨਪੜ੍ਹਾਂ ਦੀ ਸੰਖਿਆ।

ਨਕਸ਼ਾ ਚਿਤਰਣ ਕਰਨ ਤੋਂ ਬਾਅਦ ਅਸੀਂ ਇਹ ਸ਼ਨਾਖਤ ਕਰਨ ਵਿੱਚ ਸਫਲ ਹੋਏ ਕਿ ਕੀ ਸਕੂਲਾਂ ਦੀ ਗਿਣਤੀ ਕਾਫੀ ਹੈ ਜਾਂ ਫੇਰ ਹੋਰ ਸਕੂਲ ਖੋਲ੍ਹਣ ਦੀ ਲੋੜ ਹੈ। ਅਸੀਂ ਸਮੁਦਾਇ ਦੇ ਮੈਂਬਰਾਂ ਨਾਲ ਬੈਠ ਸਕੇ ਅਤੇ ਸਕੂਲੀ ਸਹੂਲਤਾਂ, ਬੱਚਿਆਂ ਦੀ ਭਾਗੀਦਾਰੀ ਆਦਿ ਦੀ ਉਪਲੱਬਧਤਾ ਨਾਲ ਸੰਬੰਧਤ ਵਿਦਿਅਕ ਸਮੱਸਿਆਵਾਂ ਬਾਰੇ ਚਰਚਾ ਕਰ ਸਕੇ। ਇਸ ਚਰਚਾ ਨੇ ਸਾਨੂੰ ਵਿਦਿਅਕ ਸਮੱਸਿਆਵਾਂ ਨੂੰ ਸਮਝਣ ਵਿੱਚ ਮਦਦ ਕੀਤੀ ਅਤੇ ਸਮੁਦਾਇ ਦੇ ਮੈਂਬਰਾਂ ਨੇ ਰਣਨੀਤੀਆਂ ਸੁਝਾਈਆਂ - ਉਨ੍ਹਾਂ ਸਥਾਨਾਂ ਦੀ ਸ਼ਨਾਖਤ ਕਰਨਾ ਜਿੱਥੇ ਹੋਰ ਸਕੂਲ ਖੋਲ੍ਹੇ ਜਾ ਸਕਣ, ਸਕੂਲਾਂ ਦੇ ਸਮੇਂ ਦੀ ਵਿਵਸਥਾ ਕੀਤੀ ਜਾ ਸਕੇ, ਨਾਲ ਹੀ ਸਕੂਲ ਦੀ ਨੇਮਾਵਲੀ, ਤਾਂ ਜੋ ਆ ਸਕਣ ਅਤੇ ਸ਼ਾਮਲ ਹੋ ਸਕਣ, ਸਥਾਨਕ ਅਧਿਆਪਕਾਂ ਦੀ ਨਿਯੁਕਤੀ ਕੀਤੀ ਜਾ ਸਕੇ।




ਇੰਡੀਆ ਇੰਸਟੀਚਿਊਟ ਵੱਲੋਂ ਪਟਨਾ ਵਿੱਚ ਮੈਪਿੰਗ

## ਤੁਹਾਡੀ ਪ੍ਰਗਤੀ ਦੀ ਪਰਖ - 4

**ਨੋਟ :** ਉੱਤਰ ਲਿਖਣ ਲਈ ਸਥਾਨ ਦਿੱਤਾ ਗਿਆ ਹੈ।





1. ਵਿਦਿਅਕ ਰੁਤਬੇ (ਦਰਜਾ) ਨੂੰ ਸਮਝਣ ਲਈ ਕਿਸ ਕਿਸਮ ਦੀ ਜਾਣਕਾਰੀ ਲੋੜੀਂਦੀ ਹੁੰਦੀ ਹੈ।

- ਅਨਪੜ੍ਹਾਂ ਦੀ ਗਿਣਤੀ

  ____________________________________________

2. ਪਿੰਡ/ਵਾਰਡ ਦਾ ਨਕਸ਼ਾ ਤਿਆਰ ਕਰਨ ਲਈ ਕੌਣ ਸਾਡੀ ਮਦਦ ਕਰੇਗਾ।

- ਸਮੁਦਾਇ ਦੇ ਮੈਂਬਰ

  ____________________________________________

ਪਿੰਡ/ਵਾਰਡ ਦੇ ਨਕਸ਼ੇ ਨੂੰ ਵਿਕਸਤ ਕਰਨ ਦੀ ਪ੍ਰਕਿਰਿਆ ਨੂੰ ਸੂਖਮ ਯੋਜਨਾ ਕਿਹਾ ਜਾਂਦਾ ਹੈ। ਸੂਖਮ ਯੋਜਨਾ ਨੂੰ ਨਿਮਨ ਦੀ ਸਹਾਇਤਾ ਨਾਲ ਕੀਤਾ ਜਾ ਸਕਦਾ ਹੈ :

- ਸਰਵੇਖਣ
- ਭਾਈਵਾਲੀ ਸਿੱਖਿਆ ਅਤੇ ਅਮਲ (PLA) ਤਕਨੀਕਾਂ
- ਫੋਕਸ ਸਮੂਹ ਚਰਚਾ
- ਵਿਚਾਰ
- ਘਰ-ਘਰ ਸਰਵੇਖਣ
- ਪ੍ਰੇਖਣ

### 3.9.1 ਭਾਈਵਾਲੀ ਸਿੱਖਿਆ ਅਤੇ ਅਮਲ (ਪੀ ਐਲ ਏ) ਤਕਨੀਕਾਂ

ਭਾਈਵਾਲੀ ਸਿੱਖਿਆ ਅਤੇ ਅਮਲ ਤਕਨੀਕਾਂ ਜਾਣਕਾਰੀ (ਸੂਚਨਾ) ਦੇ ਸੰਚਾਰ ਲਈ ਪ੍ਰਤੀਕਾਂ ਦੀ ਵਰਤੋਂ ਉੱਪਰ ਨਿਰਭਰ ਕਰਦੀ ਹੈ। ਇਹ ਪਹੁੰਚ ਪ੍ਰਭਾਵੀ ਹੈ ਕਿਉਂਕਿ ਇਹ ਅਨਪੜ੍ਹ ਬਾਲਗਾਂ ਅਤੇ ਬੱਚਿਆਂ ਨੂੰ ਭਾਗ ਲੈਣ ਲਈ ਹੱਲਾਸ਼ੇਰੀ ਦਿੰਦੀ ਹੈ, ਇਸ ਤਰ੍ਹਾਂ ਗੱਲਬਾਤ ਵਿੱਚ ਯੋਗਦਾਨ ਪਾਉਣ ਵਾਲੇ ਵਿਅਕਤੀਆਂ ਦੀ ਸੰਖਿਆ ਵੱਧਦੀ ਹੈ।

### 3.9.2 ਚਪਾਤੀ ਸਮੁਦਾਇਕ ਸੁਪਨਸਾਜ਼ੀ

ਇਹ ਚਪਾਤੀਆਂ ਦੀ ਪ੍ਰਤੀਕਾਤਮਕ ਵਰਤੋਂ ਨੂੰ ਸ਼ਾਮਲ ਕਰਦਾ ਹੈ। ਚਪਾਤੀ ਇੱਕ ਚਪਟਾ, ਗੋਲਾਕਾਰ ਭੋਜਨ ਹੁੰਦਾ ਹੈ ਜਿਹੜੇ ਕਿ ਭਾਰਤੀ ਰੋਜ਼ਾਨਾ ਖਾਂਦੇ ਹਨ ਭਾਗੀਦਾਰਾਂ ਨੂੰ ਸ਼ਾਮਲ ਕਰਨ ਲਈ ਇੱਕ ਸੁਪਨਸਾਜ਼ੀ ਵਰਕਸ਼ਾਪ ਦੇ ਮਦਦਗਾਰ ਛੋਟੇ, ਮੱਧਮ ਅਤੇ ਗੋਲਾਕਾਰ ਗੱਤੇ ਦੇ ਵੱਡੇ ਟੁੱਕੜੇ ਵੰਡਦੇ ਹਨ। ਅਗਲਾ ਉਨ੍ਹਾਂ ਲੋਕਾਂ ਨੂੰ ਸਮੁਦਾਇ ਦੀਆਂ ਅਹਿਮ ਸਮੱਸਿਆਵਾਂ ਨਾਲ ਵੱਡੀ ਚਪਾਤੀ ਨਾਲ ਅੰਤਰਸੰਬਧਤ ਹੋਣ ਲਈ ਕਿਹਾ ਅਤੇ ਘੱਟ ਅਹਿਮ ਸਮੱਸਿਆਵਾਂ ਨੂੰ ਛੋਟੀ ਚਪਾਤੀ ਨਾਲ। ਵਰਕਸ਼ਾਪ ਦਾ ਅਨੁਕਰਣ ਕਰਦਿਆਂ ਇਹ ਚਪਾਤੀਆਂ ਪੋਸਟਰਾਂ 'ਤੇ ਚਿਪਕਾ ਦਿੱਤੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਨੂੰ ਅਹਿਮ ਅਤੇ ਜਨਤਕ ਥਾਵਾਂ 'ਤੇ ਪ੍ਰਦਰਸ਼ਤ ਕੀਤਾ ਜਾਂਦਾ ਹੈ ਤਾਂ ਜੋ ਜਾਗਰੂਕਤਾ ਪੈਦਾ ਕੀਤੀ ਜਾ ਸਕੇ, ਗੱਲਬਾਤ ਵਧਾਈ ਜਾ ਸਕੇ ਅਤੇ ਇਕੱਲੇ ਮੁੱਦੇ ਬਾਰੇ ਹਮਾਇਤ ਇਕੱਤਰ ਕੀਤੀ ਜਾ ਸਕੇ।

### 3.9.3 ਬੀਜਾਂ, ਛੜਾਂ ਅਤੇ ਝੰਡਿਆਂ ਦੀ ਵਰਤੋਂ



ਨੋਟ

ਜਾਣਕਾਰੀਆਂ ਨੂੰ ਇਕੱਤਰ ਕਰਨ ਲਈ ਜਿਹੜੀਆਂ ਚੱਲ ਰਹੀਆਂ ਸਮੱਸਿਆਵਾਂ ਜਾਂ ਸਥਿਤੀਆਂ ਦਾ ਵੇਰਵਾ ਦਿੰਦੀਆਂ ਹਨ, ਸਮੇਂ ਦੇ ਨਾਲ ਬਦਲ ਜਾਂਦੀਆਂ ਹਨ, ਮਦਦਗਾਰ (ਅਗਾਂਹ ਵਧਾਉਣ ਵਾਲੇ) ਮੌਸਮੀ ਡਾਇਆਗ੍ਰਾਮ ਵਾਲੀਆਂ ਤਕਨੀਕਾਂ ’ਤੇ ਭਰੋਸਾ ਕਰਦੇ ਹਨ। ਅੰਕੜਾ ਇਕੱਤਰਣ ਦੀ ਇਹ ਵਿਧੀ ਸਮੁਦਾਇਕ ਮੌਸਮੀ ਸੋਮੇ ਦੀ ਰਚਨਾ ਨੂੰ ਸੰਮਿਲਤ ਕਰਦੀ ਹੈ, ਜਿਨ੍ਹਾਂ ਨੂੰ ਬੀਜਾਂ ਵਾਗ ਛੋਟੇ ਵਸਤੂਆਂ ਦੀ ਵਰਤੋਂ ਨਾਲ ਆਬਾਦ ਕੀਤਾ ਜਾਂਦਾ ਹੈ। ਸ਼ੁਰੂ ਕਰਨ ਲਈ ਮਦਦਗਾਰ ਇੱਕ ਸੋਮੇ ਦੀ ਰਚਨਾ ਕਰਦਾ ਹੈ। ਹਰੇਕ ਕਤਾਰ ਇੱਕ ਸਮੱਸਿਆ ਨੂੰ ਚਿਤਰਤ ਕਰਦੀ ਹੈ, ਜਿਵੇਂ ਕਿ ਕੋਈ ਸਕੂਲ ਨਹੀਂ ਹੈ, ਭੀੜ ਭਰਿਆ ਸਕੂਲ, ਸਕੂਲ ਵਿੱਚ ਨਾਕਾਫੀ ਅਧਿਆਪਕ ਅਤੇ ਹਰੇਕ ਕਾਲਮ ਸਾਲ ਦੇ ਹਰੇਕ ਮਹੀਨੇ ਨੂੰ ਪੇਸ਼ ਕਰਦਾ ਹੈ। ਹਰੇਕ ਭਾਗ ਲੈਣ ਵਾਲੇ ਨੂੰ 12 ਬੀਜ ਦਿੱਤੇ ਜਾਂਦੇ ਹਨ ਅਤੇ ਸਾਲ ਦੇ ਸਮੇਂ ਨੂੰ ਸੰਕੇਤ ਕਰਦਾ ਹੈ ਜਦੋਂ ਹਰੇਕ ਘਟਨਾ ਵਾਪਰੀ ਹੁੰਦੀ ਹੈ, ਉਚਿਤ ਬਲਾਕ ਵਿੱਚ ਇੱਕ ਬੀਜ ਨੂੰ ਰੱਖਦਾ ਹੈ। ਜਿਵੇਂ ਕਿ ਦੋ ਪਹਿਲੀਆਂ ਮਿਸਾਲਾਂ ਵਿੱਚ ਪ੍ਰਦਰਸ਼ਤ ਕੀਤਾ ਗਿਆ ਹੈ, ਪੀ ਐੱਲ ਏ ਤਕਨੀਕਾਂ ਸੂਚਨਾ ਦੇ ਸੰਚਾਰ ਲਈ ਪ੍ਰਤੀਕਾਂ ਦੀ ਵਰਤੋਂ ਉੱਪਰ ਨਿਰਭਰ ਕਰਦੀਆਂ ਹਨ। ਇਹ ਪਹੁੰਚ ਪ੍ਰਭਾਵੀ ਹੈ, ਕਿਉਂਕਿ ਲੋਕ ਜਿਹੜੇ ਪੜ੍ਹੇ-ਲਿਖੇ ਨਹੀਂ ਹਨ, ਉਹ ਵੀ ਭਾਗ ਲੈ ਸਕਦੇ ਹਨ। ਇਸੇ ਤਰ੍ਹਾਂ ਸਮੁਦਾਇਕ ਮੈਪਿੰਗ ਅਮਲ ਨਾ ਸਿਰਫ ਬਸ਼ਿੰਦਿਆਂ ਨੂੰ ਜਾਣਕਾਰੀ ਵੰਡਣ ਦੀ ਪ੍ਰਵਾਨਗੀ ਦਿੰਦੇ ਹਨ, ਸਗੋਂ ਉਹ ਚਰਚਾ ਨੂੰ ਵੀ ਪ੍ਰੇਰਤ ਕਰਦੇ ਹਨ ਨਾਲ ਹੀ ਲੋਕਾਂ ਦੇ ਇੱਕ ਵੱਡੇ ਸਮੂਹ ਵਿਚਾਲੇ ਜੋਸ਼। ਮਦਦਗਾਰ ਜ਼ਮੀਨ ਉੱਪਰ ਸਿੱਧਿਆਂ ਹੀ ਸਮੁਦਾਇ ਦਾ ਨਕਸ਼ਾ ਚਿੱਤਰਣ ਕਰਨ ਲਈ ਚਾਕ ਦੀ ਵਰਤੋਂ ਕਰ ਸਕਦੇ ਹਨ। ਲੋਕਾਂ ਨੂੰ ਪੱਤਿਆਂ, ਰੋੜੀਆਂ ਅਤੇ ਛੜੀਆਂ ਦੀ ਵਰਤੋਂ ਉਨ੍ਹਾਂ ਦੇ ਘਰਾਂ ਬਾਰੇ ਅਹਿਮ ਆਬਾਦੀ ਸੰਬੰਧੀ ਜਾਣਕਾਰੀ ਨੂੰ ਸੰਕੇਤ ਕਰਨ ਲਈ ਵਰਤਣ ਵਾਸਤੇ ਕਿਹਾ ਜਾਂਦਾ ਹੈ। ਮਿਸਾਲ ਦੇ ਤੌਰ ’ਤੇ ਇੱਕ ਮਹਿਲਾ ਜਿਹੜੀ ਆਪਣੇ ਪਤੀ ਨਾਲ ਰਹਿੰਦੀ ਹੈ, ਉਸ ਦੀ ਮਾਂ ਅਤੇ ਦੋ ਬੱਚੇ ਇੱਕ ਛੜ (ਮਰਦ), ਦੋ ਪੱਤੇ (ਔਰਤਾਂ) ਅਤੇ ਦੋ ਰੋੜੀਆਂ (ਬੱਚੇ) ਨਕਸ਼ੇ ਉੱਪਰ ਇੱਕ ਚੌਕੋਰ ਉੱਪਰ ਰੱਖਣਗੇ ਜਿਹੜੇ ਕਿ ਉਸ ਦੀ ਘਰ ਦੇ ਹਰੇਕ ਮੈਂਬਰ ਨੂੰ ਚਿੰਨ੍ਹਤ ਕਰਨ ਲਈ ਉਸਦੇ ਨਿਵਾਸ ਨੂੰ ਪੇਸ਼ ਕਰਦਾ ਹੈ। ਝੰਡੇ ਵਰਗੇ ਪ੍ਰਤੀਕਾਂ ਦੀ ਵਰਤੋਂ ਕਰਕੇ ਉਹ ਉਨ੍ਹਾਂ ਘਰਾਂ ਤੋਂ ਬੱਚਿਆਂ ਨੂੰ ਚਿੰਨ੍ਹਤ ਕਰਦੇ ਹਨ, ਜਿੱਥੋਂ ਬੱਚੇ ਸਕੂਲਾਂ ’ਚ ਨਹੀਂ ਜਾਂਦੇ। ਇਸੇ ਤਰ੍ਹਾਂ ਸਕੂਲ ਛੱਡ ਗਏ ਬੱਚਿਆਂ ਲਈ ਭਿੰਨ ਚਿੰਨ੍ਹ, ਲੜਕਿਆਂ ਅਤੇ ਲੜਕੀਆਂ ਲਈ ਵੱਖਰੇ ਵਰਤੇ ਜਾ ਸਕਦੇ ਹਨ। ਇਹ ਤਕਨੀਕਾਂ ਸਥਾਨਕ ਸਮੱਸਿਆਵਾਂ ਦੀ ਸ਼ਨਾਖਤ ਕਰਨਗੀਆਂ ਅਤੇ ਸਮੁਦਾਇ ਦੀ ਸ਼ਮੂਲੀਅਤ ਨਾਲ ਸਮਾਧਾਨਾਂ ਦੀ ਲੱਭਤ ਕੀਤੀ ਜਾਂਦੀ ਹੈ।

## ਤੁਹਾਡੀ ਪ੍ਰਗਤੀ ਦੀ ਪਰਖ – 5

**ਨੋਟ :** ਉੱਤਰ ਵਾਸਤੇ ਸਥਾਨ ਦਿੱਤਾ ਗਿਆ ਹੈ।

1. ਸਿੱਖਿਆ ਲਈ ਯੋਜਨਾ ਵਾਸਤੇ ਨਕਸ਼ਾ ਕਿਵੇਂ ਲਾਹੇਵੰਦ ਹੋ ਸਕਦਾ ਹੈ?

--------------------------------------------------------------------

--------------------------------------------------------------------

--------------------------------------------------------------------

--------------------------------



ਨੋਟ

2. ਇੱਕ ਪਿੰਡ/ਵਾਰਡ ਵਿੱਚ ਸਿੱਖਿਆ ਨਾਲ ਸੰਬੰਧਤ ਜਾਣਕਾਰੀ ਇਕੱਤਰ ਕਰਣ ਲਈ ਭਿੰਨ ਵਿਧੀਆਂ ਦਾ ਵਰਨਣ ਕਰੋ?

------------------------------------------------------------
------------------------------------------------------------
------------------------------------------------------------
---------------------------------

3. ਪੀ ਐੱਲ ਏ ਤਕਨੀਕਾਂ ਦਾ ਕੀ ਲਾਭ ਹੈ ਅਤੇ ਭਿੰਨ ਕਿਸਮ ਦੀਆਂ ਪੀ ਐੱਲ ਏ ਤਕਨੀਕਾਂ ਦਾ ਵਰਨਣ ਕਰੋ?

------------------------------------------------------------
------------------------------------------------------------
------------------------------------------------------------
---------------------------------

## 3.10 ਕੇਸ 3 : ਸਮੁਦਾਇ ਅਤੇ ਸਕੂਲੀ ਸਿੱਖਿਆ ਦਾ ਅੰਤਰਸਤਹਿ

ਸ਼ਹਿਰੀ ਮਾਮਲਿਆਂ ਦੀ ਰਾਸ਼ਟਰੀ ਸੰਸਥਾ ਨੇ ਆਪਣੇ ਪ੍ਰੋਜੈਕਟ ਮੁੱਢਲਾ ਵਾਧਾ ਪ੍ਰੋਜੈਕਟ (Primary Enhancement Project (PEEP)) ਵਿੱਚ ਇਸ ਪ੍ਰੋਜੈਕਟ ਦੇ ਮੁੱਖ ਮੰਤਵ ਹਾਸਲ ਕਰਨ ਲਈ, ਭਾਵ ਮਿਆਰੀ ਅਧਿਆਪਨ ਅਤੇ ਸੰਸ਼ੋਧਤ ਸਕੂਲੀ ਬੁਨਿਆਦੀ ਢਾਂਚੇ ਦੁਆਰਾ ਰਸਮੀ ਵਿਦਿਅਕ ਪ੍ਰਣਾਲੀ ਵਿੱਚ ਵਿਆਪਕ ਦਾਖਲਾ ਅਤੇ ਬਰਕਰਾਰੀ, ਲਈ ਪੀ ਐੱਲ ਏ ਨੂੰ ਅਮਲ ਵਿੱਚ ਲਿਆਂਦਾ। ਇਹ ਪੇਸ਼ਕਸ਼ ਕੀਤੀ ਗਈ ਕਿ ਗੁਆਂਢਚਾਰੀ ਕਮੇਟੀਆਂ ਅੰਦਰ ਕਮੇਟੀਆਂ ਦਾ ਸੰਗਠਨ ਕੀਤਾ ਜਾਵੇ ਅਤੇ ਸਿੱਖਿਆ ਦੀ ਯੋਜਨਾ, ਪ੍ਰਬੰਧਨ ਅਤੇ ਹਵਾਲਗੀ ਵਿੱਚ ਭਾਗ ਲਿਆ ਜਾਵੇ। ਮੰਤਵ ਸਮੁਦਾਇ ਅਤੇ ਸਿੱਖਿਆ ਸੰਚਾਲਕਾਂ ਵਿਚਾਲੇ ਅੰਤਰਸਤਹਿ ਨੂੰ ਬਣਾਉਣਾ ਸੀ। ਸਮੁਦਾਇ ਨੂੰ ਸ਼ਾਮਲ ਕਰਨ ਅਤੇ ਉਨ੍ਹਾਂ ਨੂੰ ਸਵੈ-ਨਿਰਭਰ ਬਣਾਉਣ ਲਈ ਸਮੁਦਾਇ ਦੇ ਮੈਂਬਰਾਂ ਨੂੰ ਮਿਲਕੇ ਇੱਕ ਇੰਦਰਾਜ ਕੀਤਾ ਗਿਆ।

ਫੀਲਡ ਦੇ ਮਦਦਗਾਰਾਂ ਨੂੰ ਟਰੇਨਿੰਗ ਦਿੱਤੀ ਗਈ ਕਿ ਕਿਵੇਂ ਸਮੁਦਾਇ ਦੇ ਆਗੂਆਂ ਨੂੰ ਮਿਲਣਾ ਹੈ ਅਤੇ ਉਨ੍ਹਾਂ ਨੂੰ ਮੁੱਢਲੇ ਵਾਧਾ ਪ੍ਰੋਜੈਕਟ ਬਾਰੇ ਵਰਣਨ ਕਰਨਾ ਹੈ।

ਰੈਲੀਆਂ, ਨਾਹਰਿਆਂ, ਮੁਹਿੰਮਾਂ, ਕੰਧ ਲਿਖਤਾਂ ਦੁਆਰਾ ਸਮੁਦਾਇ ਨਾਲ ਨਿਕਟ ਸੰਪਰਕ ਬਣਾਏ ਗਏ। ਇਸ ਪ੍ਰਕਿਰਿਆ ਵਿੱਚ ਸਮੁਦਾਇ ਦੇ ਮੈਂਬਰਾਂ ਨੂੰ ਸਿੱਖਿਆ ਦੇ ਮੁੱਦੇ ਉੱਪਰ ਫੋਕਸ ਕਰਨ ਲਈ ਮਦਦ ਕਰਨ ਵਾਸਤੇ ਸ਼ਾਮਲ ਕੀਤਾ ਗਿਆ।

ਸਿੱਖਿਆ ਦੀ ਮਹੱਤਤਾ ਬਾਰੇ ਸਚੇਤਤਾ ਪੈਦਾ ਕਰਨ ਤੋਂ ਇਲਾਵਾ ਅਜਿਹੀਆਂ ਮੁਹਿੰਮਾਂ ਨੇ ਸਮੁਦਾਇ ਦਾ ਭਰੋਸਾ ਜਿੱਤਣ ਵਿੱਚ ਮਦਦ ਕੀਤੀ। ਇੱਕ ਬਾਰ ਜਦੋਂ ਸਮੁਦਾਇ ਦੇ ਲੋਕਾਂ ਨੇ ਜਦੋਂ ਸਰੋਤ ਵਿਅਕਤੀਆਂ ਅਤੇ ਫੀਲਡ ਮਦਦਗਾਰਾਂ ਨੂੰ ਪਛਾਣਨਾ ਸ਼ੁਰੂ ਕਰ ਦਿੱਤਾ, ਸੰਪੂਰਣ ਪ੍ਰਕਿਰਿਆ 'ਚ ਉਨ੍ਹਾਂ ਦੀ ਸ਼ਮੂਲੀਅਤ ਵਧ ਗਈ। ਸਮੁਦਾਇ ਦੀਆਂ ਮੀਟਿੰਗਾਂ ਵਿੱਚ ਮੁਹਿੰਮਾਂ ਦਾ ਅਨੁਕਰਣ ਕੀਤਾ ਗਿਆ। ਇਨ੍ਹਾਂ ਮੀਟਿੰਗਾਂ ਵਿੱਚ ਪੀ ਐੱਲ ਏ ਸਰਗਰਮੀਆਂ ਦੀ ਇੱਕ ਰੇਂਜ ਦੀ ਵਰਤੋਂ ਸਕੂਲਾਂ ਦੀ ਮੌਜੂਦਗੀ ਅਤੇ ਕਿਰਿਆ ਦੇ ਸੰਬੰਧ ਵਿੱਚ ਲੋਕਾਂ ਦੀ ਸਮੱਸਿਆ ਸਮਝਣ ਲਈ ਵਰਤੀ ਗਈ।

ਨੋਟ

ਸਮੁਦਾਇ ਸਰੋਤ ਅਤੇ ਘਰਾਂ ਦੇ ਨਕਸ਼ੇ ਸਮੁਦਾਇ ਦੀ ਮਦਦ ਨਾਲ ਤਿਆਰ ਕੀਤੇ ਗਏ। 35-40 ਸਮੁਦਾਇਕ ਮੈਂਬਰਾਂ ਦਾ ਸਮੂਹ ਇਕੱਤਰ ਹੁੰਦਾ ਹੈ, ਜਿਨ੍ਹਾਂ ਸਥਾਨਕ ਸਾਮੱਗਰੀ ਦੀ ਵਰਤੋਂ ਕਰਕੇ ਜਿਵੇਂ ਟਹਿਣੀਆਂ, ਇੱਟਾਂ ਦਾ ਚੂਰਾ, ਭਿੰਨ ਕਿਸਮ ਦੇ ਬੀਜ, ਪੱਥਰ, ਰੋੜੀਆਂ, ਪੱਤੇ, ਕਾਗਜ਼ ਆਦਿ, ਜ਼ਮੀਨ ਉੱਪਰ ਨਕਸ਼ਾ ਬਣਾਇਆ। ਹਰੇਕ ਨਕਸ਼ੇ ਵਿੱਚ ਲਗਭਗ 300 ਘਰਾਂ ਬਾਰੇ ਜਾਣਕਾਰੀ ਸੀ।

ਨਕਸ਼ਿਆਂ ਨੂੰ ਫੇਰ ਇੱਕ ਮੁੱਖ ਨਕਸ਼ੇ ਦੀ ਵਰਤੋਂ ਨਾਲ ਇਕੱਠਿਆਂ ਵੇਖਿਆ ਗਿਆ, ਜਿਸ ਵਿੱਚ ਪ੍ਰਮੁੱਖ ਮੀਲ ਪੱਥਰ ਅਤੇ ਸਮੁਦਾਇਕ ਸਰੋਤਾਂ ਦਾ ਪਤਾ ਸੀ। ਮੈਪਿੰਗ ਨੇ ਸਮੁਦਾਇ ਨੂੰ ਆਪਣੀ ਤਾਕਤ ਅਤੇ ਸਰੋਤਾਂ, ਉਨ੍ਹਾਂ ਦੀਆਂ ਸਮੱਸਿਆਵਾਂ ਦਾ ਪਤਾ ਲਾਉਣ ਅਤੇ ਉਨ੍ਹਾਂ ਦੀ ਸਮਰੱਥਾ ’ਤੇ ਆਧਾਰਤ ਖੋਜਨਾ ਕਾਰਵਾਈ ਦੀ ਮਹੱਤਤਾ ਨੂੰ ਸਮਝਣ ਵਿੱਚ ਮਦਦ ਕੀਤੀ। ਸਮੁਦਾਇਕ ਨਕਸ਼ਿਆਂ ਵਿੱਚ ਉਨ੍ਹਾਂ ਘਰਾਂ ਬਾਰੇ ਸੂਚਨਾ ਅਤੇ ਚਿੰਨ੍ਹਤ ਕੀਤੇ ਘਰਾਂ ਦਾ ਵੇਰਵਾ ਸੀ ਜਿਨ੍ਹਾਂ ਦੇ ਬੱਚੇ ਸਕੂਲਾਂ ’ਚ ਨਹੀਂ ਜਾਂਦੇ ਸਨ, ਜਿਹੜੇ ਅੱਧ ਵਿਚਾਲੇ ਸਕੂਲ ਛੱਡ ਗਏ, ਕੰਮ ਕਰਦੇ ਬੱਚੇ, ਔਰਤਾਂ ਆਦਿ।

ਪੀ ਐੱਲ ਏ ਸੰਦਾਂ ਦੀ ਵਰਤੋਂ ਦੀ ਪ੍ਰਕਿਰਿਆ ਵਿੱਚ ਸਮੁਦਾਇ ਦੇ ਨਾਲ ਪਰਸਪਰ ਕਿਰਿਆ ਵੱਧ ਗਈ ਅਤੇ ਸਮੁਦਾਇ ਤੋਂ ਕੁਝ ਕਿਰਿਆਸ਼ੀਲ ਅਤੇ ਜੋਸ਼ ਭਰਪੂਰ ਵਿਅਕਤੀਆਂ ਦੀ ਪਛਾਣ ਕੀਤੀ ਗਈ ਜਿਹੜੇ ਕਿ ਪ੍ਰੋਗ੍ਰਾਮ ਦੇ ਨਾਲ ਵਾਲੰਟੀਅਰ ਦੇ ਤੌਰ ’ਤੇ ਕੰਮ ਕਰ ਸਕਣ।

ਗੁਆਂਢਚਾਰੀ ਸਮੂਹਾਂ ਵਿੱਚ ਮਹਿਲਾਵਾਂ ਨੂੰ ਸੰਗਠਤ ਕੀਤਾ ਗਿਆ। ਗੁਆਂਢਚਾਰੀ ਸਮੂਹਾਂ ਤੋਂ ਭਾਵ ਕਿ ਕੁਝ ਘਰਾਂ ਦਾ ਇਕੱਤਰਣ ਜਿਹੜੇ ਕਿ ਸਥਾਨ ਦੇ ਲਿਹਾਜ਼ ਨਾਲ ਇੱਕ-ਦੂਜੇ ਦੇ ਨੇੜੇ ਰਹਿੰਦੇ ਹਨ ਅਤੇ 50-250 ਵਿਚਕਾਰ ਹੋਣ। ਹਰੇਕ ਗੁਆਂਢਚਾਰੀ ਸਮੂਹ ਇੱਕ ਮੈਂਬਰ ਦੀ ਚੋਣ ਕਰਦਾ ਜਿਹੜਾ ਸਮੂਹ ਦੇ ਹਿੱਤਾਂ ਨੂੰ ਪੇਸ਼ ਕਰਦਾ। ਭਿੰਨ ਗੁਆਂਢਚਾਰੀ ਸਮੂਹਾਂ ਦੇ ਨੁਮਾਇੰਦਿਆਂ ਨੂੰ ਇੱਕ ਗੁਆਂਢਚਾਰੀ ਜਾਂ ਬਸਤੀ ਕਮੇਟੀ ਦੇ ਰੂਪ ਵਿੱਚ ਇਕੱਠਿਆਂ ਲਿਆਂਦਾ ਗਿਆ, ਜਿਹੜੇ ਕਿ ਸੰਪੂਰਣ ਬਸਤੀ ਦੀਆਂ ਸਮੱਸਿਆਵਾਂ ਅਤੇ ਮਾਮਲਿਆਂ ਦੀ ਚਰਚਾ ਵਾਸਤੇ ਜ਼ਿੰਮੇਵਾਰ ਸਨ। ਬਸਤੀ ਕਮੇਟੀ ਇੱਕ ਪ੍ਰਧਾਨ, ਸੈਕਟਰੀ ਅਤੇ ਪ੍ਰਮੁੱਖ ਆਗੂਆਂ ਦੀ ਚੋਣ ਕਰਦੀ ਹੈ। ਮੁੱਢਲੇ ਵਾਧਾ ਪ੍ਰੋਜੈਕਟ ਪ੍ਰੋਗ੍ਰਾਮ ਵਿੱਚ, ਬਸਤੀ ਕਮੇਟੀ ਵਿੱਚੋਂ ਬਸਤੀ ਸਿੱਖਿਆ ਕਮੇਟੀ ਦੀ ਰਚਨਾ ਕੀਤੀ ਗਈ, ਜਿਸ ਵਿੱਚ ਗੁਆਂਢਚਾਰੀ ਕਮੇਟੀ ਦੇ ਦੋ ਜਾਂ ਵਧੇਰੇ ਮੈਂਬਰ ਸਨ। ਬਸਤੀ ਸਿੱਖਿਆ ਕਮੇਟੀ ਦੀਆਂ ਜ਼ਿੰਮੇਵਾਰੀਆਂ ਦਾਖਲਾ, ਹਾਜ਼ਰੀ, ਸਿੱਖਿਆ ਪ੍ਰਕਿਰਿਆਵਾਂ ਅਤੇ ਸਕੂਲਾਂ ਨਾਲ ਸੰਪਰਕ ਕਰਨਾ ਸੀ।

ਅਖੀਰ ਵਿੱਚ ਇਨ੍ਹਾਂ ਸਮੂਹਾਂ ਨੂੰ ਸਥਾਨਕ ਸਰਕਾਰਾਂ/ਸੂਬਾ ਪ੍ਰਸ਼ਾਸਨ ਨਾਲ ਗੱਲਬਾਤ ਦੀ ਸ਼ੁਰੂਆਤ ਲਈ ਵਾਰਡ/ਜ਼ਿਲ੍ਹਾ ਐਸੋਸਿਏਸ਼ਨ ਸੰਗਠਤ ਕਰਨ ਲਈ ਉਤਸ਼ਾਹਤ ਕੀਤਾ ਗਿਆ। ਇੱਕ ਵਾਰ ਜਦੋਂ ਇਨ੍ਹਾਂ ਸਮੂਹਾਂ (ਗੁਆਂਢਚਾਰੀ) ਦੀ ਰਚਨਾ ਲਈ ਲੋਕਾਂ ਦੀ ਪਛਾਣ ਹੋ ਜਾਂਦੀ। ਮੁੱਢਲੇ ਵਾਧਾ ਪ੍ਰੋਜੈਕਟ ਦੇ ਮਦਦਗਾਰਾਂ ਨੇ ਯਕੀਨ ਦੁਆਇਆ ਕਿ ਸਮੂਹ ਵਿੱਚ ਸਾਰੀਆਂ ਜਾਤੀਆਂ, ਧਰਮਾਂ ਅਤੇ ਆਰਥਿਕ ਸਮੂਹਾਂ ਦੇ ਨੁਮਾਇੰਦੇ ਹਨ।

ਕਮੇਟੀ ਦੀਆਂ ਨਿਯਮਤ ਮੀਟਿੰਗਾਂ ਹੋਈਆਂ ਅਤੇ ਕੁਝ ਗਤੀਵਿਧੀਆਂ ਦੀ ਪਹਿਲ ਵੀ ਕੀਤੀ ਗਈ। ਉਨ੍ਹਾਂ ਬੱਚਿਆਂ ਨੂੰ ਉਨ੍ਹਾਂ ਦੇ ਟਿਕਾਣਿਆਂ ’ਤੇ ਹੀ ਸਿਖਲਾਈ ਲੋੜਾਂ ’ਚ ਮਦਦ ਕਰਨ ਵਾਸਤੇ ਸਹਾਇਕ ਸ਼ਿਸ਼ੂ ਕੇਂਦਰ ਸਥਾਪਤ ਕਰਨ ਦਾ ਨਿਰਣਾ ਲਿਆ। ਸਹਾਇਕ ਸ਼ਿਸ਼ੂ ਕੇਂਦਰਾਂ

ਨੇ ਪਰਿਵਾਰਾਂ ਦੀਆਂ ਲੋੜਾਂ ਮੁਤਾਬਕ ਭਿੰਨ ਰੂਪ ਧਾਰਣ ਕੀਤੇ; ਬਾਲਵਾੜੀ, ਟਿਊਸ਼ਨ ਕੇਂਦਰ, ਕਿਸ਼ੋਰਾਂ ਵਾਸਤੇ ਕਿੱਤਾਮੁਖੀ ਟਰੇਨਿੰਗ ਸੈਂਟਰ। ਸਮੁਦਾਇ ਦੇ ਮੈਂਬਰਾਂ ਨੇ ਸੈਂਟਰ ਵਾਸਤੇ ਸਥਾਨ ਦੀ ਭਾਲ ਕੀਤੀ। ਸਹਾਇਕ ਸ਼ਿਸ਼ੂ ਕੇਂਦਰ ਦੇ ਵਰਕਰਾਂ ਨੂੰ ਅਧਿਆਪਨ-ਵਿਦਿਆ ਵਿੱਚ ਟਰੇਨਿੰਗ ਦਿੱਤੀ ਗਈ। ਸਮੁਦਾਇ ਨੇ ਇਨ੍ਹਾਂ ਸੈਂਟਰਾਂ ਦੇ ਪ੍ਰਬੰਧਕ ਲਈ ਲੋੜੀਂਦੇ ਮਨੁੱਖੀ ਅਤੇ ਵਿੱਤੀ ਵਸੀਲੇ ਉਪਲੱਬਧ ਕਰਵਾਏ। (ਸਰੋਤ : ਲੋਰਲੀਨ ਹੋਇਤ, ਰੇਣੂ ਖੋਸਲਾ ਅਤੇ ਕਲੌਡੀਆ ਕਨੇਪਾ)।

ਉਪਰੋਕਤ ਮਿਸਾਲਾਂ ਵਿਆਖਿਆ ਕਰਦੀਆਂ ਹਨ ਕਿ ਨਿਰਣਾ ਲੈਣ ਪ੍ਰਕਿਰਆ ਵਿੱਚ ਸਮੁਦਾਇ ਨੂੰ ਸ਼ਾਮਲ ਕਰਨ ਵਾਸਤੇ ਯਤਨ ਕੀਤਾ ਗਿਆ। ਯੋਜਨਾ ਤੋਂ ਲੈ ਕੇ ਲਾਗੂ ਕਰਨ ਦੇ ਪੜਾਅ ਤੱਕ ਸਮੁਦਾਇ ਨੂੰ ਪ੍ਰੋਜੈਕਟ ਦਾ ਭਾਗ ਬਣਾਇਆ ਗਿਆ। ਭਿੰਨ ਪੱਧਰਾਂ ’ਤੇ ਸੰਰਚਨਾਵਾਂ ਕੀਤੀਆਂ ਗਈਆਂ - ਗੁਆਂਢਚਾਰੀ ਕਮੇਟੀਆਂ; ਬਸਤੀ ਕਮੇਟੀਆਂ ਵਿੱਚ ਗੁਆਂਢਚਾਰੀ ਕਮੇਟੀਆਂ ਤੋਂ ਨੁਮਾਇੰਦਗੀ ਸੀ ਅਤੇ ਬਸਤੀ ਸਿੱਖਿਆ ਕਮੇਟੀਆਂ ਨੇ ਸਿੱਖਿਆ ਸਮੱਸਿਆਵਾਂ ’ਤੇ ਧਿਆਨ ਕੇਂਦਰਤ ਕਰਨਾ ਸੀ। ਸਮੁਦਾਇ ਨੇ ਨਿਮਨ ਗਤੀਵਿਧੀਆਂ ਵਿੱਚ ਮਦਦ ਕੀਤੀ :

- ਸਿੱਖਿਆ ਦੀ ਅਹਿਮੀਅਤ ਉੱਪਰ ਜਾਗਰੂਕਤਾ ਉਤਪੰਨ ਕਰਨ ਵਿੱਚ
- ਘਰ-ਘਰ ਸਰਵੇਖਣ ਕਰਨਾ ਅਤੇ ਗੈਰ-ਦਾਖਲਿਆਂ ਬਾਰੇ ਜਾਣਕਾਰੀ, ਬੱਚਿਆਂ ਬਾਰੇ ਵੀ ਜਾਣਕਾਰੀ ਇਕੱਤਰ ਕਰਨ ਵਿੱਚ
- ਬਸਤੀ ਨਕਸ਼ਾ ਤਿਆਰ ਕਰਨ ਵਿੱਚ
- ਸਥਾਨਕ ਸਰਕਾਰਾਂ/ਸੂਬਾ ਪ੍ਰਸ਼ਾਸਨ ਨਾਲ ਪਰਸਪਰ ਕਿਰਿਆ ਕਰਨ ਵਿੱਚ
- ਬਾਲਵਾੜੀ, ਤਦਬੀਰੀ ਕਲਾਸਾਂ ਅਤੇ ਕਿੱਤਾਮੁਖੀ ਟਰੇਨਿੰਗ ਲਈ ਸੈਂਟਰਾਂ ਦੀ ਸਥਾਪਨਾ ਵਿੱਚ।
- ਵਿੱਤੀ ਅਤੇ ਸਰੋਤ ਸਹਾਇਤਾ

### ਤੁਹਾਡੀ ਪ੍ਰਗਤੀ ਦੀ ਪਰਖ - 6

**ਨੋਟ :** ਤੁਹਾਡੇ ਉੱਤਰ ਲਈ ਸਥਾਨ ਦਿੱਤਾ ਗਿਆ ਹੈ।

1. ਉਪਰੋਕਤ ਕੇਸ ਅਧਿਐਨ ਉੱਪਰ ਆਧਾਰਤ ਵਿਆਖਿਆ ਕਰੋ ਕਿ ਸਮੁਦਾਇ ਕਿਵੇਂ ਬੱਚਿਆਂ ਦੀ ਸਿੱਖਿਆ ਵਿੱਚ ਸ਼ਾਮਲ ਸੀ ਅਤੇ ਸਥਾਨਕ ਪੱਧਰ ’ਤੇ ਕਿਸ ਕਿਸਮ ਦੀਆਂ ਸੰਰਚਨਾਵਾਂ ਕੀਤੀਆਂ ਗਈਆਂ?

------------------------------------------------------------------------

------------------------------------------------------------------------

------------------------------------------------------------------------

------------------------------------

## 3.11 ਸੰਰਚਨਾਵਾਂ, ਜਿਨ੍ਹਾਂ ਰਾਹੀਂ ਸਮੁਦਾਇ ਨੂੰ ਪੇਸ਼ ਕੀਤਾ ਜਾ ਸਕਦਾ ਹੈ

ਇਲਾਕੇ ਦੀ ਮੈਪਿੰਗ, ਸਰਵੇਖਣਾਂ, ਫੋਕਸ ਸਮੂਹ ਵਿਚਾਰ-ਚਰਚਾ ਅਤੇ ਪੀ ਐੱਲ ਏ ਗਤੀਵਿਧੀਆਂ ਦੁਆਰਾ ਹਾਸਲ ਜਾਣਕਾਰੀ ਨਾਲ ਵਰਤਮਾਨ ਸਕੂਲੀ ਸਹੂਲਤਾਂ, ਬੱਚਿਆਂ ਅਤੇ ਅਧਿਆਪਕਾਂ ਦੀ ਹਾਜ਼ਰੀ, ਸਕੂਲੀ ਸਹੂਲਤਾਂ, ਦਾਖਲੇ ਨੂੰ ਸੁਧਾਰਣ ਵਾਸਤੇ ਯੋਜਨਾਵਾਂ

ਬਣਾਈਆਂ ਜਾਂਦੀਆਂ ਹਨ। ਇਸ ਦੇ ਨਾਲ ਹੀ ਕਿਸ ਕਿਸਮ ਦੀਆਂ ਸੰਰਚਨਾਵਾਂ ਹੋਣ, ਜਿਹੜੀਆਂ ਉੱਥੇ ਵਿਦਮਾਨ ਹੋਣ ਜਿੱਥੇ ਸਮੁਦਾਇ ਨੁਮਾਇੰਦਗੀ ਕਰ ਸਕਦਾ ਹੈ।

- ਸਕੂਲ ਪ੍ਰਬੰਧ ਕਮੇਟੀਆਂ
- ਪਿੰਡ ਦੀਆਂ ਸਿੱਖਿਆ ਕਮੇਟੀਆਂ/ਵਾਰਡ ਕਮੇਟੀਆਂ
- ਗੈਰ ਸਰਕਾਰੀ ਸੰਗਠਨ
- ਵਾਲੰਟੀਅਰ
- ਸਵੈ-ਸਹਾਇਤਾ ਸਮੂਹ



ਸੰਰਚਨਾ ਉੱਪਰ ਵੇਰਵਾ, ਇਨ੍ਹਾਂ ਵਿਸ਼ੇਸ਼ ਸੰਰਚਨਾਵਾਂ ਦੀ ਭੂਮਿਕਾ ਅਤੇ ਕਿਰਿਆਵਾਂ ਉੱਪਰ ਅਗਲੀ ਇਕਾਈ ਵਿੱਚ ਚਰਚਾ ਕੀਤੀ ਜਾਵੇਗੀ।

## ਤੁਹਾਡੀ ਪ੍ਰਗਤੀ ਦੀ ਪਰਖ – 7

**ਨੋਟ :** ਤੁਹਾਡੇ ਉੱਤਰ ਲਈ ਸਥਾਨ ਦਿੱਤਾ ਗਿਆ ਹੈ।

1. ਆਪਣੇ ਇਲਾਕੇ ਤੋਂ ਜਾਣਕਾਰੀ ਇਕੱਤਰ ਕਰੋ ਅਤੇ ਲੱਭੋ ਕਿ ਪਿੰਡ/ਵਾਰਡ ਅਤੇ ਸਕੂਲੀ ਪੱਧਰ 'ਤੇ ਕਿਸ ਕਿਸਮ ਦੀਆਂ ਸੰਰਚਨਾਵਾਂ ਹਨ ਜਿੱਥੇ ਸਮੁਦਾਇ ਭਾਗ ਲੈਂਦਾ ਹੈ?

-----------------------------------------------------------
-----------------------------------------------------------
-----------------------------------------------------------
---------------------------------

ਨਿਮਨ ਦੋ ਕੇਸ ਸਪਸ਼ਟ ਤੌਰ 'ਤੇ ਸਕੂਲ ਦੀ ਕਿਰਿਆ ਉੱਪਰ ਸਮੁਦਾਇ ਦੀ ਭਾਗੀਦਾਰੀ ਦੇ ਪ੍ਰਭਾਵ ਨੂੰ ਪ੍ਰਤਿਬਿੰਬਤ ਕਰਦੇ ਹਨ। ਜਦਕਿ ਇੱਕ ਕੇਸ ਵਿੱਚ ਸਮੁਦਾਇ ਨੂੰ ਭਾਗ ਲੈਣ ਵਾਸਤੇ ਹੱਲਾਸ਼ੇਰੀ ਨਹੀਂ ਦਿੱਤੀ ਗਈ ਸੀ, ਇਹ ਦਰਸਾਉਂਦਾ ਹੈ ਕਿ ਸਕੂਲ ਸਹੀ ਢੰਗ ਨਾਲ ਪ੍ਰਬੰਧਤ ਨਹੀਂ ਸੀ। ਦੂਜੇ ਕੇਸ ਵਿੱਚ ਸਮੁਦਾਇ ਕਿਰਿਆਸ਼ੀਲਤਾ ਨਾਲ ਸਕੂਲ ਦੀਆਂ ਗਤੀਵਿਧੀਆਂ ਵਿੱਚ ਭਾਗ ਲੈ ਰਿਹਾ ਸੀ। ਕੇਸ ਅਧਿਐਨਾਂ ਨੂੰ ਡਾ. ਅਵਸਥੀ ਕਸ਼ਿਆਪੀ, ਸਹਾਇਕ ਪ੍ਰੋਫੈਸਰ

ਐੱਨ ਯੂ ਈ ਪੀ ਏ ਦੁਆਰਾ ਰਿਪੋਰਟ ਕੀਤਾ ਗਿਆ ਹੈ, ਜਿਨ੍ਹਾਂ ਨੂੰ ਉਨ੍ਹਾਂ ਦੇ ਰਿਸਰਚ ਕਾਰਜ ਦੌਰਾਨ ਦਸਤਾਵੇਜ਼ ਕੀਤਾ ਗਿਆ ਸੀ।

## 3.12 ਅੰਬੇਦਕਰ ਪ੍ਰਾਥਮਿਕਸ਼ਾਲਾ, ਕ੍ਰਿਸ਼ੀਬਾੜੀ, ਨਵਸਾਰੀ, ਗੁਜਰਾਤ : ਫਰਵਰੀ 2006

ਅੰਬੇਦਕਰ ਪ੍ਰਾਥਮਿਕ ਸ਼ਾਲਾ, ਕ੍ਰਿਸ਼ੀਬਾੜੀ ਇੱਕ ਸਕੂਲ ਹੈ ਜਿਹੜਾ ਕਿ ਨਵਸਾਰੀ ਰੇਲਵੇ ਸਟੇਸ਼ਨ ਨੇੜੇ ਸਥਿਤ ਹੈ। ਸਕੂਲ ਬੇਹਦ ਗੈਰ ਹਾਈਜੈਨਿਕ ਸਥਿਤੀਆਂ ਦੁਆਰਾ ਘਿਰਿਆ ਹੋਇਆ ਸੀ। ਸਕੂਲ ਦੇ ਸਾਹਮਣੇ ਇੱਕ ਵਿਸ਼ਾਲ ਝੀਲ ਸੀ, ਜਿਹੜੀ ਕਿ ਨੇੜਲੀਆਂ ਬਸਤੀਆਂ ਤੋਂ ਗੰਦ ਨਾਲ ਭਰੀ ਹੋਈ ਸੀ। ਇਹ ਮੱਛਰਾਂ ਦੀ ਪੈਦਾਵਾਰ ਦਾ ਸਥਾਨ ਸੀ। ਬਕਰੀਆਂ, ਸੂਰ ਅਤੇ ਮੁਰਗੀਆਂ ਸਕੂਲ ਦੇ ਕਮਰਿਆਂ ਅਤੇ ਉਨ੍ਹਾਂ ਸਥਾਨਾ 'ਤੇ ਘੁੰਮਦੇ ਸਨ ਜਿੱਥੇ ਮਿਡ ਡੇ ਮੀਲ ਪਕਾਇਆ ਜਾਂਦਾ ਸੀ। ਮਿੱਡ ਡੇ ਮੀਲ ਵਾਸਤੇ ਕੋਈ ਸ਼ੈਡ ਨਹੀਂ ਸੀ, ਪਖਾਨਿਆਂ ਦੇ ਨੇੜੇ ਇੱਕ ਚੁੱਲ੍ਹਾ ਰੱਖਿਆ ਗਿਆ ਸੀ ਅਤੇ ਉੱਥੇ ਖਾਣਾ ਪਕਾਇਆ ਜਾਂਦਾ ਸੀ। ਜਿੱਥੇ ਅਨਾਜ ਰੱਖਿਆ ਗਿਆ ਸੀ, ਉਹ ਕਮਰਾ ਬੇਹਦ ਗੰਦਾ ਸੀ ਅਤੇ ਅਨਾਜ ਨੂੰ ਕੀੜਾ ਵੀ ਲੱਗਾ ਹੋਇਆ ਸੀ। ਸਕੂਲ ਦੀ ਚਾਰ ਦੀਵਾਰੀ ਨਹੀਂ ਸੀ ਅਤੇ ਪੂਰੇ ਸਕੂਲ ਦਾ ਵਿਹੜਾ ਵੀ ਬੇਹਦ ਗੰਦਾ ਸੀ। ਇੱਕ ਐਨੇ ਵੱਡੇ ਮੈਦਾਨ ਵਿੱਚ ਇੱਕ ਵੀ ਬੂਟਾ ਨਹੀਂ ਸੀ। ਸਕੂਲ ਵਿੱਚ ਇੱਕ ਪਾਣੀ ਦੀ ਟੈਂਕੀ ਸੀ, ਜਿਸਦੀਆਂ ਅੱਧੀਆਂ ਟੂਟੀਆਂ ਟੁੱਟੀਆਂ ਹੋਈਆਂ ਸਨ। ਟੈਂਕੀ ਦੇ ਪਾਣੀ ਦੇ ਸਾਹਮਣੇ ਇੱਕ ਵੱਡਾ ਚਿੱਕੜ ਬਣਿਆ ਹੋਇਆ ਸੀ ਜਿਹੜਾ ਕਿ ਸਕੂਲ ਦੇ ਪ੍ਰਵੇਸ਼ ਵੱਲ ਸੇਧਤ ਸੀ। ਹੋਰ ਕੋਈ ਬਿਹਤਰ ਲਾਂਘਾ ਨਹੀਂ ਸੀ, ਕਿਉਂ ਕਿ ਸਕੂਲ ਦੇ ਹੋਰ ਦੋ ਪਾਸੇ ਝੀਲ ਨਾਲ ਘਿਰੇ ਹੋਏ ਸਨ ਅਤੇ ਤੀਜੇ ਪਾਸੇ ਝਾੜੀਆਂ। ਇੱਕ ਪਖਾਨੇ ਦਾ ਬੂਹਾ ਟੁੱਟਾ ਹੋਇਆ ਸੀ। ਇਸ ਲਈ ਇਸ ਨੂੰ ਵਰਤਣਾ ਸੰਭਵ ਨਹੀਂ ਸੀ ਅਤੇ ਦੂਜਾ ਪਾਖਾਨਾ ਬਿਹਤਰ ਸਥਿਤੀ ਵਿੱਚ ਸੀ, ਜਿਸ ਨੂੰ ਬੰਦ ਰੱਖਿਆ ਹੋਇਆ ਸੀ। ਸ਼ਾਇਦ ਸਿਰਫ ਅਧਿਆਪਕਾਂ ਦੇ ਵਰਤਣ ਵਾਸਤੇ ਸੀ। ਜਦੋਂ ਇਸ ਦੀ ਗੈਰ ਹਾਈਜੈਨਿਕ ਹਾਲਤ ਬਾਰੇ ਪੁੱਛਿਆ ਗਿਆ ਤਾਂ ਅਧਿਆਪਕਾਂ ਨੇ ਦੱਸਿਆ ਕਿ ਸਕੂਲ ਦੀ ਆਪਣੀ ਚਾਰ-ਦੀਵਾਰੀ ਨਹੀਂ ਹੈ ਅਤੇ ਸਮੁਦਾਇ ਦੇ ਲੋਕ ਬਹੁਤੀਆਂ ਵਸਤਾਂ ਚੁੱਕ ਕੇ ਲੈ ਗਏ, ਇੱਥੋਂ ਤੱਕ ਕਿ ਬੂਹੇ, ਖਿੜਕੀਆਂ, ਟੂਟੀਆਂ, ਕਦੇ ਦਾ ਰੈਂਪ ਵੀ ਤੋੜ ਦਿੱਤਾ, ਚੁੱਲ੍ਹਾ ਵੀ ਤੇ ਇੱਥੋਂ ਇੱਟਾਂ ਵੀ ਚੁੱਕ ਕੇ ਲੈ ਗਏ।

ਸਕੂਲ ਵਿੱਚ ਬੱਚਿਆਂ ਦੀ ਕਾਫੀ ਵੱਡੀ ਗਿਣਤੀ ਹੈ, ਇਸ ਲਈ ਦੋ ਸ਼ਿਫਟਾਂ ਵਿੱਚ ਸਵੇਰੇ 8:00 ਵਜੇ ਤੋਂ ਦੁਪਹਿਰ 12:00 ਵਜੇ ਤੱਕ ਅਤੇ ਦੁਪਹਿਰ ਦੇ 1:00 ਵਜੇ ਤੋਂ ਸ਼ਾਮ 5:00 ਵਜੇ ਤੱਕ ਚੱਲਦਾ ਹੈ। ਸਮੁਦਾਇ ਵਿੱਚ ਗੁਜਰਾਤ ਤੋਂ ਬਹੁਤ ਘੱਟ ਸਥਾਨਕ ਬਸ਼ਿੰਦੇ ਹਨ, ਇਹ ਲੋਕ ਮੁੰਬਈ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਤੋਂ ਪ੍ਰਵਾਸੀ ਹਨ ਅਤੇ ਉਨ੍ਹਾਂ ਵਿੱਚੋਂ ਬਹੁਤੇ ਹੀਰਾ ਫੈਕਟਰੀਆਂ ਵਿੱਚ ਕੰਮ ਕਰਦੇ ਹਨ। ਬੱਚਿਆਂ ਨਾਲ ਗੱਲਬਾਤ ਕਰਨ 'ਤੇ ਪਤਾ ਲੱਗਾ ਕਿ ਉਹ ਤੀਜੀ ਜਮਾਤ ਤੱਕ ਮੁਸ਼ਕਲ ਨਾਲ ਹੀ ਗੁਜਰਾਤੀ ਸਮਝਦੇ ਸੀ। ਚੌਥੀ ਅਤੇ ਪੰਜਵੀਂ ਜਮਾਤ ਦੇ ਬੱਚੇ ਸਮਝ ਸਕਦੇ ਸੀ, ਪਰੰਤੂ ਉਹ ਪੜ੍ਹਨਾ ਤੇ ਲਿਖਣਾ ਨਹੀਂ ਜਾਣਦੇ ਸਨ, ਇੱਥੋਂ ਤੱਕ ਕਿ ਆਪਣਾ ਨਾਮ ਵੀ। ਜਦੋਂ ਅਧਿਆਪਕਾਂ ਨੂੰ ਪੁੱਛਿਆ ਗਿਆ, ਉਨ੍ਹਾਂ ਦੱਸਿਆ ਕਿ ਇਹ ਬੱਚੇ

ਨੋਟ

ਪੂਰਾ ਸਾਲ ਅਨਿਯਮਤ ਰਹੇ। ਜਦੋਂ ਪਿਛਲੇ ਕੁਝ ਮਹੀਨਿਆਂ ਦਾ ਹਾਜ਼ਰੀ ਰਜਿਸਟਰ ਜਾਂਚ ਕੀਤਾ ਗਿਆ, ਉਨ੍ਹਾਂ ਦੀ ਹਾਜ਼ਰੀ ਲੱਗੀ ਹੋਈ ਸੀ ਅਤੇ ਛੇਵੀਂ ਅਤੇ ਸਤਵੀਂ ਜਮਾਤ ਦਾ ਵੀ ਇਹੋ ਹਾਲ ਸੀ।

ਕਾਰਣ ਇਹ ਦੱਸਿਆ ਗਿਆ ਕਿ ਉਨ੍ਹਾਂ ਨੂੰ ਵਜ਼ੀਫਾ ਦੇਣ ਵਾਸਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਹਾਜ਼ਰੀ ਦੀ ਲੋੜ ਸੀ, ਇਸ ਲਈ ਅਧਿਆਪਕਾਂ ਨੇ ਉਨ੍ਹਾਂ ਦਿਨਾਂ ਲਈ ਵੀ ਹਾਜ਼ਰੀ ਲਾ ਦਿੱਤੀ ਜਦੋਂ ਉਹ ਅਸਲ ਵਿੱਚ ਗੈਰ ਹਾਜ਼ਰ ਰਹੇ ਸਨ। ਸਕੂਲ ਦਾ ਕੱਪ ਬੋਰਡ 300-400 ਕਹਾਣੀ ਦੀਆਂ ਪੁਸਤਕਾਂ ਨਾਲ ਭਰਿਆ ਹੋਇਆ ਸੀ ਜਿਨ੍ਹਾਂ ਦਾ ਰਿੱਬਨ ਜਾਂ ਪੈਕਿੰਗ ਅਜੇ ਤੱਕ ਖੋਲ੍ਹੇ ਨਹੀਂ ਗਏ ਸੀ। ਦੌਰੇ ਵਾਲੇ ਦਿਨ ਨੌ ਅਧਿਆਪਕਾਂ ਵਿੱਚੋਂ ਸਿਰਫ ਦੋ ਹੀ ਹਾਜ਼ਰ ਸਨ, ਜਾਂਚ ਕਰਨ ’ਤੇ ਪਤਾ ਲੱਗਾ ਕਿ ਉਹ ਟਰੇਨਿੰਗ ’ਤੇ ਗਏ ਹੋਏ ਹਨ ਜਿਹੜੀ ਕਿ 11:00 ਵਜੇ ਸਵੇਰ ਤੋਂ 5:00 ਵਜੇ ਸ਼ਾਮ ਤੱਕ ਹੁੰਦੀ ਸੀ, ਜਦਕਿ ਸਵੇਰ ਦੀ ਸ਼ਿਫਟ ਸਵੇਰ ਦੇ 8:00 ਵਜੇ ਤੋਂ ਦੁਪਹਿਰ ਦੇ 12:00 ਵਜੇ ਤੱਕ ਹੁੰਦੀ ਹੈ ਅਤੇ 8:00 ਵਜੇ ਸਵੇਰ ਸਕੂਲ ਆਉਣ ਵਾਸਤੇ ਕੋਈ ਸਮੱਸਿਆ ਨਹੀਂ ਹੋਣੀ ਚਾਹੀਦੀ, ਜੇਕਰ ਇੱਛਾ ਹੋਵੇ। ਜਿਹੜੇ ਦੋ ਅਧਿਆਪਕ ਹਾਜ਼ਰ ਸਨ, ਉਹ ਵੀ ਦੁਪਹਿਰ ਦੀ ਸ਼ਿਫਟ ਤੋਂ ਸਨ। ਸ਼ਾਮ ਦੀ ਸ਼ਿਫਟ ਇਸ ਵਾਸਤੇ ਚੱਲ ਰਹੀ ਸੀ, ਕਿਉਂ ਕਿ ਟੀਮ ਨੇ ਆਪਣੇ ਦੌਰੇ ਬਾਰੇ ਅਗਾਊਂ ਦਸ ਦਿੱਤਾ ਸੀ। ਸਮੁਦਾਇ ਦੇ ਮੈਂਬਰਾਂ ਨਾਲ ਗੱਲ ਬਾਤ ਕਰਨ ’ਤੇ ਉਨ੍ਹਾਂ ਸਟਾਫ ਤੋਂ ਆਪਣੀ ਅਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਨਾਲ ਹੀ ਪ੍ਰਿੰਸੀਪਲ ਨਾਲ ਅਤੇ ਦੱਸਿਆ ਕਿ ਉਨ੍ਹਾਂ ਦੇ ਬੱਚੇ ਸਮੇਂ ਸਿਰ ਵਜ਼ੀਫਾ ਅਤੇ ਹੋਰ ਲਾਹੇ ਹਾਸਲ ਨਹੀਂ ਕਰਦੇ ਅਤੇ ਕੋਈ ਪੜ੍ਹਾਈ ਵੀ ਨਹੀਂ ਹੋ ਰਹੀ ਸੀ। ਇੱਕ ਬੱਚੇ ਦੇ ਮਾਪਿਆਂ ਨੇ ਦੱਸਿਆ ਕਿ ਉਨ੍ਹਾਂ ਦਾ ਬੱਚਾ ਪੰਜਵੀਂ ਜਮਾਤ ਵਿੱਚ ਪੜ੍ਹਦਾ ਹੈ ਅਤੇ ਕੁਝ ਵੀ ਨਹੀਂ ਜਾਣਦਾ। ਮਿਡ ਡੇ ਮੀਲ ਦਾ ਅਨਾਜ ਵੀ ਬਾਹਰ ਰੱਖਿਆ ਹੋਇਆ ਸੀ। ਸਮੁਦਾਇ ਦੀ ਭਾਗੀਦਾਰੀ ਬਾਰੇ ਪੁੱਛਣ ’ਤੇ ਅਤੇ ਇਹ ਪੁੱਛਣ ’ਤੇ ਕਿ ਪ੍ਰਬੰਧਕ ਅਧਿਆਪਕ ਐਸੋਸਿਏਸ਼ਨ, ਮਾਪੇ-ਅਧਿਆਪਕ ਐਸੋਸਿਏਸ਼ਨ ਵਿੱਚ ਕਿਉਂ ਆਪਣੀ ਆਵਾਜ਼ ਨਹੀਂ ਉਠਾਉਂਦੇ, ਉਨ੍ਹਾਂ ਸਪਸ਼ਟ ਰੂਪ ਵਿੱਚ ਕਿਹਾ ਕਿ ਉਨ੍ਹਾਂ ਨੂੰ ਸਕੂਲ ਵਿੱਚ ਕਦੇ ਸੱਦਿਆ ਹੀ ਨਹੀਂ ਗਿਆ। ਸਿਰਫ ਕੁਝ ਮਾਪੇ ਜਿਹੜੇ ਅਧਿਆਪਕਾਂ ਦੇ ਇਸ਼ਾਰਿਆਂ ’ਤੇ ਕੰਮ ਕਰਦੇ ਹਨ। ਸਿਰਫ ਉਨ੍ਹਾਂ ਦਾ ਹੀ ਸੁਆਗਤ ਕੀਤਾ ਗਿਆ ਅਤੇ ਹੋਰਨਾਂ ਦੀ ਆਵਾਜ਼ ਸੁਣੀ ਹੀ ਨਹੀਂ ਗਈ। ਇੱਕ ਪਿਤਾ ਨੇ ਕਿਹਾ ਕਿ ਤੁਸੀਂ ਲਾਜ਼ਮੀ ਜਨਤਕ ਛੁੱਟੀਆਂ, ਜਿਵੇਂ 15 ਅਗਸਤ, 26 ਜਨਵਰੀ ਜਾਂ ਐਤਵਾਰ, ਬਾਰੇ ਸੁਣਿਆ ਹੋਵੇਗਾ, ਪ੍ਰੰਤੂ ਇਸ ਸਕੂਲ ਵਿੱਚ ਅਧਿਆਪਕ ਨੂੰ ਸਿਰਫ ਇੱਕ ਸੀ ਆਰ ਸੀ ਛੁੱਟੀ ਮਿਲਦੀ ਹੈ ਜਿਹੜੀ ਕਿ ਮਹੀਨੇ ਵਿੱਚ ਘੱਟੋ-ਘੱਟ ਦੋ ਵਾਰ ਮਿੱਥੀ ਗਈ ਸੀ ਅਤੇ ਉਨ੍ਹਾਂ ਟਰੇਨਿੰਗਾਂ ਤੋਂ ਬਾਅਦ ਉਨ੍ਹਾਂ ਅਧਿਆਪਕਾਂ ਦੀ ਸਿੱਖਿਆਂ ਸ਼ੈਲੀ ਵਿੱਚ ਕੋਈ ਅੰਤਰ ਨਹੀਂ ਪਾਇਆ ਗਿਆ ਨਾ ਹੀ ਉਨ੍ਹਾਂ ਦੇ ਬੱਚਿਆਂ ਦੀ ਸਿੱਖਿਆ ਵਿੱਚ। ਉੱਤਰ ਵਰਤੀ ਮੀਟਿੰਗ ਵਿੱਚ ਪ੍ਰਬੰਧਕ-ਅਧਿਆਪਕ ਐਸੋਸ਼ਿਏਸ਼ਨ, ਮਾਪੇ-ਅਧਿਆਪਕ ਐਸੋਸ਼ਿਏਸ਼ਨ ਅਤੇ ਪਿੰਡ ਦੀ ਸਿੱਖਿਆ ਕਮੇਟੀ ਦੇ ਮੈਂਬਰਾਂ ਨੂੰ ਸੱਦਾ ਦਿੱਤਾ ਗਿਆ, ਜਾਣ-ਪਛਾਣ ਵਾਲੇ ਗੇੜ ਵਿੱਚ ਇਹ ਪਾਇਆ ਗਿਆ ਕਿ ਉਹ ਮੈਂਬਰ ਜਿਹੜੇ ਕਿ ਪ੍ਰਬੰਧਕ-ਅਧਿਆਪਕ ਐਸੋਸ਼ਿਏਸ਼ਨ ਮਾਪੇ ਅਧਿਆਪਕ ਐਸੋਸ਼ਿਏਸ਼ਨ ਦੇ ਮੈਂਬਰ ਸਨ, ਉਨ੍ਹਾਂ ਦੇ ਬੱਚੇ ਉਨ੍ਹਾਂ ਸਕੂਲਾਂ ਵਿੱਚ ਨਹੀਂ ਪੜ੍ਹਦੇ, ਜਦਕਿ ਦੂਜੇ ਪਾਸੇ ਜਿਹੜੇ ਬੱਚੇ ਸਕੂਲ ਵਿੱਚ ਪੜ੍ਹਦੇ ਸਨ, ਉਨ੍ਹਾਂ ਦੇ ਮਾਤਾ-ਪਿਤਾ ਕਿਸੇ ਵੀ ਕਮੇਟੀ ਦੀ ਨੁਮਾਇੰਦਗੀ ਨਹੀਂ ਕਰਦੇ ਸਨ। ਇਸੇ ਦੌਰਾਨ



ਨੋਟ

ਬੱਚਿਆਂ ਦੇ ਮਾਤਾ-ਪਿਤਾ ਇਸ ਜਾਣਕਾਰੀ ਤੋਂ ਬਾਅਦ ਪਹੁੰਚੇ ਕਿ ਟੀਮ ਸਕੂਲ ਦਾ ਦੌਰਾ ਕਰਨ ਆਈ ਹੈ ਅਤੇ ਦੋਹਾਂ ਸਮੂਹਾਂ ਵਿਚਾਲੇ ਬੋਲ-ਕੁਬੋਲ ਵੀ ਹੋਇਆ। ਅਧਿਆਪਕਾਂ ਨੇ ਸਮੁਦਾਇ ਉੱਪਰ ਪੱਖਪਾਤ ਹੋਣ ਦਾ ਦੋਸ਼ ਲਾਇਆ ਅਤੇ ਸਮੁਦਾਇ ਨੇ ਅਧਿਆਪਕਾਂ ਉੱਪਰ ਕੁਝ ਵੀ ਨਾ ਕਰਨ ਦਾ ਦੋਸ਼ ਲਾਇਆ। ਕਿਉਂ ਕਿ ਸਕੂਲ ਸ਼ਹਿਰੀ ਖੇਤਰ ਵਿੱਚ ਸੀ, ਵਾਰਡ ਦੇ ਚੁਣੇ ਹੋਏ ਮੈਂਬਰ ਵੀ ਟੀਮ ਨਾਲ ਗੱਲਬਾਤ ਕਰਨ ਲਈ ਆਏ ਜਿਨ੍ਹਾਂ ਨੂੰ ਸਿੱਖਿਆ ਬਾਰੇ ਥੋੜ੍ਹੀ-ਬਹੁਤ ਦੂਰ-ਦ੍ਰਿਸ਼ਟੀ ਸੀ, ਜਿਹੜਾ ਕਿ ਉਸ ਦੇ ਸ਼ਬਦਾਂ ਵਿੱਚ ਝਲਕਦਾ ਸੀ, "ਮੇਰੇ ਕੋਲ ਸਮਾਂ ਨਹੀਂ ਹੁੰਦਾ ਪ੍ਰੰਤੂ ਜਦੋਂ ਵੀ ਉਹ ਮੇਰੇ ਕੋਲ ਆਉਂਦੇ, ਮੈਂ ਦਸਖਖਤ ਕਰ ਦਿੰਦਾ ਹਾਂ।" ਸਮੁਦਾਇ ਦੀ ਭਾਗੀਦਾਰੀ ਕਿਉਂ? ਕਿੰਨੀਆਂ ਮੀਟਿੰਗਾਂ ਕੀਤੀਆਂ ਗਈਆਂ? ਕੀ ਚਰਚਾ ਕੀਤੀ ਗਈ? ਕੀ ਇਹ ਸੱਚਮੁਚ ਮਦਦ ਕਰਦੀ ਹੈ ਜਾਂ ਫੇਰ ਭਵਿੱਖ ਲਈ ਸਕੂਲ ਦੀ ਕੀ ਯੋਜਨਾ ਹੈ? ਇਨ੍ਹਾਂ ਦਾ ਕੋਈ ਉੱਤਰ ਨਹੀਂ ਸੀ। ਭਿੰਨ ਪੜਾਵਾਂ 'ਤੇ ਅਗਵਾਈ ਦੀ ਕਮੀ, ਅਧਿਆਪਕਾਂ ਦੀ ਉਦਾਸੀਨਤਾ ਸਮੁਦਾਇ ਦੇ ਵਿਵਹਾਰ ਵਿੱਚ ਵਿਖਾਈ ਦਿੱਤੀ ਅਤੇ ਅਧਿਆਪਕਾਂ ਅਤੇ ਸਮੁਦਾਇ ਦੇ ਮੈਂਬਰਾਂ ਵਿਚਾਲੇ ਕੋਈ ਰਾਬਤਾ ਨਹੀਂ ਸੀ।

ਉਪਰੋਕਤ ਕੇਸ ਅਧਿਐਨ ਸਪਸ਼ਟ ਤੌਰ 'ਤੇ ਪ੍ਰਤਿਬਿੰਬਤ ਕਰਦਾ ਹੈ ਕਿ ਸਮੁਦਾਇ ਤਾਲਮੇਲ ਹੀ ਨਹੀਂ ਰੱਖਦਾ ਸੀ ਅਤੇ ਉਹ ਭੌਤਿਕ ਸੰਰਚਨਾ, ਅਧਿਆਪਕਾਂ ਦੀ ਹਾਜ਼ਰੀ ਦੀ ਨਿਗਰਾਨੀ ਨਹੀਂ ਕਰ ਸਕਦੇ ਸਨ। ਵਿਦਿਆਰਥੀਆਂ ਦੀ ਹਾਜ਼ਰੀ ਨਾਲ ਵੀ ਛੇੜਖਾਨੀ ਕੀਤੀ ਗਈ ਸੀ ਅਤੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਵੀ ਤਸੱਲੀਬਖਸ਼ ਨਹੀਂ ਸੀ।

## 3.13 ਕੇਸ 5 : ਜੋਬਾਂਤੇਕਰੀ ਪ੍ਰਾਇਮਰੀ ਸਕੂਲ, ਵਡੋਦਰਾ

ਗੁਜਰਾਤ ਦੇ ਵਡੋਦਰਾ ਜ਼ਿਲ੍ਹੇ ਤੋਂ ਵਿਹ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਜੋਬਾਂਤੇਕਰੀ ਪ੍ਰਾਇਮਰੀ ਸਕੂਲ ਹੈ, ਜਿਸ ਵਿੱਚ ਦੋ ਛੋਟੇ ਕਮਰੇ ਹਨ, ਵਿਦਿਆਰਥੀਆਂ ਦੀ ਗਿਣਤੀ 53 ਅਤੇ ਤਿੰਨ ਮਹਿਲਾ ਅਧਿਆਪਕਾਂ ਸਨ। ਇਹ ਪੂਰੀ ਤਰ੍ਹਾਂ ਇੱਕ ਮਹਿਲਾਵਾਂ ਦੀ ਟੀਮ ਹੈ ਜਿਸ ਵਿੱਚ ਅਧਿਆਪਕ, ਮਿਡ ਡੇ ਮੀਲ ਕੋਆਰਡੀਨੇਟਰ, ਕੁੱਕ, ਸਰਪੰਚ ਆਦਿ ਸ਼ਾਮਲ ਹਨ। ਸਕੂਲ ਵੱਲ ਜਾਂਦੀ ਇੱਕ ਤਾਰ ਰੋਡ ਪਿੱਛੇ ਛੇ ਮਹੀਨੇ ਪਹਿਲਾਂ ਤਿਆਰ ਕੀਤੀ ਗਈ, ਨਹੀਂ ਤਾਂ ਇਹ ਇੱਕ ਵਿਬਾਲ ਖਾਈ ਦੇ ਨਾਲ ਸਾਰੇ ਦਾ ਅੱਠ ਤੋਂ ਦਸ ਕਿਲੋਮੀਟਰ ਦਾ ਸਫਰ ਪੈਂਦਾ ਸੀ। ਗੈਰਹਾਜ਼ਰਾਂ ਦੀ ਦਰ ਬੇਹਦ ਉੱਚੀ ਸੀ। ਬੱਚੇ ਬਾਹਰ ਖੇਡ ਰਹੇ ਹੁੰਦੇ ਜਾਂ ਫੇਰ ਮਾਪਿਆਂ ਨਾਲ ਖੇਤਾਂ ਵਿੱਚ ਕੰਮ ਕਰਦੇ ਅਤੇ ਇੱਥੋਂ ਤੱਕ ਕਿ ਜਿਹੜੇ ਆਏ ਵੀ, ਬੇਹਦ ਮਲੀਨ ਕੱਪੜਿਆਂ ਵਿੱਚ। ਸਕੂਲ ਦੇ ਅਹਾਤੇ ਵਿੱਚ ਇੱਕ ਹੈਂਡ ਪੰਪ ਸੀ, ਲੋਕ ਉੱਥੋਂ ਹੀ ਪਾਣੀ ਭਰਦੇ ਅਤੇ ਗੱਪ-ਸ਼ੱਪ ਦੋਰਾਨ ਇੱਕ ਦੂਜੇ ਨੂੰ ਗਾਲ੍ਹਾਂ ਕਢਦੇ। ਸਕੂਲ ਦਾ ਛੱਤਿਆ ਲਾਂਘਾ ਪੇਂਡੂਆਂ ਵੱਲੋਂ ਸਕੂਲੀ ਸਮੇਂ ਤੋਂ ਬਾਅਦ ਸ਼ਰਾਬ ਪੀਣ, ਮੀਟ ਖਾਣ ਅਤੇ ਜੂਆ ਖੇਡਣ ਲਈ ਵਰਤਿਆ ਜਾਂਦਾ, ਜਿਸ ਦਾ ਬਚਿਆ ਖੁਚਿਆ ਅਗਲੀ ਸਵੇਰ ਤੱਕ ਹੇਠਾਂ ਉੱਥੇ ਹੀ ਪਿਆ ਹੁੰਦਾ ਅਤੇ ਸਕੂਲ ਦੇ ਸਟਾਫ ਨੂੰ ਇਸਦੀ ਸਫਾਈ ਕਰਨੀ ਪੈਂਦੀ। ਇੱਕ ਮਹਿਲਾ ਅਧਿਆਪਕ ਨੇ ਸਕੂਲ ਦੇ ਵਾਤਾਵਰਣ ਨੂੰ ਸੁਧਾਰਣ ਦੀ ਸ਼ੁਰੂਆਤ ਕੀਤੀ ਅਤੇ ਉਸ ਦੇ ਅਣਥਕ ਯਤਨਾਂ ਕਾਰਣ ਉਹ ਸਮੁਦਾਇ ਤੱਕ ਪਹੁੰਚ ਸਕੀ। ਉਹ ਬੱਚਿਆਂ ਨੂੰ ਖੇਡ ਵਿਧੀ ਨਾਲ ਗਣਿਤੀ ਸੰਖਿਆਵਾਂ, ਭਾਸ਼ਾ ਅਤੇ ਚੰਗੀਆਂ ਆਦਤਾਂ ਸਿਖਾਉਂਦੀ।

ਜਦੋਂ ਮਾਤਾ ਪਿਤਾ ਖੇਤਾਂ ਤੋਂ ਦੁਪਹਿਰ ਦੇ ਖਾਣੇ ਦੇ ਸਮੇਂ ਦੌਰਾਨ ਮੁੜ ਰਹੇ ਹੁੰਦੇ, ਉਹ ਬੱਚਿਆਂ ਨੂੰ ਕਲਾਸਰੂਮ ਤੋਂ ਬਾਹਰ ਲੈ ਕੇ ਜਾਂਦੀ ਅਤੇ ਉਨ੍ਹਾਂ ਤੋਂ ਉਹ ਸਭ ਦੁਹਰਾਉਂਦੀ ਜੋ ਕੁਝ ਉਨ੍ਹਾਂ ਸਿੱਖਿਆ ਹੁੰਦਾ। ਮਾਪੇ ਉੱਥੋਂ ਲੰਘਦਿਆਂ ਸੁਣਨ ਵਾਸਤੇ ਰੁੱਕ ਜਾਂਦੇ, ਜੋ ਉਨ੍ਹਾਂ ਦੇ ਬੱਚੇ ਆਖਦੇ ਅਤੇ ਦੂਜਿਆਂ ਨੂੰ ਗੱਪ ਸ਼ੱਪ ਮਾਰਨ ਤੋਂ ਰੋਕਦੇ ਅਤੇ ਬੱਚਿਆਂ ਨੂੰ ਪ੍ਰੇਸ਼ਾਨ ਕਰਨ ਤੋਂ ਵਰਜਦੇ। ਇਹ ਇੱਕ ਨਿਯਮਤ ਮਾਮਲਾ ਬਣ ਗਿਆ ਅਤੇ ਸਹਿਜੇ-ਸਹਿਜੇ ਗਪਸ਼ਪ ਅਤੇ ਗਾਲੀ-ਗਲੌਚ ਵਾਲੀ ਭਾਸ਼ਾ, ਜਿਹੜੀ ਕਿ ਪਾਣੀ ਭਰਨ ਵੇਲੇ ਵਰਤੀ ਜਾਂਦੀ ਸੀ, ਬੰਦ ਹੋ ਗਈ, ਕਿਉਂ ਕਿ ਮਾਪੇ ਹੁਣ ਜ਼ੋਰ-ਜ਼ੋਰ ਦੀ ਗੱਪ-ਸ਼ੱਪ ਕਰਨ ਦੀ ਬਜਾਇ ਇਹ ਜਾਣਨ ਲਈ ਰੁਚੀ ਲੈਣ ਲੱਗ ਪਏ ਕਿ ਉਨ੍ਹਾਂ ਦੇ ਬੱਚੇ ਕੀ ਕਰ ਰਹੇ ਹਨ। ਮਾਪਿਆਂ ਨੇ ਆਪਣੇ ਬੱਚਿਆਂ ਨੂੰ ਸਕੂਲ ਦਾ ਅਹਾਤਾ ਸਾਫ ਕਰਦਿਆਂ ਵੇਖਿਆ, ਜਿੱਥੇ ਉਹ ਬੀਤੀ ਰਾਤ ਕੂੜਾ ਬਣਾ ਦਿੰਦੇ, ਉਹ ਆਪਣੇ ਕੰਮਾਂ 'ਤੇ ਸ਼ਰਮ ਮਹਿਸੂਸ ਕਰਦੇ ਅਤੇ ਉਨ੍ਹਾਂ ਇਹ ਸਭ ਬੰਦ ਕਰ ਦਿੱਤਾ। ਸਕੂਲ ਦੀ ਮਾਲਕੀ ਦੀ ਕਮੀ ਕਾਰਣ ਅਤੇ ਬੇਹਦ ਗਰੀਬੀ ਕਾਰਣ ਮਾਪੇ ਜਿਹੜੇ ਕਿ ਸਕੂਲ ਦੇ ਬੂਹੇ ਅਤੇ ਬਾਰੀਆਂ ਤੱਕ ਲਾਹ ਕੇ ਲੈ ਜਾਂਦੇ ਸਨ ਅਤੇ ਉਨ੍ਹਾਂ ਨੂੰ ਵੇਚ ਦਿੰਦੇ ਸਨ, ਇਹ ਵੀ ਬੰਦ ਹੋ ਗਿਆ।

ਅਧਿਆਪਨ ਨੇ ਪਿੰਡ ਵਿੱਚ ਜਾਤੀਵਾਦ ਵੀ ਵੇਖਿਆ ਅਤੇ ਨਾਲ ਹੀ ਜਾਤੀ ਅਤੇ ਲਿੰਗ ਅਧਾਰਤ ਸਕੂਲ ਵਿੱਚ ਡਿਊਟੀਆਂ ਨਿਰਧਾਰਣ ਵੀ ਵੇਖਿਆ। ਉਸ ਨੇ ਹੋਰਨਾਂ ਸਟਾਫ ਅਤੇ ਸਮੁਦਾਇਕ ਮੈਂਬਰਾਂ ਦੇ ਵਿਰੋਧ ਦੇ ਬਾਵਜੂਦ ਇਸ ਨੂੰ ਵਿਪਰੀਤ ਕਰਨ ਦੀ ਪਹਿਲ ਕੀਤੀ। ਉਸ ਦੇ ਸਾਕਾਰਤਮਕ ਅਤੇ ਸਾਰਥਕ ਤਰਕ ਅਤੇ ਬੇਗਰਜ਼ ਯਤਨਾਂ ਨੇ ਸਮੁਦਾਇ ਨੂੰ ਉਸ ਵਿੱਚ ਯਕੀਨ ਕਰਨ ਨੂੰ ਮਜਬੂਰ ਕੀਤਾ ਅਤੇ ਸਹਿਜੇ-ਸਹਿਜੇ ਸਕੂਲ ਵਿੱਚ ਜਾਤੀ ਅਤੇ ਲਿੰਗ ਆਧਾਰਤ ਨਿਯੁਕਤੀਆਂ ਬੰਦ ਹੋ ਗਈਆਂ। ਜਦੋਂ ਬੱਚਿਆਂ ਅਤੇ ਸਮੁਦਾਇ ਨਾਲ ਵਾਰਤਾਲਾਪ ਕੀਤੀ ਗਈ ਅਤੇ ਕੰਮ ਦੇ ਰੋਟੇਸ਼ਨਲ ਸਿਸਟਮ ਬਾਰੇ ਅਨੁਭੂਤੀ ਸੰਬੰਧੀ ਪੁੱਛਿਆ ਗਿਆ, ਇੱਕ ਦਿਲਚਸਪ ਕਹਾਣੀ ਉਭਰ ਕੇ ਸਾਹਮਣੇ ਆਈ। ਬਾਨੀਆ ਸਮੁਦਾਇ ਦੇ ਇੱਕ ਪਿਤਾ ਨੇ ਦੱਸਿਆ ਕਿ ਉਨ੍ਹਾਂ ਆਪਣੇ ਘਰ ਮਹਿਮਾਨਾਂ ਨੂੰ ਸੱਦਾ ਦਿੱਤਾ ਸੀ। ਕਿਉਂਕਿ ਉਸਦੀ ਸਿਹਤ ਠੀਕ ਨਹੀਂ ਸੀ, ਉਹ ਡਰ ਰਹੀ ਸੀ ਕਿ ਘਰ ਦੀ ਸਫਾਈ ਕੌਣ ਕਰੇਗਾ ਅਤੇ ਚਾਹ ਕੌਣ ਪਰਤਾਏਗਾ, ਉਸ ਦੇ ਦੋ ਪੁੱਤਰ ਸਨ। ਉਸਨੇ ਫਖਰ ਨਾਲ ਇਹ ਦੱਸਿਆ ਕਿ ਅਧਿਆਪਕ ਦਾ ਸ਼ੁਕਰੀਆ, ਬੱਚਿਆਂ ਦੀ ਰੂੜੀਬੱਧਤਾ ਕਿ ਘਰ ਦਾ ਕੰਮ ਨਹੀਂ ਕਰਨਾ, ਹੁਣ ਬੱਚਿਆਂ ਵਿੱਚ ਨਹੀਂ ਸੀ, ਉਸਦੇ ਪੁੱਤਰਾਂ ਨੇ ਘਰ ਦੀ ਸਫਾਈ ਅਤੇ ਚਾਹ ਪਰਤਾਉਣ 'ਚ ਮਦਦ ਕੀਤੀ। ਇਸ ਦਾ ਬਹੁਤ ਚੰਗਾ ਪ੍ਰਭਾਵ ਪਿਆ ਅਤੇ ਉਸਨੇ ਹੋਰਨਾਂ ਨੂੰ ਜਚਾਉਣ ਦੀ ਕੋਸ਼ਿਸ਼ ਕੀਤੀ, ਜਾਤੀ ਅਤੇ ਲਿੰਗ ਦੇ ਬਾਵਜੂਦ ਕੋਈ ਵੀ ਕੋਈ ਕੰਮ ਕਰ ਸਕਦਾ ਹੈ। ਮਾਨਸੂਨ ਦੌਰਾਨ ਇੱਕ ਵਾਰ ਇਹ ਅਧਿਆਪਕ ਗੋਡੇ-ਗੋਡੇ ਪਾਣੀ ਵਿੱਚ ਵੀ ਸਕੂਲ ਆਈ। ਪੇਂਡੂਆਂ ਨੇ ਉਸਨੂੰ ਖਾਈ ਦੇ ਨੇੜੇ ਰੋਕ ਲਿਆ ਅਤੇ ਉਸਨੂੰ ਵਾਪਸ ਮੁੜ ਜਾਣ ਲਈ ਕਿਹਾ, ਕਿਉਂਕਿ ਦੋ ਪਹੀਆ ਵਾਹਨ ਉੱਪਰ ਇਸ ਖਾਈ ਨੂੰ ਪਾਰ ਕਰਨਾ ਅਸੰਭਵ ਸੀ ਅਤੇ ਬਾਕੀ ਦਾ ਰਾਹ ਸਾਰੇ ਵਿੱਚੋਂ ਦੀ ਪੈਦਲ ਲੰਘਣਾ ਪੈਣਾ ਸੀ। ਉਨ੍ਹਾਂ ਅਧਿਆਪਕ ਨੂੰ ਮਾਨਸੂਨ ਮਗਰੋਂ ਆਉਣ ਲਈ ਕਿਹਾ। ਇਸ ਜਵਾਬ ਵਿੱਚ ਅਧਿਆਪਕ ਨੇ ਉਨ੍ਹਾਂ ਨੂੰ ਪੁੱਛਿਆ ਕਿ ਉਹ ਮਾਨਸੂਨ ਵਿੱਚ ਕੀ ਕਰ ਰਹੇ ਹਨ? ਕੀ ਉਨ੍ਹਾਂ ਵੀ ਕੰਮ ਬੰਦ ਕਰ ਦਿੱਤਾ ਹੈ। ਉਹ ਜਾਣਦੀ ਸੀ ਕਿ ਬੇਹਦ ਗਰੀਬੀ ਉਨ੍ਹਾਂ ਨੂੰ ਸਖਤ ਸਥਿਤੀਆਂ ਦੇ ਬਾਵਜੂਦ ਰੋਜ਼ਾਨਾ ਕੰਮ ਕਰਨ ਲਈ ਮਜਬੂਰ ਕਰਦੀ ਸੀ। ਉਸਨੇ ਉਨ੍ਹਾਂ ਨੂੰ ਪੁੱਛਿਆ ਕਿ ਖਾਈ ਨੂੰ ਕਿਵੇਂ

ਪਾਰ ਕੀਤਾ ਜਾ ਸਕਦਾ ਹੈ? ਤੁਸੀਂ ਮੈਨੂੰ ਵਾਪਸ ਜਾਣ ਲਈ ਆਖਣ ਦੀ ਬਜਾਇ ਇਹ ਸਿਖਾ (ਦਸ) ਸਕਦੇ ਸੀ। ਪੇਂਡੂ ਉਸਦੀ ਇਮਾਨਦਾਰੀ ਤੋਂ ਭਾਵੁਕ ਹੋ ਗਏ, ਨਾਲ ਹੀ ਉਸਦੀ ਪੜ੍ਹਾਉਣ ਦੀ ਲਗਨ ਨੂੰ ਵੇਖ ਕੇ। ਉਦੋਂ ਤੋਂ ਕੋਈ ਪਿੱਛਲਝਾਤ ਨਹੀਂ, ਅਧਿਆਪਕ ਨੇ ਜ਼ਾਹਰ ਕੀਤਾ। ਸਾਰੇ ਛੋਟੇ ਕੰਮਾਂ ਲਈ ਸਮੁਦਾਇ ਵੱਲੋਂ ਸਹਿਯੋਗ ਮਿਲਦਾ ਰਿਹਾ। ਆਪਣੀ ਗੱਲਬਾਤ ਵਿੱਚ ਉਸਨੇ ਦੱਸਿਆ ਕਿ ਉਹ ਸਮੁਦਾਇ ਨੂੰ ਸਿਰਫ ਕੰਮ ਵੇਲੇ ਜਾਂ ਮੀਟਿੰਗਾਂ ਵਾਸਤੇ ਮਿਲਣ ਨਹੀਂ ਗਈ, ਸਗੋਂ ਸਕੂਲੀ ਸਮੇਂ ਤੋਂ ਘੰਟਾ ਜਾਂ ਦੋ ਘੰਟੇ ਪਹਿਲਾਂ ਹੀ ਪਹੁੰਚ ਜਾਂਦੀ ਅਤੇ ਪਿੰਡ ਦੇ ਹਰੇਕ ਘਰ ਵਿੱਚ ਜਾਂਦੀ ਅਤੇ ਪੁਛਦੀ ਜੇਕਰ ਉਨ੍ਹਾਂ ਦੇ ਬੱਚੇ ਸਕੂਲ ਜਾਣ ਵਾਸਤੇ ਤਿਆਰ ਹਨ? ਇਸ ਢੰਗ ਨਾਲ ਇੱਕ ਰੋਜ਼ਾਨਾ ਨਿਯਮਤ ਸੰਪਰਕ ਨੇ ਸਮੁਦਾਇ ਨਾਲ ਇੱਕ ਪਿਆਰ ਭਰਿਆ ਸੰਬੰਧਤ ਸਥਾਪਤ ਕਰਨ ਵਿੱਚ ਕੋਸ਼ਿਸ਼ ਕੀਤੀ ਅਤੇ ਸਮੁਦਾਇ ਨੇ ਵੀ ਸਕੂਲ ਦੇ ਪ੍ਰਬੰਧਨ ਵਿੱਚ ਮਦਦ ਕੀਤੀ। ਬੱਚੇ ਸਕੂਲ ਆਉਣ ਲਈ ਹੋਰ ਵਧੇਰੇ ਨਿਸਮਤ ਹੋ ਗਏ।

ਸਕੂਲ ਦੀ ਸਭ ਤੋਂ ਵਿੱਲਖਣ ਵਿਸ਼ੇਸ਼ਤਾ 'ਬੱਚਾ ਕੇਂਦਰਤ ਅਧਿਆਪਨ ਸੀ।' ਬੁਨਿਆਦੀ ਕਦਰਾਂ-ਕੀਮਤਾਂ ਛੋਟੀਆਂ ਕਹਾਣੀਆਂ, ਕਠਪੁਤਲੀਆਂ, ਖੰਡਾਂ ਤੇ ਸੰਗੀਤ ਰਾਹੀਂ ਸੰਚਾਰਤ ਕੀਤੀਆਂ ਜਾਂਦੀਆਂ। ਭਿੰਨ ਕੀਟਾਂ, ਪਸ਼ੂਆਂ, ਪੰਛੀਆਂ ਦੇ ਪੁਤਲੇ ਭਿੰਨ ਸਾਮੱਗਰੀਆਂ ਜਿਵੇਂ ਕੱਪੜਾ, ਗੱਤਾ, ਚਾਰਟ ਪੇਪਰ ਮੈਟ ਪੇਪਰਾਂ ਦੀ ਵਰਤੋਂ ਕਰਕੇ ਤਿਆਰ ਕੀਤੇ ਜਾਂਦੇ ਤਾਂ ਜੋ ਬੱਚਿਆਂ ਨੂੰ ਪ੍ਰਾਕ੍ਰਿਤਕ ਜੀਵਾਂ ਬਾਰੇ ਦੱਸਿਆ ਜਾ ਸਕੇ। ਪਹਿਲੀ ਤੋਂ ਪੰਜਵੀਂ ਜਮਾਤ ਤੱਕ ਦੇ ਸਾਰੇ ਬੱਚਿਆਂ ਨੂੰ ਗਾਣ ਅਤੇ ਨੱਚਣ ਵਿਧੀ ਨਾਲ ਪੂਰਣ ਸੰਖਿਆ, ਪਹਾੜੇ ਸਿਖਾਏ ਗਏ, ਜਿਨ੍ਹਾਂ ਵਾਸਤੇ ਕਸਰਤ, ਯੋਗ ਦੀਆਂ ਮੁਦਰਾਵਾਂ ਦੀ ਵਰਤੋਂ ਵੀ ਕੀਤੀ ਗਈ। ਉਨਾਂ ਲੈਅਬੱਧ ਤਾੜੀਆਂ ਨਾਲ ਗੁਜਰਾਤੀ ਅਤੇ ਅੰਗ੍ਰੇਜ਼ੀ ਕੈਲੰਡਰਾਂ ਦੇ ਮਹੀਨਿਆਂ ਦੇ ਨਾਅ ਗਾਂ ਕੇ ਸੁਣਾਏ। ਇਸ ਮਹਾਨ ਅਧਿਆਪਕ ਦਾ ਜੋਸ਼ ਅਤੇ ਵਿਚਾਰ ਸਮੁਦਾਇ ਨੂੰ ਜੋਸ਼ ਭਰਪੂਰ ਢੰਗ ਨਾਲ ਸ਼ਾਮਲ ਕਰ ਸਕਦਾ ਸੀ। ਸਮੁਦਾਇ ਨੇ ਸਕੂਲ ਦੀਆਂ ਹਰੇਕ ਕਿਸਮ ਦੀਆਂ ਗਤੀਵਿਧੀਆਂ ਵਿੱਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਜਿਵੇਂ ਕਿ ਬੱਚਿਆਂ ਤੇ ਅਧਿਆਪਕਾਂ ਦੀ ਹਾਜ਼ਰੀ ਦੀ ਨਿਗਰਾਨੀ ਕਰਨੀ। ਖੇਡਾਂ ਅਤੇ ਸੱਭਿਆਚਾਰਕ ਪ੍ਰੋਗ੍ਰਾਮਾਂ ਵਿੱਚ ਹਿੱਸਾ ਲੈਣਾ, ਇੱਥੋਂ ਤੱਕ ਕਿ ਅਧਿਆਪਨ ਵਿੱਚ ਵੀ ਹੱਥ ਵਧਾਉਣਾ। ਮਿਸਾਲ ਦੇ ਤੌਰ 'ਤੇ ਕਿਸਾਨਾਂ ਨੇ ਪੁੰਮਰਣ ਅਤੇ ਖੇਤੀ ਨਾਲ ਸੰਬੰਧਤ ਹੋਰਨਾਂ ਵਿਸ਼ਿਆਂ ਬਾਰੇ ਦੱਸਣ ਵਿੱਚ ਮਦਦ ਕੀਤੀ।

## ਤੁਹਾਡੀ ਪ੍ਰਗਤੀ ਦੀ ਪਰਖ – 8

**ਨੋਟ :** ਤੁਹਾਡੇ ਉੱਤਰ ਲਈ ਸਥਾਨ ਦਿੱਤਾ ਗਿਆ ਹੈ।

1. ਕੀ ਸਮੁਦਾਇ ਦਾ ਯੋਗਦਾਨ ਸਕੂਲ ਦੀ ਕਾਰਵਾਈ 'ਚ ਸੁਧਾਰ ਵਿੱਚ ਮਦਦ ਕਰ ਸਕਦਾ ਹੈ, ਜਿਵੇਂ ਕਿ ਕੇਸ ਅਧਿਐਨ ਵਿੱਚ ਦਿੱਤਾ ਗਿਆ ਹੈ?

-----------------------------------------------------------------

-----------------------------------------------------------------

ਨੋਟ

ਨੋਟ

-----------------------------------------------------------------
------------------------------------

2. ਜੋਬਾਂਤੇਕਰੀ ਪ੍ਰਾਇਮਰੀ ਸਕੂਲ, ਵਡੋਦਰਾ ਵਿੱਚ ਸਮੁਦਾਇ ਦੇ ਨਾਲ ਨੇੜਤਾ ਬਣਾਉਣ ਵਿੱਚ ਕਿਸਨੇ ਮਦਦ ਕੀਤੀ?

-----------------------------------------------------------------
-----------------------------------------------------------------
-----------------------------------------------------------------
------------------------------------

3. ਅੰਬੇਦਕਰ ਪ੍ਰਾਥਮਿਕ ਸ਼ਾਲਾ, ਕ੍ਰਿਸ਼ੀਬਾੜੀ, ਨਵਸਾਰੀ ਵਿੱਚ ਕਿਸ ਕਿਸਮ ਦੀ ਸਮੁਦਾਇ ਦੀ ਸ਼ਮੂਲੀਅਤ ਦੀ ਲੋੜ ਹੈ?

-----------------------------------------------------------------
-----------------------------------------------------------------
-----------------------------------------------------------------
------------------------------------

## 3.14 ਸਾਰਾਂਸ਼

ਸਹਾਇਕ ਪਿਤਰੀ ਅਤੇ ਸਮਾਜਕ ਸਮਰਥਣ (ਸਮੁਦਾਇ ਦੇ ਅੰਦਰ) ਵਿਦਿਆਰਥੀਆਂ ਦੀ ਕਾਮਯਾਬੀ ਵਿੱਚ ਯੋਗਦਾਨ ਪਾਉਂਦਾ ਹੈ। ਜਦੋਂ ਮਾਪੇ ਅਤੇ ਸਮੁਦਾਇ ਨੂੰ ਸ਼ਾਮਲ ਕੀਤਾ ਜਾਂਦਾ ਹੈ; ਵਿਦਿਆਰਥੀ ਵਧੇਰੇ ਹਾਸਲ ਕਰਦੇ ਹਨ, ਸਮਾਜਕ ਆਰਥਕ ਰੁਤਬੇ, ਨਸਲੀ ਪਿਛੋਕੜ ਜਾਂ ਮਾਪਿਆਂ ਦੀ ਸਿੱਖਿਆ ਸਤਰ ਦੀ ਪ੍ਰਵਾਹ ਕੀਤਿਆਂ ਬਗੈਰ। ਇਸ ਮਾਡਿਊਲ ਵਿੱਚ ਤੁਸੀਂ ਸਿੱਖਿਆ ਕਿ ਸਕੂਲਾਂ ਦੀ ਪ੍ਰਭਾਵੀ ਕਿਰਿਆ ਅਤੇ ਪ੍ਰਬੰਧਨ ਵਿੱਚ ਸਮੁਦਾਇ ਦੀ ਭਾਗੀਦਾਰੀ ਕਿਵੇਂ ਅਹਿਮ ਹੁੰਦੀ ਹੈ। ਸਮੁਦਾਇ ਦੀ ਮਾਲਕੀ ਸਮੁਦਾਇ ਨੂੰ ਸਥਾਨਕ ਸਮੱਸਿਆਵਾਂ ਦੀ ਸ਼ਨਾਖਤ ਵਿੱਚ ਮਦਦ ਕਰਦੀ ਹੈ ਅਤੇ ਯੋਜਨਾ ਪ੍ਰਕਿਰਿਆ ਵਿੱਚ ਕਿਰਿਆਸ਼ੀਲਤਾ ਨਾਲ ਭਾਗ ਲੈਣ ਕਰਕੇ ਉਚਿਤ ਕਦਮ ਵੀ ਸੁਝਾਉਂਦੀ ਹੈ। ਸਮੁਦਾਇ ਵਿੱਤੀ ਸੋਮਿਆਂ ਨੂੰ ਗਤੀਸ਼ੀਲ, ਵਿੱਤ ਦੀ ਵਰਤੋਂ ਦੀ ਨਿਗਰਾਨੀ, ਅਧਿਆਪਕਾਂ ਦੀ ਹਾਜ਼ਰੀ, ਸਕੂਲ ਦੀ ਹਾਜ਼ਰੀ ਅਤੇ ਅਕਾਦਮਿਕ ਮਦਦ ਕਰ ਸਕਦਾ ਹੈ। ਸਰਵ ਸਿੱਖਿਆ ਅਭਿਆਨ ਜਿਹੜਾ ਕਿ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਬੱਚਿਆਂ ਦੇ ਅਧਿਕਾਰ ਨੂੰ ਲਾਗੂ ਕਰਨ ਦਾ ਇੱਕ ਉਪਕਰਣ ਹੈ, ਸਮੁਦਾਇ ਨੂੰ ਸਕੂਲੀ ਸਿੱਖਿਆ ਵਿੱਚ ਸ਼ਮੂਲੀਅਤ 'ਤੇ ਵੀ ਜ਼ੋਰ ਦਿੰਦਾ ਹੈ।

## 3.15 ਸੁਝਾਏ ਅਧਿਐਨ ਅਤੇ ਸੰਦਰਭ





Bray Mark (2001) Community Partnerships in Education : Dimensions, Variations, and Implications. Paris Education for All (EFA) Inter-Agency Commission, UNESCO.

Gaysu R. Arvind (2008) Locating Community in School Education : Emerging Perspectives and Practices to Empowered Participatory Governance, Paper presented at National Seminar on Community and School Linkages : Principles and Practices (March 17-19, 2008), NUEPA, New Delhi.

Government of India (undated) Sarva Shiksha Abhiyan - Framework for Implementation. Ministry of HRD, Department of Elementary Education and Literacy, New Delhi.

Govinda, R & Diwan Rashmi (2003) Community Participation and Empowerment in Primary Education, Sage Publications, New Delhi.

Grant A. Carl (1979) Community Participation in Education, Allyn and Bacon, USA

Jayaram, N, (2008) School-Community Relations in India : Some Theoretical and Methodological Considerations, Paper presented at National Seminar on Community and School Linkages : Principles and Practices (March 17-19, 2008), NUEPA, New Delhi.

Kantha V. Vinay & Daisy Narain (2003) Dynamics of Community Mobilisation in Govinda. R & Diwan Rashmi Community Participation and Empowerment in Primary Education, Sage Publications, New Delhi.

Lorlene Hoyt, Renu Khosla and Claudia Canepa (Leaves, Pebbles and Chalk) Building a Public Participation GIS in New Delhi, India Journal of Urban Technology, Volume 12, Number 1, pages 1-19.

Mitsue Uemura (1999) Community Participation in Education : What do we know? The World Bank.

Meenai Zubair (2008) Participatory Community Work, Concept Publishing Company, New Delhi. Pailwar, Veena K. & Mahajan Vandana (2005) Janshala in Jharkhand : An Experiment with Community Invovement in Education. International Education Journal, 2005, 6(3), 373-385.



ਨੋਟ

Pokhriyal H.C(2008) Communitisation of School Education : Reflections from the Field Paper presented at National Seminar on Community and School Linkages : Priniciples and Practices (March 17-19, 2008), NUEPA, New Delhi.

Priyanka Pandey, Sangeeta Goyal, Venkatesh Sundararaman (2008) Community Participation in Public Schools : The Impact of Information Campaigns in Three Indian State, Policy Research Working Paper 4776, The World Bank, South Asia Region, Human Development Department.

Ramachandran Vimala (2003) Community Participation and Empowerment in Primary Education : Discussion of Experiences from Rajasthan in Govinda. R & Diwan Rashmi Community Participation and Empowerment in Primary Education, Sage Publications New Delhi.

Society for Participatory Research in Asia Community Participation : A Training Module for Anganwadi Workers

Tharakan P.K. Michael (undated) Community Participation in School Education : Experiments and Experiences under People's Planning campaign in Kerala http://decwatch.org/files/icdd/021.pdf

UNESCO Module on Community Mobilization in Handbook Non-formal Adult Education facilitators

UNESCO, Dhaka Ahsania Mission Module Training Manual on Community Participation and Social Mobilization in Basic Education

Vasavi A.R (2008) Concepts and Realities of Community in Elementary Education, Paper presented at National Seminar on Community and School Linkages : Principles and Practices (March 17-19,2008), NUEPA, New Delhi.

## 3.16 ਤੁਹਾਡੀ ਪ੍ਰਗਤੀ ਦੀ ਪਰਖ ਲਈ ਉੱਤਰ

### ਤੁਹਾਡੀ ਪ੍ਰਗਤੀ ਦੀ ਪਰਖ – 1

1. ਗਤੀਵਿਧੀ ਤੁਹਾਡੇ ਇਲਾਕੇ ਦੀ ਜਾਣਕਾਰੀ ਇਕੱਤਰ ਕਰਦੀ ਹੈ ਅਤੇ ਵੇਰਵਾ ਵਰਨਣ ਕਰਦੀ ਹੈ।

ਨੋਟ

2. ਸੁਰਖਾ ਪਿੰਡ ਵਿੱਚ ਪਿੰਡ ਦੀ ਸਿੱਖਿਆ ਕਮੇਟੀ ਅਤੇ ਸਕੂਲ ਪ੍ਰਬੰਧਕ ਕਮੇਟੀ ਦੀ ਰਚਨਾ ਕੀਤੀ ਗਈ ਹੈ। ਮਾਤਾ-ਪਿਤਾ ਅਤੇ ਕਮੇਟੀ ਦੇ ਮੈਂਬਰ ਭਿੰਨ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਰੁੱਝੇ ਹੋਏ ਹਨ।

3. ਗੈਰ ਸਰਕਾਰੀ ਸੰਸਥਾ (ਐਨ ਜੀ ਓ) ਸਕੂਲ ਅਤੇ ਸਮੁਦਾਇ ਵਿਚਾਲੇ ਵਿਚੋਲਾ ਹੈ।

4. ਸਾਮੀ ਪਿੰਡ ਵਿੱਚ ਸਮੁਦਾਇ ਦੀ ਸ਼ਮੂਲੀਅਤ ਨਹੀਂ ਹੈ ਅਤੇ ਉਹ ਕਿਸੇ ਵੀ ਕਿਸਮ ਦੀ ਸੰਰਚਨਾ ਜਿਵੇਂ ਪਿੰਡ ਦੀ ਸਿੱਖਿਆ ਕਮੇਟੀ ਬਾਰੇ ਜਾਗਰੂਕ ਨਹੀਂ ਹਨ। ਉਨ੍ਹਾਂ ਕਦੇ ਵੀ ਆਪਣੇ ਪਿੰਡ ਵਿੱਚ ਸਕੂਲ ਨਾਲ ਸੰਬੰਧਤ ਗਤੀਵਿਧੀਆਂ ਵਿੱਚ ਭਾਗ ਨਹੀਂ ਲਿਆ, ਜਦਕਿ ਸੁਰਖਾ ਪਿੰਡ ਵਿੱਚ ਮਾਪੇ ਸਰਗਰਮੀ ਨਾਲ ਸ਼ਾਮਲ ਸਨ, ਮੀਟਿੰਗਾਂ ਦੇ ਰਿਕਾਰਡ ਚੰਗੀ ਤਰ੍ਹਾਂ ਸਾਂਭੇ ਗਏ ਸਨ।

## ਤੁਹਾਡੀ ਪ੍ਰਗਤੀ ਦੀ ਪਰਖ – 2

1. ਸਮੁਦਾਇ ਦੀ ਭਾਗੀਦਾਰੀ ਵਿੱਤ ਦੀ ਗਤੀਸ਼ੀਲਤਾ ਨੂੰ ਵਧਾਉਣ, ਮਨੁੱਖੀ ਅਤੇ ਪਦਾਰਥਕ ਸੋਮੇ ਜਿਹੜੇ ਕਿ ਵਿਦਿਅਕ ਪ੍ਰਣਾਲੀ ਨੂੰ ਕਾਰਗਰ ਬਣਾਉਣ ਲਈ ਲਾਜ਼ਮੀ ਹਨ, ਵਧਾਉਣ ਲਈ ਲਾਜ਼ਮੀ ਹੈ। ਭਾਗੀਦਾਰੀ ਆਬਾਦੀ ਦੇ ਹਰੇਕ ਵਰਗ, ਖਾਸਕਰ ਕਮਜ਼ੋਰ ਵਰਗ ਦੀਆਂ ਲੋੜਾਂ, ਸਮੱਸਿਆਵਾਂ, ਭਾਵਨਾਵਾਂ ਅਤੇ ਹਿੱਤਾਂ ਲਈ ਸਿੱਖਿਆ ਨੂੰ ਅਪਨਾਉਣ ਲਈ ਵੀ ਜ਼ਰੂਰੀ ਹੈ। ਸਿੱਖਿਆ ਦੇ ਲੋਕਤੰਤਰੀਕਰਣ ਲਈ ਸਮੁਦਾਇ ਦੀ ਭਾਗੀਦਾਰੀ ਵੀ ਅਹਿਮ ਹੈ। ਜਿਸ ਦਾ ਭਾਵ ਹੈ ਕਿ ਯੋਜਨਾ ਵਿੱਚ ਸਥਾਨਕ ਲੋਕਾਂ ਦੀ ਸ਼ਮੂਲੀਅਤ, ਨਿਰਣਾ ਲੈਣਾ ਅਤੇ ਸਕੂਲੀ ਸਿੱਖਿਆ ਦਾ ਪ੍ਰਬੰਧਨ। ਭਾਗੀਦਾਰੀ ਸਕੂਲੀ ਸਿੱਖਿਆ ਲਈ ਸਮੁਦਾਇ ਨੂੰ ਜ਼ਿੰਮੇਵਾਰ ਬਣਾਉਂਦੀ ਹੈ। ਇਹ ਸ਼ੁਰੂਆਤ ਲਈ ਵੀ ਇੱਕ ਅਹਿਮ ਉਪਕਰਣ ਹੈ।

2. ਪਿੰਡ ਦੀ ਸਿੱਖਿਆ ਕਮੇਟੀ ਸੂਖਮ ਪੱਧਰ ਦੀ ਯੋਜਨਾ ਤਿਆਰ ਕਰਨ, ਘਰ-ਘਰ ਸਰਵੇਖਣ ਅਤੇ ਮਾਪਿਆਂ ਨਾਲ ਸਮੇਂ-ਸਮੇਂ ਸਿਰ ਚਰਚਾ ਦੁਆਰਾ ਪਿੰਡ 'ਚ ਸਕੂਲ ਮੈਪਿੰਗ ਲਈ, ਜ਼ਿੰਮੇਵਾਰ ਹੈ। ਇਨ੍ਹਾਂ ਕਮੇਟੀਆਂ ਦੀਆਂ ਹੋਰ ਕਿਰਿਆਵਾਂ ਵਿੱਚ ਸਮੁਦਾਇ ਵਿੱਚ ਬੱਚਿਆਂ ਲਈ ਸਿੱਖਿਆ ਦੀ ਅਹਿਮੀਅਤ 'ਤੇ ਜਾਗਰੂਕਤਾ ਤਿਆਰ ਕਰਨਾ ਸ਼ਾਮਲ ਹੈ ਤਾਂ ਜੋ ਸਾਰੇ ਮੈਂਬਰਾਂ ਦੀ ਭਾਗੀਦਾਰੀ ਯਕੀਨੀ ਹੋ ਜਾਵੇ। ਪਿੰਡ ਦੀ ਸਿੱਖਿਆ ਕਮੇਟੀ ਸਕੂਲ ਦੀ ਪ੍ਰਭਾਵੀ ਅਤੇ ਨਿਯਮਤ ਕਿਰਿਆ ਨੂੰ ਵੇਖਣ ਲਈ ਅਧਿਆਪਕ/ਇੰਸਟ੍ਰਕਟਰ ਵਿਕਸਤ ਕਰਨ ਅਤੇ ਸਮੁਦਾਇ ਦੀ ਭਾਗੀਦਾਰੀ ਵਿੱਚ ਮਦਦ ਲਈ ਵੀ ਜ਼ਰੂਰੀ ਹੈ।

## ਤੁਹਾਡੀ ਪ੍ਰਗਤੀ ਦੀ ਪਰਖ – 3

1. ਸਮੁਦਾਇ ਨੂੰ ਨਿਮਨ ਢੰਗਾਂ ਨਾਲ ਸ਼ਾਮਲ ਕੀਤਾ ਜਾ ਸਕਦਾ ਹੈ :

- ਸਕੂਲ ਤੋਂ ਬਾਹਰ ਦੇ ਬੱਚਿਆ ਲਈ ਸਰਵੇਖਣ ਵਿੱਚ, ਬਾਲ ਮਜ਼ਦੂਰੀ, ਦਾਖਲਾ ਮੁਹਿੰਮਾਂ ਵਿੱਚ ਭਾਗੀਦਾਰੀ ਨਾਲ
- ਸਕੂਲ ਮੈਪਿੰਗ ਅਮਲਾਂ, ਸਕੂਲ ਦੀ ਲੋਕੇਸ਼ਨ ਲਈ ਭਾਗੀਦਾਰੀ

- ਪੈਸਾ, ਸਾਮੱਗਰੀ ਅਤੇ ਕਿਰਤ ਦੁਆਰਾ ਸ਼ਮੂਲੀਅਤ
- ਹਾਜ਼ਰੀ ਰਾਹੀਂ (ਭਾਵ ਸਕੂਲ ਵਿੱਚ ਮਾਪਿਆਂ ਦੀ ਮੀਟਿੰਗ) ਕਲਾਸਰੂਮ ਵਿੱਚ ਹਾਈਜੀਨ ਦੀ ਨਿਗਰਾਨੀ ਅਤੇ ਅਧਿਆਪਨ/ਸਿੱਖਲਾਈ ਲਈ ਸਕੂਲਾਂ ਦਾ ਦੌਰਾ, ਅਧਿਆਪਕਾਂ ਨਾਲ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦੀ ਚਰਚਾ ਰਾਹੀਂ
- ਵਿਸ਼ੇਸ਼ ਮੁੱਦੇ ਉੱਪਰ ਮਸ਼ਵਰਿਆਂ ਨਾਲ ਸ਼ਮੂਲੀਅਤ, ਜਿਵੇਂ ਕਿ ਅਧਿਆਪਨ ਵਿਧੀ ਜਾਂ ਬੁਨਿਆਦੀ ਢਾਂਚੇ 'ਚ ਸੁਧਾਰ;
- ਸੇਵਾ, ਅਧਿਆਪਨ ਵਿੱਚ ਭਾਗੀਦਾਰੀ ਜਦੋਂ ਅਧਿਆਪਕ ਗੈਰ ਹਾਜ਼ਰ ਹੋਵੇ ਜਾਂ ਕਿੱਤਾਮੁਖੀ ਹੁਨਰ/ਵਿਦਿਆਰਥੀਆਂ ਨੂੰ ਸੰਗੀਤ ਸਿਖਾ ਰਿਹਾ ਹੋਵੇ।
- ਬੱਚਿਆਂ ਦੀ ਹਾਜ਼ਰੀ ਦੀ ਅਤੇ ਅਧਿਆਪਕਾਂ ਦੀ ਨਿਯਮਤਤਾ ਦੀ ਨਿਗਰਾਨੀ
- ਹੱਲਾਸ਼ੇਰੀਆਂ ਜਿਵੇਂ ਮੁੱਖ ਪਾਠ ਪੁਸਤਕਾਂ, ਵਰਦੀਆਂ ਬੱਚਿਆਂ ਤੱਕ ਪਹੁੰਚਦੀਆਂ ਹਨ ਕਿ ਨਹੀਂ, ਇਸ ਦੀ ਨਿਗਰਾਨੀ, ਮਿਡ ਡੇ ਮੀਲ ਦੀ ਨਿਯਮਤਤਾ ਅਤੇ ਮਾਤਰਾ ਦੀ ਨਿਗਰਾਨੀ ਦੁਆਰਾ।

2. ਆਪਣੇ ਇਲਾਕੇ ਤੋਂ ਜਾਣਕਾਰੀ ਇਕੱਤਰ ਕਰੋ (ਸੰਕੇਤ ਉੱਤਰ 7)

## ਤੁਹਾਡੀ ਪ੍ਰਗਤੀ ਦੀ ਪਰਖ – 4

1. ਵਿਦਿਅਕ ਰੁਤਬੇ ਨੂੰ ਸਮਝਣ ਲਈ ਨਿਮਨ ਜਾਣਕਾਰੀ ਲੋੜੀਂਦੀ ਹੈ
   - ਪਿੰਡ/ਵਾਰਡ ਵਿੱਚ ਅਨਪੜ੍ਹਾਂ ਦੀ ਗਿਣਤੀ
   - ਬਸ਼ਿੰਦਿਆਂ ਦੀ ਗਿਣਤੀ
   - ਪ੍ਰਾਇਮਰੀ (1 ਕਿ.ਮੀ. ਦੇ ਅੰਦਰ)/ਅਪਰ ਪ੍ਰਾਇਮਰੀ (3 ਕਿ.ਮੀ. ਅੰਦਰ) ਸੈਕੰਡਰੀ ਸਕੂਲ (5 ਕਿ.ਮੀ. ਅੰਦਰ)
   - ਕੁੱਲ ਸਕੂਲੀ ਉਮਰ ਆਬਾਦੀ (6–17 ਸਾਲ)
   - ਦਾਖਲਾ ਲੈਣ ਵਾਲੇ, ਗੈਰ ਦਾਖਲੇ ਵਾਲੇ, 6–17 ਸਾਲ ਦੀ ਉਮਰ ਦੇ ਡਰਾਪ ਆਊਟ
   - ਬੱਚਿਆਂ ਦੀ ਸਿੱਖਣ ਦੀ ਪ੍ਰਾਪਤੀ
2. ਪਿੰਡ/ਵਾਰਡ ਨਕਸ਼ਾ ਤਿਆਰ ਕਰਨ ਲਈ ਨਿਮਨ ਮੈਂਬਰ ਮਦਦ ਕਰ ਸਕਦੇ ਹਨ
   - ਪਿੰਡ ਦੀ ਸਿੱਖਿਆ ਕਮੇਟੀ/ਵਾਰਡ ਦੀ ਸਿੱਖਿਆ ਕਮੇਟੀ
   - ਸਮੁਦਾਇ ਦੇ ਮੈਂਬਰ
   - ਨਕਸ਼ਾ ਤਿਆਰ ਕਰਨ ਵਾਸਤੇ ਹੋਰ ਮਾਹਿਰ

## ਤੁਹਾਡੀ ਪ੍ਰਗਤੀ ਦੀ ਪਰਖ – 5

1. ਨਕਸ਼ੇ ਨਿਮਨ ਜਾਣਕਾਰੀ ਉਪਲੱਬਧ ਕਰਨਗੇ ਜਿਹੜੇ ਕਿ ਸਕੂਲੀ ਸਹੂਲਤਾਂ ਦੀ ਯੋਜਨਾ ਬਣਾਉਣ ਲਈ ਲਾਹੇਵੰਦ ਹੋਣਗੇ:
   - ਪਿੰਡ ਵਿਚਲੇ ਘਰਾਂ ਦੀ ਗਿਣਤੀ ਅਤੇ ਹਰੇਕ ਘਰ ਦੀ ਲੋਕੇਸ਼ਨ।
   - ਪਿੰਡ/ਵਾਰਡ–ਆਂਗਣਵਾੜੀ, ਪ੍ਰੀ ਸਕੂਲ, ਸਕੂਲ ਦੀ ਲੋਕੇਸ਼ਨ/ਸਿਹਤ ਕੇਂਦਰ ਦਾ ਬੁਨਿਆਦੀ ਢਾਂਚਾ।
   - ਹਰੇਕ ਘਰ ਵਿੱਚ ਲੋਕਾਂ ਦੀ ਗਿਣਤੀ



ਨੋਟ

- ਸਕੂਲਾਂ ਦੀ ਗਿਣਤੀ ਅਤੇ ਕੀ ਗਿਣਤੀ ਕਾਫੀ ਹੈ
- ਸਕੂਲ ਜਾਂਦੇ ਬੱਚਿਆਂ ਦੀ ਸੰਖਿਆ ਅਤੇ ਹਰੇਕ ਘਰ ਤੋਂ ਸਕੂਲ ਨਾ ਜਾਣ ਵਾਲੇ ਬੱਚਿਆਂ ਦੀ ਸੰਖਿਆ।
- ਦੋਵੇਂ ਮਰਦ ਤੇ ਔਰਤ ਬਾਲਗ ਪੜ੍ਹੇ-ਲਿਖੇ/ਅਨਪੜ੍ਹਾਂ ਦੀ ਸੰਖਿਆ।

2. ਜਾਣਕਾਰੀ ਇਕੱਤਰ ਕਰਨ ਦੀਆਂ ਭਿੰਨ ਵਿਧੀਆਂ ਨਿਮਨ ਹਨ :

- ਸਰਵੇਖਣ
- ਭਾਈਵਾਲੀ ਸਿੱਖਲਾਈ ਅਤੇ ਅਮਲ (ਪੀ ਐੱਲ ਏ) ਤਕਨੀਕਾਂ
- ਫੋਕਸ ਸਮੂਹ ਚਰਚਾ
- ਵਿਚਾਰ
- ਘਰ-ਘਰ ਸਰਵੇਖਣ ਅਤੇ ਪ੍ਰੇਖਣ

ਭਾਈਵਾਲੀ ਸਿੱਖਲਾਈ ਅਤੇ ਅਮਲ (ਪੀ ਐੱਲ ਏ) ਤਕਨੀਕਾਂ ਜਾਣਕਾਰੀ ਸੰਚਾਰਣ ਲਈ ਚਿੰਨ੍ਹਾਂ ਦੀ ਵਰਤੋਂ ਉੱਪਰ ਨਿਰਭਰ ਕਰਦਾ ਹੈ। ਇਹ ਪਹੁੰਚ ਪ੍ਰਭਾਵੀ ਹੈ ਕਿਉਂਕਿ ਇਹ ਅਨਪੜ੍ਹ ਬਾਲਗਾਂ ਅਤੇ ਬੱਚਿਆਂ ਨੂੰ ਭਾਗ ਲੈਣ ਲਈ ਹੱਲਾਸ਼ੇਰੀ ਦਿੰਦੀ ਹੈ। ਇਸ ਤਰ੍ਹਾਂ ਗੱਲਬਾਤ ਲਈ ਸਰਗਰਮੀ ਨਾਲ ਯੋਗਦਾਨ ਪਾਉਣ ਲਈ ਲੋਕਾਂ ਦੀ ਗਿਣਤੀ ਵਧਾਉਂਦੀ ਹੈ। ਭਿੰਨ ਢੰਗ-ਤਰੀਕੇ ਜਿਵੇਂ ਕਿ ਚਪਾਤੀ ਸਮੁਦਾਇ ਸੁਪਨਸਾਜ਼ੀ, ਬੀਜਾਂ ਦੀ ਵਰਤੋਂ, ਛੜਾਂ ਅਤੇ ਝੰਡਿਆਂ ਦੀ ਵਰਤੋਂ।

## ਤੁਹਾਡੀ ਪ੍ਰਗਤੀ ਦੀ ਪਰਖ – 6

ਸਮੁਦਾਇ ਨੇ ਨਿਮਨ ਢੰਗਾਂ 'ਚ ਮਦਦ ਕੀਤੀ

- ਘਰਾਂ ਦੇ ਸਰਵੇਖਣ ਕਰਕੇ ਅਤੇ ਗੈਰ-ਦਾਖਲੇ, ਡਰਾਪ ਆਊਟ, ਹਰੇਕ ਘਰ ਤੋਂ ਸਕੂਲ ਜਾਣ ਵਾਲੇ ਬੱਚਿਆਂ ਬਾਰੇ ਜਾਣਕਾਰੀ ਇਕੱਤਰ ਕਰਕੇ।
- ਸਿੱਖਿਆ ਦੀ ਅਹਿਮੀਅਤ ਬਾਰੇ ਜਾਗਰੂਕਤਾ ਪੈਦਾ ਕਰਕੇ
- ਬਸਤੀ ਦੇ ਨਕਸ਼ੇ ਤਿਆਰ ਕਰਕੇ
- ਸਥਾਨਕ ਸਰਕਾਰਾਂ/ਸੂਬਾ ਪ੍ਰਸ਼ਾਸਨ ਨਾਲ ਗੱਲਬਾਤ ਕਰਕੇ
- ਪ੍ਰੀ-ਸਕੂਲ, ਸੁਧਾਰ ਕਲਾਸਾਂ ਅਤੇ ਕਿੱਤਾਮੁਖੀ ਹੁਨਰ ਟਰੇਨਿੰਗ ਲਈ ਸੈਂਟਰ ਸਥਾਪਤ ਕਰਕੇ
- ਵਿੱਤੀ ਅਤੇ ਵਸੀਲਾ ਸਹਾਇਤਾ ਉਪਲੱਬਧ ਕਰਕੇ

ਜਿਹੜੀ ਸੰਰਚਨਾਵਾਂ ਕੀਤੀਆਂ ਗਈਆਂ : ਗੁਆਂਢਚਾਰੀ ਸਮੂਹ, ਗੁਆਂਢਚਾਰੀ ਜਾਂ ਬਸਤੀ ਕਮੇਟੀ; ਬਸਤੀ ਸਿੱਖਿਆ ਕਮੇਟੀ; ਸਹਾਇਕ ਸ਼ਿਸ਼ੂ ਕੇਂਦਰ।

## ਤੁਹਾਡੀ ਪ੍ਰਗਤੀ ਦੀ ਪਰਖ – 7

1. ਜਾਣਕਾਰੀ ਇਕੱਤਰ ਕਰੋ ਕਿ ਕੋਈ ਵੀ ਸੰਰਚਨਾ ਵਿਦਮਾਨ ਹੈ ਅਤੇ ਉਨ੍ਹਾਂ ਦੀਆਂ ਕਿਰਿਆਵਾਂ ਜਿਵੇਂ ਸਕੂਲ ਪ੍ਰਬੰਧਨ ਕਮੇਟੀਆਂ; ਪਿੰਡ ਦੀਆਂ ਸਿੱਖਿਆ ਕਮੇਟੀਆਂ/ਵਾਰਡ ਕਮੇਟੀਆਂ; ਗੈਰ ਸਰਕਾਰੀ ਸੰਸਥਾਵਾਂ; ਵਾਲੰਟੀਅਰ, ਸਵੈ ਸਹਾਇਤਾ ਸਮੂਹ

## ਤੁਹਾਡੀ ਪ੍ਰਗਤੀ ਦੀ ਪਰਖ – 8

ਨੋਟ

ਕੇਸ ਅਧਿਐਨਾਂ ਤੋਂ ਇਹ ਸਪਸ਼ਟ ਹੈ ਕਿ ਅੰਬੇਦਕਰ ਪ੍ਰਾਥਮਿਕ ਸ਼ਾਲਾ, ਕ੍ਰਿਸ਼ੀਬਾੜੀ, ਨਵਸਾਰੀ ਵਿੱਚ ਸਮੁਦਾਇ ਸ਼ਾਮਲ ਨਹੀਂ ਸੀ, ਇਸ ਲਈ ਸਕੂਲ ਦੀ ਸਥਿਤੀ ਅਤੇ ਇਸ ਦੀ ਕਿਰਿਆਸ਼ੀਲਤਾ ਤਸੱਲੀਬਖਸ਼ ਨਹੀਂ ਸੀ, ਜਦਕਿ ਜੋਬਾਂਤੇਕਰੀ ਪ੍ਰਾਇਮਰੀ ਸਕੂਲ ਵਡੋਦਰਾ ਵਿਖੇ ਸਮੁਦਾਇ ਸਰਗਰਮੀ ਨਾਲ ਜੁੜੀ ਹੋਈ ਸੀ ਅਤੇ ਭਿੰਨ ਗਤੀਵਿਧੀਆਂ ਵਿੱਚ ਭਾਗ ਲੈਂਦੀ ਸੀ ਜਿਵੇਂ ਕਿ ਸਕੂਲ ਦੇ ਅਹਾਤੇ ਨੂੰ ਸਾਫ ਅਤੇ ਬਰਕਰਾਰ ਰੱਖਣਾ, ਬੱਚਿਆਂ ਦੀ ਹਾਜ਼ਰੀ ਦੀ ਨਿਗਰਾਨੀ ਕਰਨੀ ਅਤੇ ਬੱਚਿਆਂ ਨੂੰ ਅਮਲੀ ਹੁਨਰ ਸਿਖਾਉਣੇ।

2. ਜੋਬਾਂਤੇਕਰੀ ਪ੍ਰਾਇਮਰੀ ਸਕੂਲ ਵਡੋਦਰਾ ਵਿਖੇ ਅਧਿਆਪਕ ਨੇ ਸਮੁਦਾਇ ਦੇ ਨਾਲ ਸੰਪਰਕ ਬਣਾਉਣ ਵਿੱਚ ਮਦਦ ਕੀਤੀ?

3. ਅੰਬੇਦਕਰ ਪ੍ਰਾਥਮਿਕ ਸ਼ਾਲਾ, ਕ੍ਰਿਸ਼ੀਬਾੜੀ, ਨਵਸਾਰੀ ਵਿਖੇ ਸਕੂਲ ਪ੍ਰਬੰਧਕ ਕਮੇਟੀ ਦੀ ਰਚਨਾ ਦੀ ਲੋੜ ਹੈ ਅਤੇ ਉਨ੍ਹਾਂ ਮਾਪਿਆਂ ਨੂੰ ਮੈਂਬਰ ਬਣਾਉਣਾ ਚਾਹੀਦਾ ਹੈ, ਜਿਨ੍ਹਾਂ ਦੇ ਬੱਚੇ ਸਕੂਲ ਵਿੱਚ ਪੜ੍ਹਦੇ ਹਨ। ਮਾਪਿਆਂ ਨੂੰ ਉਨ੍ਹਾਂ ਦੇ ਕਰਤਵਾਂ ਬਾਰੇ ਟਰੇਨਿੰਗ ਅਤੇ ਜਾਣਕਾਰੀ ਦੇਣੀ ਜ਼ਰੂਰੀ ਹੈ ਅਧਿਆਪਕਾਂ ਨੂੰ ਸਮੁਦਾਇ ਨਾਲ ਸੰਪਰਕ ਸਥਾਪਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਸਕੂਲ ਦੀ ਸਫਾਈ, ਸਿਹਤ ਅਤੇ ਹਾਈਜੀਨ ਬਾਰੇ ਜਾਗਰੂਕ ਪ੍ਰੋਗ੍ਰਾਮ, ਬੱਚਿਆਂ ਦੀ ਹਾਜ਼ਰੀ ਦੀ ਨਿਗਰਾਨੀ, ਸਕੂਲ ਤੋਂ ਬਾਹਰਲੇ ਬੱਚਿਆਂ ਦੀ ਪਛਾਣ ਆਦਿ ਵਿੱਚ ਸਰਗਰਮੀ ਨਾਲ ਸਹਾਇਤਾ ਕਰਨੀ ਚਾਹੀਦੀ ਹੈ।

## 3.17 ਇਕਾਈ ਅੰਤ ਅਭਿਆਸ

1. ਘੱਟੋ-ਘੱਟ ਛੇ ਢੰਗ ਦੱਸੋ ਜਿਹੜੇ ਦਰਸਾਉਂਦੇ ਹਨ ਕਿ ਸਮੁਦਾਇ ਸਕੂਲੀ ਸਿੱਖਿਆ ਵਿੱਚ ਯੋਗਦਾਨ ਪਾ ਸਕਦੇ ਹਨ।

2. ਸਮੁਦਾਇ ਸਕੂਲੀ ਸਿੱਖਿਆ ਨੂੰ ਕਿਵੇਂ ਸੁਧਾਰ ਸਕਦਾ ਹੈ?

3. ਉਨ੍ਹਾਂ ਢੰਗਾਂ ਦੀ ਚਰਚਾ ਕਰੋ ਜਿਨ੍ਹਾਂ ਰਾਹੀਂ ਸਮੁਦਾਇ ਸਥਾਨਕ ਸੋਮਿਆਂ ਨੂੰ ਸ਼ਨਾਖਤ ਅਤੇ ਗਤੀਸ਼ੀਲ ਕਰਦਾ ਹੈ।



ਨੋਟ

## ਇਕਾਈ 4 ਸਰਵਸਿੱਖਿਆ ਅਭਿਆਨ ਅਤੇ ਆਰ ਟੀ ਈ ਅਧੀਨ ਸਮੁਦਾਇ ਦੀ ਭਾਗੀਦਾਰੀ ਲਈ ਤਜਵੀਜ਼ਾਂ

### ਸੰਰਚਨਾ

4.0 ਜਾਣ-ਪਛਾਣ
4.1 ਸਿੱਖਣ ਦੇ ਉਦੇਸ਼
4.2 ਸਿੱਖਿਆ ਵਿੱਚ ਸਮੁਦਾਇ ਦੀ ਭਾਗੀਦਰੀ
4.3 ਸਰਵ ਸਿੱਖਿਆ ਅਭਿਆਨ (ਐੱਸ ਐੱਸ ਏ) ਦੀ ਸ਼ੁਰੂਆਤ
  4.3.1 ਮੁਫਤ ਅਤੇ ਲਾਜ਼ਮੀ ਸਿੱਖਿਆ ਐਕਟ 2009 ਲਈ ਬੱਚਿਆਂ ਦਾ ਅਧਿਕਾਰ
  4.3.2 ਆਰ ਟੀ ਈ/ਸਰਵ ਸਿੱਖਿਆ ਅਭਿਆਨ ਅਧੀਨ ਸਮੁਦਾਇ ਦੀ ਭਾਗੀਦਾਰੀ
  4.3.3 ਸਮੁਦਾਇ ਦੀ ਭਾਗੀਦਾਰੀ ਦੀ ਅਹਿਮੀਅਤ
  4.3.4 ਸਿੱਖਿਆ ਵਿੱਚ ਸਮੁਦਾਇ ਦਾ ਯੋਗਦਾਨ
  4.3.5 ਸੰਬੰਧਤ ਪਾਠਕ੍ਰਮ ਅਤੇ ਸਿੱਖਿਆ ਸਾਮੱਗਰੀ ਦਾ ਵਿਕਾਸ
  4.3.6 ਸਮੱਸਿਆਵਾਂ ਦੀ ਪਛਾਣ ਕਰਨੀ ਅਤੇ ਮੁਖ਼ਾਤਬ ਹੋਣਾ
4.4 ਸਮੁਦਾਇ ਦੀ ਭਾਗੀਦਾਰੀ ਸਿੱਖਿਆ ਸੁਧਾਰ ਕਿਵੇਂ ਕਰ ਸਕਦੀ ਹੈ?
4.5 ਪਿੰਡ ਦੀਆਂ ਸਿੱਖਿਆ ਕਮੇਟੀਆਂ (ਵੀ ਈ ਸੀਜ਼)
4.6 ਸਕੂਲ ਪ੍ਰਬੰਧਨ ਕਮੇਟੀਆਂ (ਐੱਸ ਐੱਸ ਸੀ)/ਮਾਪੇ ਅਧਿਆਪਕ ਐਸੋਸ਼ਿਏਸ਼ਨਾਂ (ਪੀ ਟੀ ਏ)
  4.6.1 ਐੱਸ ਐੱਮ ਸੀ/ਪੀ ਟੀ ਏ ਦੇ ਮੁੱਖ ਕਾਰਜ
4.7 ਪੂਰੇ ਸੂਬਿਆਂ 'ਚ ਸਮੁਦਾਇ ਦੀ ਭਾਈਵਾਲੀ ਵੱਲ ਕਦਮ
4.8 ਸਾਰਾਂਸ਼
4.9 ਤੁਹਾਡੀ ਪ੍ਰਗਤੀ ਦੀ ਪਰਖ ਲਈ ਉੱਤਰ
4.10 ਸੁਝਾਏ ਅਧਿਐਨ ਅਤੇ ਸੰਦਰਭ
4.11 ਇਕਾਈ ਅੰਤ ਅਭਿਆਸ

### 4.0 ਜਾਣ-ਪਛਾਣ

ਸਰਵ ਵਿਆਪਕ ਬੁਨਿਆਦੀ ਸਿੱਖਿਆ ਲਈ ਯੋਜਨਾ, ਲਾਗੂ ਕਰਨ ਅਤੇ ਦਖਲ ਅੰਦਾਜ਼ੀ ਨਿਗਰਾਨ ਵਿੱਚ ਸਮੁਦਾਇ ਦੀ ਭਾਗੀਦਾਰੀ ਇੱਕ ਕੇਂਦਰੀ ਅਤੇ ਅਹਿਮ ਕਾਰਕ ਹੈ। ਮੁਫਤ ਅਤੇ ਲਾਜ਼ਮੀ ਸਿੱਖਿਆ ਐਕਟ 2009 ਲਈ ਬੱਚਿਆਂ ਦਾ ਅਧਿਕਾਰ ਨੇ ਪ੍ਰਮੁੱਖ ਦਾਅਵੇਦਾਰਾਂ ਦੀ ਅਰਥ ਭਰਪੂਰ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਤਜ਼ਵੀਜ਼ਾਂ ਪੇਸ਼ ਕੀਤੀਆਂ ਹਨ। ਵਿਸ਼ੇਸ਼ਕਰ ਸਥਾਨਕ ਪੰਚਾਇਤੀ ਰਾਜ ਸੰਸਥਾਵਾਂ, ਮਾਪੇ, ਵਿਦਿਆਰਥੀ ਅਤੇ ਸਮੁਦਾਇ। ਸਰਵ ਸਿੱਖਿਆ ਅਭਿਆਨ ਆਰ ਟੀ ਈ ਨੂੰ ਲਾਗੂ ਕਰਨ ਵਾਸਤੇ ਇੱਕ ਅਹਿਮ ਔਜ਼ਾਰ ਹੈ। ਜਿਸ ਨੇ ਕਿ ਪਿੰਡ, ਵਾਰਡ, ਬਲਾਕ, ਕਲਸਟਰ ਅਤੇ ਸਕੂਲ ਪੱਧਰ 'ਤੇ ਸੰਰਚਨਾਵਾਂ ਕੀਤੀਆਂ ਹਨ ਅਤੇ ਉਨ੍ਹਾਂ ਨੂੰ ਵਿਦਿਅਕ ਗਤੀਵਿਧੀਆਂ ਨਾਲ ਰੁੱਝਣ ਵਾਸਤੇ ਜ਼ਿੰਮੇਵਾਰੀਆਂ ਸੌਂਪੀਆਂ ਹਨ। ਸਿੱਖਿਆ ਵਿੱਚ ਸਮੁਦਾਇ ਦੀ ਸ਼ਮੂਲੀਅਤ ਸਮਾਜਕ ਤੌਰ 'ਤੇ ਛੇਕੇ ਵਿਅਕਤੀ ਜਾਂ ਸਮੁਦਾਇਆਂ ਲਈ

ਨੋਟ

ਵਿਦਿਅਕ ਸਹੂਲਤ ਤੱਕ ਪਹੁੰਚ ਬਣਾ ਕੇ ਸਮਾਜਕ ਪਰਿਵਰਤਨ ਲਿਆਂਦਾ ਜਾ ਸਕਦਾ ਹੈ। ਸਮੁਦਾਇ ਬੱਚਿਆਂ ਨੂੰ ਸਕੂਲ ਲਿਆਉਣ ਵਾਸਤੇ ਮੁਹਿੰਮ ਵੀ ਚਲਾ ਸਕਦਾ ਹੈ। ਪੂਰਵਵਰਤੀ ਬਲਾਕ ਵਿੱਚ ਤੁਸੀਂ ਸਮੁਦਾਇ ਦੇ ਸੰਕਲਪ ਬਾਰੇ ਪੜ੍ਹਿਆ। ਇਹ ਬਲਾਕ ਸਮੁਦਾਇ ਦੇ ਭਿੰਨ ਵਿਦਿਅਕ ਗਤੀਵਿਧੀਆਂ ਵਿੱਚ ਸ਼ਮੂਲੀਅਤ ਉੱਪਰ ਕੇਂਦਰਤ ਹੋਵੇਗਾ। ਬਲਾਕ ਤੁਹਾਨੂੰ ਸਿੱਖਿਆ ਵਿੱਚ ਸਮੁਦਾਇ ਦੀ ਸ਼ਮੂਲੀਅਤ ਦੀ ਅਹਿਮੀਅਤ ਦਾ ਵਿਸ਼ਲੇਸ਼ਣ ਕਰਨ ਵਿੱਚ ਮਦਦ ਕਰੇਗਾ। ਨਾਲ ਹੀ ਕਿਵੇਂ ਸਥਾਨਕ ਪੱਧਰ ਦੀ ਭਾਗੀਦਾਰੀ ਪਹੁੰਚ ਵਿੱਚ ਸੁਧਾਰ, ਪ੍ਰਤਿਕੂਲ ਹਾਲਤ ਵਾਲੇ ਬੱਚਿਆਂ ਦੀ ਭਾਗੀਦਾਰੀ ਵਿੱਚ ਲਾਹੇਵੰਦ ਹੈ। ਇਹ ਬਲਾਕ ਸਰਵ ਸਿੱਖਿਆ ਅਭਿਆਨ ਅਤੇ ਮੁਫਤ ਅਤੇ ਲਾਜ਼ਮੀ ਸਿੱਖਿਆ ਐਕਟ 2009 ਦੇ ਅਧਿਕਾਰ ਦੀਆਂ ਭਿੰਨ ਸ਼੍ਰੇਣੀਆਂ ਦੇ ਲਾਗੂ ਕਰਨ ਵਿੱਚ ਸਮੁਦਾਇ ਦੀ ਭਾਗੀਦਾਰੀ ਨੂੰ ਵਰਨਣ ਕਰੇਗਾ।

## 4.1 ਸਿੱਖਣ ਦੇ ਉਦੇਸ਼

ਇਸ ਇਕਾਈ ਨੂੰ ਪੜ੍ਹਨ ਤੋਂ ਬਾਅਦ ਤੁਸੀਂ ਯੋਗ ਹੋਵੋਗੇ

- ਸਿੱਖਿਆ ਵਿੱਚ ਸਮੁਦਾਇ ਦੀ ਭਾਗੀਦਾਰੀ ਦੀ ਅਹਿਮੀਅਤ ਵਰਨਣ ਕਰਨ ਬਾਰੇ
- ਵਿਦਿਆ ਦੇ ਅਧਿਕਾਰ ਦੇ ਸੰਦਰਭ ਵਿੱਚ ਭਿੰਨ ਸਥਾਨਕ ਅਤੇ ਜ਼ਮੀਨੀ ਪੱਧਰ ਦੀਆਂ ਸੰਸਥਾਵਾਂ ਜਿਵੇਂ ਪਿੰਡ ਦੀ ਸਿੱਖਿਆ ਕਮੇਟੀ, ਮਾਪੇ-ਅਧਿਆਪਕ ਐਸੋਸਿਏਸ਼ਨ ਅਤੇ ਸਕੂਲ ਪ੍ਰਬੰਧਕ ਕਮੇਟੀਆਂ।
- ਇਹ ਵਿਸ਼ਲੇਸ਼ਣ ਕਰਨ ਦੇ ਕਿ ਸਮੁਦਾਇ ਕਿਵੇਂ ਸਿੱਖਿਆ ਦੇ ਪ੍ਰਬੰਧਨ ਅਤੇ ਯੋਜਨਾ ਵਿੱਚ ਸਹਾਈ ਹੋ ਸਕਦਾ ਹੈ।
- ਕਾਮਯਾਬ ਅਨੁਭਵਾਂ ਦੀ ਚਰਚਾ ਕਰਕੇ ਜਿਸ ਤੋਂ ਅਧਿਆਪਕ ਸਿੱਖ ਸਕਣ ਅਤੇ ਸਮੁਦਾਇ ਨੂੰ ਵਧੇਰੇ ਅਰਥਭਰਪੂਰ ਢੰਗ ਨਾਲ ਸਕੂਲ ਦੀਆਂ ਗਤੀਵਿਧੀਆਂ ਦੀ ਰੂਪਰੇਖਾ ਤਿਆਰ ਕਰਨ ਅਤੇ ਲਾਗੂ ਕਰਨ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

## 4.2 ਸਿੱਖਿਆ ਵਿੱਚ ਸਮੁਦਾਇ ਦੀ ਭਾਗੀਦਾਰੀ

ਤੁਸੀਂ ਲਾਜ਼ਮੀ ਸੁਣਿਆ ਹੋਵੇਗਾ ਕਿ ਸਮੁਦਾਇ ਸਕੂਲ ਖੋਲ੍ਹਣ ਵਾਸਤੇ ਜ਼ਮੀਨ ਦਾਨ ਕਰ ਰਹੇ ਹਨ। ਕਈ ਸਮੁਦਾਇ ਸਕੂਲਾਂ ਵਿੱਚ ਖੇਤੀ ਉਤਪਾਦਨ ਭੇਜਦੇ ਹਨ। ਇੱਥੋਂ ਤੱਕ ਕਿ ਹੁਣ ਸਮੁਦਾਇ ਅਤੇ ਕਾਰਪੋਰੇਟ ਸੈਕਟਰ ਬਰਤਨ, ਡੈਸਕ, ਕੰਪਿਊਟਰ ਆਦਿ ਸਕੂਲਾਂ ਨੂੰ ਦਿੰਦੇ ਹਨ। ਤੁਸੀਂ ਇਹ ਵੀ ਵੇਖਿਆ ਕਿ ਕੁਝ ਮਾਤਾ-ਪਿਤਾ ਵਿਸ਼ੇਸ਼ਕਰ ਮਾਤਾਵਾਂ ਸਕੂਲਾਂ ’ਚ ਜਾਂਦੀਆਂ ਹਨ ਅਤੇ ਕਿੱਤਾਮੁਖੀ ਹੁਨਰ ਜਿਵੇਂ ਪੇਂਟਿੰਗ, ਕਰਾਫਟ ਆਦਿ ਪੜ੍ਹਾਉਂਦੀਆਂ ਹਨ। ਇਸ ਤਰ੍ਹਾਂ ਅਸੀਂ ਆਖ ਸਕਦੇ ਹਾਂ ਕਿ ਸਿੱਖਿਆ ਵਿੱਚ ਸਮੁਦਾਇ ਦਾ ਯੋਗਦਾਨ ਤੋਂ ਭਾਵ ਸਕੂਲਾਂ ਦੀ ਯੋਜਨਾ ਅਤੇ ਪ੍ਰਬੰਧ ਵਿੱਚ ਮਾਪੇ ਅਤੇ ਸਮੁਦਾਇ ਦੀ ਸ਼ਮੂਲੀਅਤ ਹੈ, ਜਿਹੜੀ ਕਿ ਮਿਆਰ ਦੇ ਸੁਧਾਰ ਵਿੱਚ ਮਦਦ ਕਰਦੀ ਹੈ। ਕੀ ਤੁਸੀਂ ਜਾਣਦੇ ਹੋ ਕਿ ਸਿੱਖਿਆ ਵਿੱਚ ਸਮੁਦਾਇ ਦੀ ਭਾਗੀਦਾਰੀ ਸਿਧਾਂਤਮਕ ਤੌਰ ’ਤੇ ਦੋ ਰੂਪਾਂ ਵਿੱਚ ਵਾਪਰਦੀ ਹੈ : ਗੈਰ ਰਸਮੀ ਅਤੇ ਰਸਮੀ। ਗੈਰ ਰਸਮੀ : ਗੈਰ-ਰਸਮੀ ਢੰਗ, ਜਿਸ ਵਿੱਚ ਸਥਾਨਕ ਸਮੁਦਾਇ ਵਿਦਿਅਕ ਯਤਨਾਂ ਲਈ ਯੋਗਦਾਨ ਕਰਦੇ ਹਨ। ਇਹ ਸਕੂਲ ਦੀ ਇਮਾਰਤ ਲਈ ਜ਼ਮੀਨ ਦਾ ਟੁਕੜਾ ਉਪਲੱਬਧ ਕਰਨ ਦੇ ਰੂਪ ਵਿੱਚ ਹੋ ਸਕਦਾ ਹੈ ਅਤੇ ਇਸ ਦੀ ਉਸਾਰੀ ਲਈ ਕਿਰਤ ਅਤੇ ਸਥਾਨਕ ਤੌਰ ’ਤੇ ਉਪਲੱਬਧ ਸਾਮੱਗਰੀ ਦਾ ਯੋਗਦਾਨ ਕਰਕੇ। 1950 ਅਤੇ 1960 ਵੇਂ ਦੌਰਾਨ

ਨੋਟ

ਵਿਚਾਰਨਯੋਗ ਜਤਨ ਕੀਤੇ ਗਏ, ਖਾਸਕਰ ਤਾਮਿਲਨਾਡੂ ਵਿੱਚ ਸਿੱਖਿਆ ਲਈ ਸਮੁਦਾਇ ਦੀ ਹਮਾਇਤ ਨੂੰ ਗਤੀਸ਼ੀਲ ਕਰਨ 'ਚ, ਨਕਦੀ ਦੇ ਰੂਪ ਵਿੱਚ ਅਤੇ ਹੋਰ ਵਸਤਾਂ ਦੇ ਰੂਪ ਵਿੱਚ ਸਥਾਨਕ ਸਮੁਦਾਇ ਅਤੇ ਮਾਤਾ-ਪਿਤਾ ਦੇ ਸਮੂਹਾਂ ਦੁਆਰਾ ਵਿਦਿਅਕ ਸੰਸਥਾਵਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਾਫੀ ਯੋਗਦਾਨ ਪਾਇਆ ਗਿਆ। ਰਸਮੀ : ਸਮੁਦਾਇ ਦੀ ਭਾਗੀਦਾਰੀ ਲਈ ਰਸਮੀ ਮਕੈਨਿਜ਼ਮ ਨੇ ਉਹ ਰੂਪ ਧਾਰਣ ਕਰ ਲਿਆ, ਜੋ ਪਿੰਡ ਦੀਆਂ ਪੰਚਾਇਤਾਂ ਅਤੇ ਪਿੰਡ ਦੀਆਂ ਸਿੱਖਿਆ ਕਮੇਟੀਆਂ/ਵਾਰਡ ਸਿੱਖਿਆ ਕਮੇਟੀਆਂ ਕਰਦੀਆਂ ਹਨ। ਸਰਵ ਸਿੱਖਿਆ ਅਭਿਆਨ ਅਧੀਨ ਭਿੰਨ-ਭਿੰਨ ਸੰਰਚਨਾਵਾਂ ਦੀ ਰਚਨਾ ਕੀਤੀ ਗਈ, ਜਿਵੇਂ ਕਿ ਪਿੰਡ ਦੀ ਸਿੱਖਿਆ ਕਮੇਟੀ/ਵਾਰਡ ਕਮੇਟੀ, ਮਾਪੇ ਅਧਿਆਪਕ ਐਸੋਸਿਏਸ਼ਨ, ਸਵੈ-ਸਹਾਇਤਾ ਸਮੂਹ, ਸਕੂਲ ਪ੍ਰਬੰਧਕ ਕਮੇਟੀਆਂ ਅਤੇ ਸਕੂਲ ਪ੍ਰਸ਼ਾਸਨ ਅਤੇ ਪ੍ਰਬੰਧਨ ਦੀ ਨਿਗਰਾਨੀ ਅਤੇ ਸੁਪਰਵਿਜ਼ਨ ਲਈ ਵਿਸ਼ੇਸ਼ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ। ਕੀ ਤੁਸੀਂ ਦਸ ਸਕਦੇ ਹੋ ਕਿ ਉਪਰੋਕਤ ਚਿੱਤਰ ਵਿੱਚ ਕਿਸ ਤਰ੍ਹਾਂ ਦੀ ਐਸੋਸਿਏਸ਼ਨ ਦਰਸਾਈ ਗਈ ਹੈ ਅਤੇ ਕੀ ਵਾਪਰ ਰਿਹਾ ਹੈ?

## ਤੁਹਾਡੀ ਪ੍ਰਗਤੀ ਦੀ ਪਰਖ - 1

**ਨੋਟ :** ਤੁਹਾਡੇ ਉੱਤਰ ਲਿੱਖਣ ਲਈ ਸਥਾਨ ਦਿੱਤਾ ਗਿਆ ਹੈ।

1. ਸਮੁਦਾਇ ਭਾਗੀਦਾਰੀ ਦੀਆਂ ਦੋ ਕਿਸਮਾਂ ਦਾ ਵਰਨਣ ਕਰੋ।

------------------------------------------------------------
------------------------------------------------------------
------------------------------------------------------------
--------------------------------

2. ਜ਼ਮੀਨ ਦਾ ਦਾਨ ਰਸਮੀ ਜਾਂ ਗੈਰ ਰਸਮੀ ਭਾਗੀਦਾਰੀ ਹੈ।

------------------------------------------------------------
------------------------------------------------------------
------------------------------------------------------------
--------------------------------

3. ਸਕੂਲ ਵਿਕਾਸ ਪ੍ਰਬੰਧਨ ਕਮੇਟੀ ਰਸਮੀ ਜਾਂ ਗੈਰ ਰਸਮੀ ਸਮੁਦਾਇਕ ਭਾਗੀਦਾਰੀ ਹੈ।

------------------------------------------------------------
------------------------------------------------------------
------------------------------------------------------------
--------------------------------

4. ਆਪਣੇ ਇਲਾਕੇ ਦੇ ਸਕੂਲ ਦਾ ਦੌਰਾ ਕਰੋ ਅਤੇ ਦਰਜ ਕਰੋ ਕਿ ਸਮੁਦਾਇ ਸਕੂਲ ਦੀ ਕਿਵੇਂ ਸਹਾਇਤਾ ਕਰ ਰਿਹਾ ਹੈ।

ਨੋਟ

--------------------------------------------------------------------------------
--------------------------------------------------------------------------------
--------------------------------------------------------------------------------
----------------------------------------------

## 4.3 ਸਰਵ ਸਿੱਖਿਆ ਅਭਿਆਨ (ਐੱਸ ਐੱਸ ਏ) ਦੀ ਸ਼ੁਰੂਆਤ

ਇਸ ਤੋਂ ਪਹਿਲਾਂ ਤੁਸੀਂ ਐੱਸ ਐੱਸ ਏ ਅਧੀਨ ਸਮੁਦਾਇ ਦੀ ਭਾਗੀਦਾਰੀ ਬਾਰੇ ਜਾਣੋ, ਅਸੀਂ ਸੰਖੇਪ ਵਿੱਚ ਐੱਸ ਐੱਸ ਏ ਪ੍ਰੋਗ੍ਰਾਮ ਦੇ ਮਿਸ਼ਨ ਦੀ ਚਰਚਾ ਕਰੀਏ।

ਸਰਵ ਸਿੱਖਿਆ ਅਭਿਆਨ ਭਾਰਤ ਸਰਕਾਰ ਦਾ ਬੁਨਿਆਦੀ ਸਿੱਖਿਆ ਦੀ ਵਿਆਪੀਕਰਣ ਦੀ ਪ੍ਰਾਪਤੀ ਲਈ ਫਲੈਗਸ਼ਿਪ ਪ੍ਰੋਗ੍ਰਾਮ ਹੈ। ਐੱਸ ਐੱਸ ਏ ਦੀ ਸ਼ੁਰੂਆਤ 2001 ਵਿੱਚ ਨੀਤੀ ਗਈ ਸੀ। ਇਹ ਮੁਫਤ ਅਤੇ ਲਾਜ਼ਮੀ ਸਿੱਖਿਆ ਐਕਟ 2009 ਲਈ ਬੱਚਿਆਂ ਦੇ ਅਧਿਕਾਰ ਨੂੰ ਲਾਗੂ ਕਰਨ ਦਾ ਇੱਕ ਔਜ਼ਾਰ ਹੈ ਜਿਹੜਾ ਕਿ 2010 ਵਿੱਚ ਹੋਂਦ ਵਿੱਚ ਆਇਆ। ਐੱਸ ਐੱਸ ਏ ਨੂੰ ਸੂਬਾ ਸਰਕਾਰਾਂ ਨਾਲ ਭਾਈਵਾਲੀ ਵਿੱਚ ਲਾਗੂ ਕੀਤਾ ਜਾ ਰਿਹਾ ਹੈ ਤਾਂ ਜੋ ਸਾਰੇ ਦੇਸ਼ ਨੂੰ ਕੱਜਿਆ ਜਾ ਸਕੇ ਅਤੇ 1.1 ਮਿਲੀਅਨ ਆਬਾਦੀ ਵਿੱਚ 192 ਮਿਲੀਅਨ ਦੇ ਕਰੀਬ ਬੱਚਿਆਂ ਦੀਆਂ ਲੋੜਾਂ ਨੂੰ ਮੁਖਾਤਬ ਹੋਇਆ ਜਾ ਸਕੇ।

ਇਹ ਪ੍ਰੋਗ੍ਰਾਮ ਉਨ੍ਹਾਂ ਰਿਹਾਇਸ਼ਾਂ ਵਿੱਚ ਨਵੇਂ ਸਕੂਲ ਖੋਲ੍ਹਣਾ ਲੋੜਦਾ ਹੈ, ਜਿੱਥੇ ਸਕੂਲੀ ਸਹੂਲਤਾਂ ਨਹੀਂ ਹਨ ਅਤੇ ਉਨ੍ਹਾਂ ਸਕੂਲਾਂ ਵਿੱਚ ਮੌਜੂਦਾ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨਾ ਹੈ, ਜਿੱਥੇ ਲੋੜ ਪੂਰੀ ਕਰਦੇ ਕਲਾਸਰੂਮ, ਪੀਣ ਵਾਲਾ ਪਾਣੀ, ਟਾਇਲੈਟ ਨਹੀਂ ਹੈ।

ਉਨ੍ਹਾਂ ਸਕੂਲਾਂ ਨੂੰ ਵਾਧੂ ਅਧਿਆਪਕ ਉਪਲੱਬਧ ਕੀਤੇ ਜਾਂਦੇ ਹਨ, ਜਿੱਥੇ ਅਧਿਆਪਕ ਨਾਕਾਫੀ ਹੋਣ। ਅਧਿਆਪਕਾਂ ਨੂੰ ਸੇਵਾ ਦੌਰਾਨ ਟਰੇਨਿੰਗ ਅਤੇ ਗ੍ਰਾਂਟਾਂ ਦਿੱਤੀਆਂ ਜਾਂਦੀਆਂ ਹਨ ਤਾਂ ਜੋ ਅਧਿਆਪਨ-ਸਿਖਲਾਈ ਸਾਮੱਗਰੀ ਦਾ ਵਿਕਾਸ ਹੋ ਸਕੇ।

ਸਰਵ-ਸਿੱਖਿਆ ਅਭਿਆਨ, ਸਮੇਤ ਜੀਵਨ ਹੁਨਰਾਂ ਦੇ ਮਿਆਰੀ ਸਿੱਖਿਆ ਉਪਲੱਬਧ ਕਰਨਾ ਲੋੜਦਾ ਹੈ।

ਪ੍ਰੋਗ੍ਰਾਮ ਸਕੂਲ ਆਧਾਰਤ ਦਖਲਅੰਦਾਜ਼ੀ ਦੀ ਸਮੁਦਾਇਕ ਮਾਲਕੀ ਲਈ ਸੱਦਾ ਦਿੰਦਾ ਹੈ। ਇੱਕ ਪੰਚਾਇਤੀ ਰਾਜ ਸੰਸਥਾਵਾਂ ਦੀ ਸ਼ਮੂਲੀਅਤ ਲਈ ਯਤਨ ਕਰਦਾ ਹੈ। ਸਕੂਲ ਪ੍ਰਬੰਧਕ ਕਮੇਟੀਆਂ, ਪਿੰਡ ਅਤੇ ਸ਼ਹਿਰੀ ਬਸਤੀ ਪੱਧਰੀ ਸਿੱਖਿਆ ਕਮੇਟੀਆਂ ਨੂੰ ਵੀ ਸ਼ਾਮਲ ਕਰਨ ਦਾ ਯਤਨ ਕਰਦਾ ਹੈ। ਇਸ ਦੇ ਨਾਲ ਹੀ ਮਾਪੇ-ਅਧਿਆਪਕ ਐਸੋਸਿਏਸ਼ਨ ਅਤੇ ਮਾਤਾ-ਅਧਿਆਪਕ ਐਸੋਸਿਏਸ਼ਨ ਆਦਿ ਨੂੰ ਬੁਨਿਆਦੀ ਸਕੂਲਾਂ ਦੀ ਪ੍ਰਬੰਧਕੀ ਵਿੱਚ।



ਨੋਟ

## ਕੇਸ ਸੱਟਡੀ -1 – ਐਸ ਐਸ ਏ ਤੇ ਸਮੁਦਾਇ

ਭਿੰਨ ਸੂਬਿਆਂ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਸਮੁਦਾਇ ਦੀ ਸ਼ਮੂਲੀਅਤ ਨਾਲ ਐਸ ਐਸ ਏ ਗਤੀਵਿਧੀਆਂ ਪ੍ਰਭਾਵੀ ਢੰਗ ਨਾਲ ਨੇਪਰੇ ਚਾੜ੍ਹੀਆਂ ਜਾ ਰਹੀਆਂ ਹਨ। ਸਾਰੇ ਜਨਤਕ ਕਾਰਜਾਂ ਵਿੱਚ ਸਮੁਦਾਇ ਦੀ ਭਾਗੀਦਾਰੀ ਮਾਲਕੀ ਦੀ ਵਿਚਾਰਧਾਰਾ ਨੂੰ ਯਕੀਨੀ ਬਣਾਉਣ ਲਈ ਕੀਤਾ ਜਾਂਦਾ ਹੈ। ਜਨਤਕ ਕਾਰਜ ਜਿਸ ਵਿੱਚ ਕਲਾਸਰੂਮ, ਚਾਰ ਦੀਵਾਰੀ, ਕਿਚਨ ਸ਼ੈਡ ਦੀ ਉਸਾਰੀ ਸ਼ਾਮਲ ਹੁੰਦਾ ਹੈ, ਪਿੰਡ ਦੀ ਸਿੱਖਿਆ ਕਮੇਟੀ। ਸਕੂਲ ਪ੍ਰਬੰਧਕ ਕਮੇਟੀ ਦੀ ਦੇਖ ਰੇਖ ਹੇਠ ਨੇਪਰੇ ਚਾੜ੍ਹੇ ਜਾਂਦੇ ਹਨ, ਜਿਸ ਵਿੱਚ ਪਾਰਦਰਸ਼ੀ ਲੇਖਾ ਰੱਖਿਆ ਜਾਂਦਾ ਹੈ। ਹਰੇਕ ਸੂਬਾ ਉਸਾਰੀ ਲਈ ਉਪਲੱਬਧ ਸਥਾਨਕ ਸਾਮੱਗਰੀ ਦੀ ਵਰਤੋਂ ਕਰਦਾ ਹੈ, ਜਿਸ ਨਾਲ ਉਸਾਰੀ ਦੀ ਲਾਗਤ ਘੱਟ ਜਾਂਦੀ ਹੈ।

## 4.3.1 ਮੁਫਤ ਅਤੇ ਲਾਜ਼ਮੀ ਸਿੱਖਿਆ ਐਕਟ 2009 ਲਈ ਬੱਚਿਆਂ ਦਾ ਅਧਿਕਾਰ

ਭਾਰਤ ਵਿੱਚ ਸਿੱਖਿਆ ਦੇ ਖੇਤਰ ਵਿੱਚ ਮੁੱਖ ਮੀਲ ਪੱਥਰ ਮੁਫਤ ਅਤੇ ਲਾਜ਼ਮੀ ਸਿੱਖਿਆ ਐਕਟ 2009 ਲਈ ਬੱਚਿਆਂ ਦਾ ਅਧਿਕਾਰ ਦੀ ਵਿਧੀਕਰਣ ਹੈ ਜਿਹੜਾ ਕਿ ਅਪ੍ਰੈਲ 2010 ਵਿੱਚ ਲਾਗੂ ਹੋਇਆ।

## ਆਰ ਟੀ ਈ ਐਕਟ 2009 ਦੀਆਂ ਵਿਸ਼ੇਸ਼ਤਾਈਆਂ

- ਇਹ ਐਕਟ 6-14 ਸਾਲ ਤੱਕ ਦੀ ਉਮਰ ਦੇ ਬੱਚਿਆਂ ਲਈ ਸਿੱਖਿਆ ਨੂੰ ਬੁਨਿਆਦੀ ਅਧਿਕਾਰ ਬਣਾਉਂਦਾ ਹੈ ਅਤੇ ਐਲੀਮੈਂਟਰੀ ਸਕੂਲਾਂ ਵਿੱਚ ਨਿਮਨਤਮ ਨੇਮਾਂ ਦਾ ਜ਼ਿਕਰ ਕਰਦਾ ਹੈ।
- ਸਰਕਾਰੀ ਸਕੂਲ ਸਾਰੇ ਬੱਚਿਆਂ ਨੂੰ ਮੁਫਤ ਸਿੱਖਿਆ ਉਪਲੱਬਧ ਕਰਨਗੇ। ਮੁਫਤ ਸਿੱਖਿਆ ਇਸ ਲਈ ਉਪਲੱਬਧ ਕੀਤੀ ਜਾਣੀ ਹੈ ਤਾਂ ਜੋ ਸਾਰੇ ਬੱਚੇ ਸਕੂਲ ਜਾਣ ਵਾਸਤੇ ਬਰਾਬਰ ਦਾ ਅਵਸਰ ਪ੍ਰਾਪਤ ਕਰਨ ਅਤੇ ਬੁਨਿਆਦੀ ਸਿੱਖਿਆ ਦੀ ਸ਼ੁਰੂਆਤ ਜਾਂ ਮੁਕੰਮਲੀ ਵਿੱਚ ਖਰਚਾ ਕੋਈ ਅੜਿੱਕਾ ਨਾ ਬਣੇ।
- ਇਸ ਐਕਟ ਦੇ ਵਜੂਦ ਵਿੱਚ ਆਉਣ ਦੇ ਤਿੰਨ ਸਾਲਾਂ ਅੰਦਰ ਸੂਬਾ ਗੁਆਂਢਚਾਰੀ ਵਿੱਚ ਸਕੂਲ ਉਪਲੱਬਧ ਕਰੇਗਾ। ਹਰੇਕ ਵਸੋਂ ਵਿੱਚ ਬੱਚਿਆਂ ਨੂੰ ਇੱਕ ਕਿਲੋਮੀਟਰ ਦੀ ਪੈਦਲ ਦੂਰੀ ਅੰਦਰ ਸਕੂਲ ਦੀ ਪਹੁੰਚ ਹੋਵੇਗੀ ਅਤੇ ਅਪਰ ਪ੍ਰਾਇਮਰੀ ਸਕੂਲ ਵਾਸਤੇ ਤਿੰਨ ਕਿਲੋਮੀਟਰ।
- ਨਿੱਜੀ ਸਕੂਲ ਗਰੀਬ ਪਰਿਵਾਰਾਂ ਤੋਂ ਘੱਟੋ-ਘੱਟ 25% ਬੱਚਿਆਂ ਨੂੰ ਆਪਣੇ ਸਕੂਲ ਵਿੱਚ ਦਾਖਲਾ ਦੇਣਗੇ।

ਨੋਟ

- ਐਕਟ ਇਹ ਵੀ ਪ੍ਰਦਾਨ ਕਰਦਾ ਹੈ ਕਿ ਹਰੇਕ ਬੱਚੇ ਨੂੰ ਉਮਰ ਦੇ ਉਚਿਤ ਸਿੱਖਿਆ ਪ੍ਰਦਾਨ ਕੀਤੀ ਜਾਵੇ, ਜਿਸ ਵਿੱਚ ਨਿਹਿਤ ਹੁੰਦਾ ਹੈ ਕਿ ਬੱਚੇ ਨੂੰ ਉਸ ਜਮਾਤ ਵਿੱਚ ਦਾਖਲਾ ਦਿੱਤਾ ਜਾਵੇਗਾ ਜਿਹੜੀ ਉਮਰ ਮੁਤਾਬਕ ਉਸ ਨੂੰ ਢੁਕਦੀ ਹੋਵੇ। ਮਿਸਾਲ ਦੇ ਤੌਰ ’ਤੇ ਜੇਕਰ ਇੱਕ ਨੌ ਸਾਲ ਦਾ ਬੱਚਾ ਸਕੂਲ ਨਹੀਂ ਗਿਆ ਜਾਂ ਫੇਰ ਪਹਿਲਾਂ ਡਰਾਪ ਆਊਟ ਹੋਵੇ, ਉਸਨੂੰ ਚੌਥੀ ਜਮਾਤ ਵਿੱਚ ਦਾਖਲਾ ਦਿੱਤਾ ਜਾਵੇਗਾ। 9 ਸਾਲ ਦੇ ਬੱਚੇ ਨੂੰ ਚੌਥੀ ਜਮਾਤ ’ਚ ਪੜ੍ਹਨ ਵਾਸਤੇ ਕਾਬਲ ਬਣਾਉਣ ਲਈ ’ਵਿਸ਼ੇਸ਼ ਟਰੇਨਿੰਗ/ਬ੍ਰਿਜ ਕੋਰਸ’ ਸਕੂਲ ਦੇ ਅਹਾਤੇ ਵਿੱਚ ਹੀ ਉਪਲੱਬਧ ਕੀਤੇ ਜਾਣਗੇ ਤਾਂ ਜੋ ਬੱਚੇ ਨੂੰ ਉਮਰ ਦੇ ਮੁਤਾਬਕ ਪੱਧਰ ’ਤੇ ਲਿਆਂਦਾ ਜਾ ਸਕੇ।
- ਸਕੂਲਾਂ ਵਿੱਚ ਅਧਿਆਪਕਾਂ ਅਤੇ ਕਲਾਸਰੂਮਾਂ ਦੀ ਲੋੜੀਂਦੀ ਸੰਖਿਆ ਹੋਵੇਗੀ, ਪ੍ਰਾਇਮਰੀ ਪੱਧਰ ’ਤੇ ਹਰੇਕ 30 ਬੱਚਿਆਂ ਲਈ ਇੱਕ ਅਧਿਆਪਕ ਦੀ ਤਜਵੀਜ਼ ਹੈ।
- ਸਕੂਲ ਵਿੱਚ ਲੜਕੇ ਤੇ ਲੜਕੀਆਂ ਵਾਸਤੇ ਵੱਖਰੇ ਪਖਾਨੇ ਹੋਣਗੇ।
- ਸਕੂਲਾਂ ਦਾ ਪ੍ਰਬੰਧਨ ਸਕੂਲ ਪ੍ਰਬੰਧਨ ਕਮੇਟੀਆਂ ਦੁਆਰਾ ਕੀਤਾ ਜਾਵੇਗਾ।
- ਆਰ ਟੀ ਈ ਬਾਰ-ਬਾਰ ਦੁਹਰਾਉਂਦਾ ਹੈ ਕਿ ਸਿਰਫ ਭੌਤਿਕ ਪਹੁੰਚ ਨੂੰ ਹੀ ਚਿੰਨ੍ਹਤ ਨਾ ਕਰੋ, ਸਗੋਂ ਸਮਾਜਕ ਪਹੁੰਚ ਨੂੰ ਵੀ ਸਕੂਲ ਵਿੱਚ ਅਲਹਿਦਗੀ ਅਮਲਾਂ ਨੂੰ ਮੁਖਾਤਬ ਹੋ ਕੇ ਵੀ, ਖਾਸਕਰ ਜਿਹੜੇ ਜਾਤੀ, ਸ਼੍ਰੇਣੀ ਲਿੰਗ ਅਤੇ ਵਿਸ਼ੇਸ਼ ਲੋੜਾਂ ਉੱਪਰ ਆਧਾਰਤ ਹਨ।
- ਸਕੂਲ ਮੈਪਿੰਗ ਅਮਲਾਂ (ਅਭਿਆਸ) ਨੂੰ ਸਮਾਜਕ ਮੈਪਿੰਗ ਨੂੰ ਸ਼ਾਮਲ ਕਰਨਾ ਹੋਵੇਗਾ ਜਿਸ ਦਾ ਭਾਵ ਹੈ ਕਿ ਜਿਹੜੇ ਬੱਚੇ ਸਮਾਜਕ-ਆਰਥਕ ਪੱਛੜੇ ਸਮੂਹਾਂ ਤੋਂ ਹਨ, ਨੂੰ ਦਾਖਲਾ ਦਿੱਤਾ ਜਾਂਦਾ ਹੈ। ਸਮੁਦਾਇ ਅਤੇ ਹੋਰ ਜਨਤਕ ਸੰਗਠਨ ਅਜਿਹੇ ਬੱਚਿਆਂ ਦੀ ਸ਼ਨਾਖਤ ਕਰਨ ਵਿੱਚ ਮਦਦ ਕਰਨਗੇ ਅਤੇ ਉਨ੍ਹਾਂ ਦੇ ਦਾਖਲਿਆਂ ਵਿੱਚ ਵੀ। ਜਨਤਕ ਸਮਾਜਕ ਸੰਗਠਨ ਅਤੇ ਸਮੁਦਾਇ ਦੀ ਸ਼ਮੂਲੀਅਤ ਪਛੜੇ ਇਲਾਕੇ ਵਿੱਚ, ਅਸੁਰੱਖਿਅਤ ਅਬਾਦੀਆਂ ਵਿੱਚ (ਪਿੰਡਾਂ ’ਚ) ਖਿੰਡੀਆਂ ਥਾਵਾਂ, ਅਨਾਥ ਆਸ਼ਰਮ ਅਤੇ ਗਲੀਆਂ ਵਿੱਚ ਰਹਿਣ ਵਾਲੇ ਬੱਚਿਆਂ ਤੱਕ ਪਹੁੰਚ ਕਰਨ ਲਈ ਜ਼ਰੂਰੀ ਹੈ।

ਤੁਸੀਂ ਅਨੁਭਵ ਕਰੋਗੇ ਕਿ ਇਹ ਕੋਈ ਆਸਾਨ ਕੰਮ ਨਹੀਂ ਹੈ ਕਿ ਉਨ੍ਹਾਂ ਬੱਚਿਆਂ ਦਾ ਪਿੱਛਾ ਕੀਤਾ ਜਾਵੇ ਜਿਹੜੇ ਸਕੂਲਾਂ ਤੋਂ ਬਾਹਰ ਹਨ ਅਤੇ ਇਸ ਲਈ ਵੀ ਮੁਸ਼ਕਲ ਕੰਮ ਹੈ ਕਿ ਅੰਤਰ-ਪਰਸਪਰ ਪ੍ਰਵਾਸ ਹੁੰਦਾ ਰਹਿੰਦਾ ਹੈ। ਬੱਚਿਆਂ ਦਾ ਇੱਕ ਵੱਡਾ ਟੁੱਕੜਾ ਗਲੀਆਂ ’ਚ ਹੁੰਦਾ ਹੈ, ਜਿਨ੍ਹਾਂ ਦਾ ਆਪਣੇ ਮਾਤਾ-ਪਿਤਾ ਨਾਲ ਸੰਪਰਕ ਹੋ ਵੀ ਸਕਦਾ ਹੈ, ਨਹੀਂ ਵੀ ਹੋ ਸਕਦਾ। ਅਜਿਹੇ ਬੱਚਿਆਂ ਦੀ ਮੈਪਿੰਗ ਅਤੇ ਉਨ੍ਹਾਂ ਨੂੰ ਉਮਰ ਉਚਿਤ ਜਮਾਤਾਂ ਵਿੱਚ ਦਾਖਲਾ ਦੇਣਾ ਇੱਕ ਵਿਸ਼ਾਲ ਅਤੇ ਜਟਿਲ ਕੰਮ ਹੈ। ਸਮੁਦਾਇ ਦੇ ਮੈਂਬਰ ਪਿੰਡ/ਵਾਰਡ ਸਿੱਖਿਆ ਕਮੇਟੀਆਂ ਨੂੰ ਉਨ੍ਹਾਂ ਘਰਾਂ ਬਾਰੇ ਰਿਪੋਰਟ ਦੇ ਸਕਦੇ ਹਨ, ਜਿੱਥੋਂ ਦੇ ਬੱਚੇ ਦਾਖਲ ਨਹੀਂ ਹਨ ਜਾਂ ਫੇਰ ਡਰਾਪ ਆਊਟ ਹਨ। ਕਈ ਪਿੰਡਾਂ ਵਿੱਚ ਸਮੁਦਾਇ/ਸਵੈ ਸਹਾਹਿਤਾ ਸਮੂਹਾਂ ਨੇ ਇਹ ਜ਼ਿੰਮੇਵਾਰੀ ਸਾਂਭੀ ਹੋਈ ਹੈ ਅਤੇ ਬੱਚਿਆਂ ਨੂੰ ਸਕੂਲਾਂ ਵਿੱਚ ਵੀ ਭੇਜਿਆ ਹੈ। ਤੁਸੀਂ ਸਹਿਮਤ ਹੋਵੋਗੇ ਕਿ ਆਰ ਟੀ ਈ ਅਤੇ ਐੱਸ ਐੱਸ ਏ ਵਾਸਤੇ ਇਹ ਸੰਭਵ ਨਹੀਂ ਹੋਵੇਗਾ ਕਿ ਲੋਕਾਂ ਦੀ ਮਦਦ ਅਤੇ ਮਾਲਕੀ ਤੋਂ ਬਿਨਾਂ ਇਹ ਸੰਭਵ ਨਹੀਂ ਹੈ।



ਨੋਟ

## ਤੁਹਾਡੀ ਪ੍ਰਗਤੀ ਦੀ ਪਰਖ – 2

**ਨੋਟ :** ਤੁਹਾਡੇ ਉੱਤਰ ਲਈ ਹੇਠਾਂ ਸਥਾਨ ਦਿੱਤਾ ਗਿਆ ਹੈ।

1. ਸਰਵ ਸਿੱਖਿਆ ਅਭਿਆਨ ਦੀ ਸ਼ੁਰੂਆਤ ਕਦੋਂ ਹੋਈ ਸੀ?

-----------------------------------------------------------------
-----------------------------------------------------------------
-----------------------------------------------------------------
------------------------------------

2. ਸਰਵ ਸਿੱਖਿਆ ਅਭਿਆਨ ਦਾ ਉਦੇਸ਼ ਕੀ ਹੈ?

-----------------------------------------------------------------
-----------------------------------------------------------------
-----------------------------------------------------------------
------------------------------------

3. ਸਰਵ ਸਿੱਖਿਆ ਅਭਿਆਨ ਦੀਆਂ ਮੁੱਖ ਕਿਰਿਆਵਾਂ ਕੀ ਹਨ?

-----------------------------------------------------------------
-----------------------------------------------------------------
-----------------------------------------------------------------
------------------------------------

4. ਉਹ ਕਿਹੜੀਆਂ ਸੰਰਚਨਾਵਾਂ ਹਨ ਜਿਨ੍ਹਾਂ ਦੀ ਰਚਨਾ ਭਾਗੀਦਾਰੀ ਨੂੰ ਵਧਾਉਣ ਲਈ ਆਰ ਟੀ ਈ/ਐੱਸ ਐੱਸ ਏ ਅਧੀਨ ਕੀਤੀਆਂ ਗਈਆਂ?

-----------------------------------------------------------------
-----------------------------------------------------------------
-----------------------------------------------------------------
------------------------------------

5. ਆਰ ਟੀ ਈ 2009 ਐਕਟ ਦੀਆਂ ਪ੍ਰਮੁੱਖ ਵਿਸ਼ੇਸ਼ਤਾਈਆਂ ਕੀ ਹਨ?

-----------------------------------------------------------------
-----------------------------------------------------------------
-----------------------------------------------------------------
------------------------------------

### 4.3.2 ਆਰ ਟੀ ਈ/ਸਰਵ ਸਿੱਖਿਆ ਅਭਿਆਨ ਅਧੀਨ ਸਮੁਦਾਇ ਦੀ ਭਾਗੀਦਾਰੀ

ਸਰਵ ਸਿੱਖਿਆ ਅਭਿਆਨ ਮੁਫਤ ਅਤੇ ਲਾਜ਼ਮੀ ਸਿੱਖਿਆ ਐਕਟ 2009 ਲਈ ਬੱਚਿਆਂ ਦੇ ਅਧਿਕਾਰ ਨੂੰ ਲਾਗੂ ਕਰਨ ਦਾ ਇੱਕ ਵਾਹਨ ਹੈ (ਆਰ ਟੀ ਈ 2009)। ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਆਰ ਟੀ ਈ ਸੂਬਿਆਂ ਲਈ ਇਹ ਜ਼ਰੂਰੀ ਕਰਦਾ ਹੈ ਕਿ 6-14 ਸਾਲ ਦੀ

ਨੋਟ

ਉਮਰ ਸਮੂਹ ਦੇ ਸਾਰੇ ਬੱਚਿਆਂ ਨੂੰ ਮੁਫਤ ਅਤੇ ਲਾਜ਼ਮੀ ਸਿੱਖਿਆ ਉਪਲੱਬਧ ਕਰੇ। ਇਹ ਸਿੱਖਿਆ ਦੀ ਯੋਜਨਾ ਅਤੇ ਪ੍ਰਬੰਧਨ ਵਿੱਚ ਸਮੁਦਾਇ ਅਤੇ ਮਾਪਿਆਂ ਦੀ ਸ਼ਮੂਲੀਅਤ ’ਤੇ ਵੀ ਜ਼ੋਰ ਦਿੰਦਾ ਹੈ। ਆਰ ਟੀ ਈ ਨੂੰ ਲਾਗੂ ਕਰਨ ਲਈ ਭਿੰਨ ਕਿਸਮ ਦੀਆਂ ਸਮੁਦਾਇ ਆਧਾਰਤ ਸੰਸਥਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ ਜਿਵੇਂ ਮਾਪੇ-ਅਧਿਆਪਕ ਐਸੋਸਿਏਸ਼ਨ (ਪੀ ਟੀ ਏ) ਮਾਤਾ-ਅਧਿਆਪਕ ਐਸੋਸਿਏਸ਼ਨ (ਐਮ ਟੀ ਏ), ਪਿੰਡ ਅਤੇ ਸ਼ਹਿਰੀ ਬਸਤੀ ਪੱਧਰੀ ਸਿੱਖਿਆ ਕਮੇਟੀ (ਵੀ ਈ ਸੀ) ਅਤੇ ਪੰਚਾਇਤੀ ਰਾਜ ਸੰਸਥਾਵਾਂ ਦੇ ਮੈਂਬਰ। ਲਗਭਗ ਸਾਰੇ ਸੂਬੇ। ਯੂਟੀਆਂ ਨੇ ਐਸ ਐਸ ਏ ਅਧੀਨ ਵੀ ਈ ਸੀ/ਪੀ ਟੀ ਏ/ਐਸ ਡੀ ਐਸ ਸੀ/ਐਸ ਟੀ ਏ/ਐਸ ਐਸ ਸੀ/ਵੀ ਈ ਡੀ ਸੀ ਦੀ ਰਚਨਾ ਕੀਤੀ ਹੈ।

### 4.3.3 ਸਮੁਦਾਇ ਦੀ ਭਾਗੀਦਾਰੀ ਦੀ ਅਹਿਮੀਅਤ

ਤੁਸੀਂ ਲਾਜ਼ਮੀ ਵੇਖਿਆ ਹੋਵੇਗਾ ਕਿ ਜਦੋਂ ਸਮੁਦਾਇ ਦਿਲਚਸਪੀ ਲੈਂਦਾ ਹੈ ਅਤੇ ਸਿੱਖਿਆ ਵਿੱਚ ਸ਼ਾਮਲ ਹੁੰਦਾ ਹੈ ਤਾਂ ਫੇਰ ਸਿੱਖਿਆ ਸਿਰਫ ਕਿਤਾਬਾਂ ਤੱਕ ਸੀਮਤ ਰਹਿ ਜਾਂਦੀ। ਬੱਚਾ ਉਦੋਂ ਆਸਾਨੀ ਨਾਲ ਸਿੱਖ ਜਾਂਦਾ ਹੈ ਜਦੋਂ ਉਹ ਸਿਰਫ ਕਿਤਾਬਾਂ ਤੱਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਆਪਣੀ ਜ਼ਿੰਦਗੀ ਦੇ ਰੋਜ਼ਾਨਾ ਅਨੁਭਵਾਂ ਨਾਲ ਵੀ ਸੰਬੰਧਤ ਹੁੰਦਾ ਹੈ। ਸਮੁਦਾਇ ਦੀ ਸ਼ਮੂਲੀਅਤ ਨਾਲ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਦੀ ਸ਼ਨਾਖਤ ਕਰਨੀ ਆਸਾਨ ਹੋ ਜਾਂਦੀ ਹੈ। ਪਿੰਡ ਦੀ ਸਿੱਖਿਆ ਕਮੇਟੀ ਇਹ ਨਿਰਣਾ ਕਰਨ ਵਿੱਚ ਮਦਦ ਕਰ ਸਕਦੀ ਹੈ ਕਿ ਨਵੇਂ ਸਕੂਲ ਕਿੱਥੇ ਖੋਲ੍ਹਣ ਦੀ ਲੋੜ ਹੈ। ਕਿਹੜੇ ਸਕੂਲਾਂ ਨੂੰ ਮੁਰੰਮਤ ਦੀ ਲੋੜ ਹੈ, ਉਸ ਤੋਂ ਬਾਅਦ ਇਹ ਵੀ ਵੇਖ ਸਕਦਾ ਹੈ ਕਿ ਅਧਿਆਪਕ ਨਿਯਮਤ ਤੌਰ ’ਤੇ ਸਕੂਲ ਆ ਰਿਹਾ ਹੈ ਅਤੇ ਸਹੀ ਢੰਗ ਨਾਲ ਪੜ੍ਹਾ ਰਿਹਾ ਹੈ। ਉਹ ਇਹ ਵੀ ਵੇਖ ਸਕਦੇ ਹਨ ਕਿ ਕਲਾਸਰੂਮ ਕਾਫੀ ਹਨ ਅਤੇ ਕਲਾਸਰੂਮ ਬੱਚਿਆਂ ਨਾਲ ਬਹੁਤਾ ਤਾਂ ਨਹੀਂ ਭਰਿਆ ਹੋਇਆ। ਸਮੁਦਾਇ ਇਹ ਵੀ ਨਿਗਰਾਨੀ ਕਰ ਸਕਦਾ ਹੈ ਕਿ ਬੱਚਿਆਂ ਨੂੰ ਪੁਸਤਕਾਂ ਸਹੀ ਸਮੇਂ ਦਿੱਤੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਨੂੰ ਮਿਡ ਡੇ ਮੀਲ ਨਿਯਮਤ ਦਿੱਤਾ ਜਾ ਰਿਹਾ ਹੈ। ਉਹ ਸਕੂਲ ਵਿੱਚ ਜਾ ਸਕਦੇ ਹਨ ਅਤੇ ਬੱਚਿਆਂ ਨਾਲ ਬੈਠ ਕੇ ਖਾ ਵੀ ਸਕਦੇ ਹਨ, ਇਹ ਜਾਣਨ ਲਈ ਕਿ ਉਨ੍ਹਾਂ ਨੂੰ ਪਰੋਸਿਆ ਜਾ ਰਿਹਾ ਖਾਣਾ ਮਿਆਰੀ ਵੀ ਹੈ। ਉਹ ਘਰਾਂ ਵਿੱਚ ਵੀ ਜਾ ਸਕਦੇ ਹਨ ਅਤੇ ਉਨ੍ਹਾਂ ਬੱਚਿਆਂ ਦੀ ਸ਼ਨਾਖਤ ਵੀ ਕਰ ਸਕਦੇ ਹਨ ਜਿਹੜੇ ਸਕੂਲਾਂ ਨੂੰ ਨਹੀਂ ਜਾਂਦੇ। ਉਹ ਮਾਪਿਆਂ ਨੂੰ ਬੱਚਿਆਂ ਨੂੰ ਸਕੂਲ ਭੇਜਣ ਵਾਸਤੇ ਪ੍ਰੇਰਤ ਵੀ ਕਰ ਸਕਦੇ ਹਨ ਸੰਖੇਪ ਵਿੱਚ ਅਸੀਂ ਆਖ ਸਕਦੇ ਹਾਂ ਕਿ ਸਮੁਦਾਇ ਦੀ ਭਾਗੀਦਾਰੀ ਬੱਚਿਆਂ ਦੇ ਦਾਖਲੇ ਅਤੇ ਸਿੱਖਿਆ ਦੇ ਮਿਆਰ ਵਿੱਚ ਸੁਧਾਰ ਲਈ ਜ਼ਰੂਰੀ ਹੈ। ਜਿਵੇਂ ਕਿ ਉੱਪਰ ਵਿਆਖਿਆ ਕੀਤੀ ਜਾ ਚੁੱਕੀ ਹੈ ਕਿ ਆਰ ਟੀ ਈ/ਐਸ ਐਸ ਏ ਅਧੀਨ ਸਿੱਖਿਆ ਵਿੱਚ ਸਿੱਖਿਆ ਦੀ ਭਾਗੀਦਾਰੀ ਕਈ ਮੰਤਵਾਂ ਦੀ ਪ੍ਰਾਪਤੀ ਵਾਸਤੇ ਇੱਕ ਜ਼ਰੂਰੀ ਰਣਨੀਤੀ ਦੇ ਤੌਰ ’ਤੇ ਵਿਚਾਰਿਆ ਗਿਆ ਹੈ, ਸਮੇਤ ਸਿੱਖਿਆ ਦੇ ਮਿਆਰ ਅਤੇ ਸੰਬੰਧਤਾ ਦੇ ਵਾਧੇ, ਸੁਧਰ ਰਹੀ ਪਹੁੰਚ ਅਤੇ ਸੀਮਾ ਖੇਤਰ ਦੇ, ਸਥਾਨਕ ਪ੍ਰਾਥਮਿਕਤਾਵਾਂ ਨੂੰ ਪ੍ਰਤਿਬਿੰਬਤ ਕਰਦੀਆਂ ਸਮੱਸਿਆਵਾਂ ਦੀ ਸ਼ਨਾਖਤ ਕਰਦਿਆਂ, ਵਿਕਾਸਸ਼ੀਲ ਸੰਬੰਧਤ ਪਾਠਕ੍ਰਮ ਅਤੇ ਸਿੱਖਣ ਸਾਮੱਗਰੀ , ਸੁਧਰ ਰਹੀ ਮਾਲਕੀ, ਸਥਾਨਕ ਜਵਾਬਦੇਹੀ ਅਤੇ ਜ਼ਿੰਮੇਵਾਰੀ, ਪ੍ਰਤਿਕੂਲ ਸਮੂਹਾਂ ਦੇ ਪਹੁੰਚ ਕਰਕੇ, ਵਾਧੂ ਸੋਮਿਆਂ ਨੂੰ ਗਤੀਸ਼ੀਲ ਕਰਕੇ ਅਤੇ ਸੰਸਥਾਨਕ ਸਮਰੱਥਾ ਨਿਰਮਤ ਕਰਨ ਦੇ।



ਨੋਟ

ਤੁਸੀਂ ਲਾਜ਼ਮੀ ਸਚੇਤ ਹੋਵੋਗੇ ਕਿ ਭਿੰਨ ਖੋਜ ਅਧਿਐਨਾਂ ਨੇ ਉਜਾਗਰ ਕੀਤਾ ਹੈ ਕਿ ਪੇਂਡੂ ਗਰੀਬਾਂ ਦੇ ਬੱਚੇ, ਪ੍ਰਤਿਕੂਲ ਅਵਸਥਾ ਵਾਲੇ, ਜਿਹੜੇ ਬਸਤੀਆਂ ਵਿੱਚ ਰਹਿੰਦੇ ਹਨ ਜਾਂ ਫੇਰ ਜਿਨ੍ਹਾਂ ਨੇ ਸਕੂਲਾਂ ਵਿੱਚ ਦਾਖਲਾ ਨਹੀਂ ਲਿਆ, ਜਾਂ ਫੇਰ ਜਿਨ੍ਹਾਂ ਦਾਖਲਾ ਲਿਆ ਅਤੇ ਬਾਅਦ ਵਿੱਚ ਸਕੂਲ ਛੱਡ ਦਿੱਤਾ। ਅਧਿਐਨ ਇਹ ਵੀ ਦੱਸਦਾ ਹੈ ਕਿ ਜੇਕਰ ਇਹ ਬੱਚੇ ਸਕੂਲਾਂ ਵਿੱਚ ਰਹੇ ਵੀ ਪਰ ਇਨ੍ਹਾਂ ਬਹੁਤ ਕੁਝ ਨਹੀਂ ਸਿੱਖਿਆ। ਇਹ ਗੱਲ ਬਹੁਤ ਉਭਰ ਕੇ ਆ ਰਹੀ ਹੈ ਕਿ ਲੋਕਾਂ ਦੀ ਸ਼ਮੂਲੀਅਤ, ਖਾਸਕਰ ਪੇਂਡੂ ਗਰੀਬ ਅਤੇ ਭੂਮੀਹੀਣ ਕਿਰਤੀ, ਸ਼ਹਿਰੀ ਹਾਸ਼ੀਆਕ੍ਰਿਤ ਸਮੂਹ, ਜਿਵੇਂ ਬਸਤੀਆਂ ਅਤੇ ਖਿੰਡੀਆਂ ਥਾਵਾਂ ’ਤੇ ਰਹਿਣ ਵਾਲੇ, ਪ੍ਰਤਿਕੂਲ ਅਵਸਥਾ ਵਾਲੇ ਲੋਕ ਭਾਵ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲੇ ਅਤੇ ਵਿਦਿਅਕ ਵਿਕਾਸ ਦੇ ਪ੍ਰੋਗ੍ਰਾਮਾਂ ਵਿੱਚ ਮਹਿਲਾਵਾਂ, ਲਾਜ਼ਮੀ ਹੈ। ਜੇਕਰ ਇਹ ਸਮੂਹਾਂ ਦੀ ਸ਼ਮੂਲੀਅਤ ਹੁੰਦੀ ਹੈ, ਉਹ ਆਪਣੀਆਂ ਸਮੱਸਿਆਵਾਂ ਦਾ ਵਰਨਣ ਕਰ ਸਕਦੇ ਹਨ ਅਤੇ ਉਚਿਤ ਸਮਾਧਾਨ ਸੁਝਾਅ ਸਕਦੇ ਹਨ। ਸੂਬੇ ਉਚਿਤ ਦਖਲ ਅੰਦਾਜ਼ੀ ਕਰ ਸਕਦੇ ਹਨ। ਸੰਖੇਪ ਵਿੱਚ ਅਸੀਂ ਆਖ ਸਕਦੇ ਹਾਂ ਕਿ ਵਿਦਿਅਕ ਗਤੀਵਿਧੀਆਂ ਵਿੱਚ ਸਮੁਦਾਇ ਦੀ ਭਾਗੀਦਾਰੀ ਨਿਮਨ ਢੰਗਾਂ ਵਿੱਚ ਲਾਹੇਵੰਦ ਹੈ।

- ਇਹ ਵਿੱਤੀ, ਮਨੁੱਖੀ ਅਤੇ ਪਦਾਰਥਕ ਸੋਮਿਆਂ ਦੀ ਗਤੀਸ਼ੀਲਤਾ ਨੂੰ ਵਧਾਉਣ ਵਿੱਚ ਮਦਦ ਕਰਦਾ ਹੈ, ਜਿਹੜਾ ਕਿ ਵਿਦਿਅਕ ਪ੍ਰਣਾਲੀ ਨੂੰ ਨਿਪੁੰਨ ਬਣਾਉਣ ਵਿੱਚ ਮਦਦ ਕਰਦਾ ਹੈ।
- ਸਿੱਖਿਆ ਨੂੰ ਆਬਾਦੀ ਦੇ ਹਰੇਕ ਵਰਗਾਂ, ਖਾਸਕਰ ਕਮਜ਼ੋਰ ਵਰਗ, ਦੀਆਂ ਲੋੜਾਂ, ਸਮੱਸਿਆਵਾਂ, ਆਕਾਂਖਿਆਵਾਂ ਅਤੇ ਹਿੱਤਾਂ ਵਾਸਤੇ ਅਪਨਾਉਣਾ ਸਰਲ ਹੋ ਜਾਂਦਾ ਹੈ।
- ਭਾਗੀਦਾਰੀ ਵਿਦਿਅਕ ਸੁਧਾਰਾਂ ਵਿੱਚ ਸਮੁਦਾਇ ਦੀ ਸ਼ਮੂਲੀਅਤ ਨੂੰ ਬਰਕਰਾਰ ਰੱਖਣ ਲਈ ਜ਼ਰੂਰੀ ਹੈ। ਇਹ ਸ਼ੁਰੂਆਤ ਨੂੰ ਪ੍ਰੇਰਤ ਕਰਨ ਲਈ ਇੱਕ ਅਹਿਮ ਉਪਕਰਣ ਹੈ।
- ਸਮੁਦਾਇ ਦੀ ਭਾਗੀਦਾਰੀ ਅਧਿਆਪਕਾਂ ਨੂੰ ਸਚੇਤ ਅਤੇ ਜ਼ਿੰਮੇਵਾਰ ਰੱਖੇਗੀ।

## ਤੁਹਾਡੀ ਪ੍ਰਗਤੀ ਦੀ ਪਰਖ – 3

**ਨੋਟ :** ਤੁਹਾਡੇ ਉੱਤਰ ਲਈ ਸਥਾਨ ਦਿੱਤਾ ਗਿਆ ਹੈ।

1. ਸਿੱਖਿਆ ਵਿੱਚ ਸਮੁਦਾਇ ਦੀ ਭਾਗੀਦਾਰੀ ਦੀ ਅਹਿਮੀਅਤ ਬਾਰੇ ਦੱਸੋ?

-----------------------------------------------------------

-----------------------------------------------------------

-----------------------------------------------------------

---------------------------------

## 4.3.4 ਸਿੱਖਿਆ ਵਿੱਚ ਸਮਾਜ ਦਾ ਯੋਗਦਾਨ

ਆਰ ਟੀ ਈ ਅਤੇ ਐੱਸ ਐੱਸ ਏ ਸਮੁਦਾਇ ਦੇ ਸਹਿਯੋਗ ਨਾਲ ਹੀ ਅਮਲ ਵਿੱਚ ਲਿਆਂਦਾ ਜਾਵੇਗਾ ਅਤੇ ਇਹ ਮੰਨਿਆ ਜਾਂਦਾ ਹੈ ਕਿ ਸਮੁਦਾਇ ਭਿੰਨ-ਭਿੰਨ ਢੰਗਾਂ ਰਾਹੀਂ ਵਿੱਤੀ ਸਹਾਇਤਾ, ਨਾਲ ਹੀ ਅਕਾਦਮਿਕ ਅਤੇ ਪ੍ਰਸ਼ਾਸਕੀ ਸਹਾਇਤਾ ਉਪਲੱਬਧ ਕਰਕੇ ਯੋਗਦਾਨ ਪਾ ਸਕਦਾ ਹੈ। ਇਹ ਇੱਕ ਨਿਗਰਾਨ ਦੇ ਤੌਰ ’ਤੇ ਵੀ ਕਾਰਜ ਕਰ ਸਕਦਾ ਹੈ ਅਤੇ ਸਕੂਲ ਅਤੇ

ਨੋਟ

ਅਧਿਆਪਕਾਂ ਦੀਆਂ ਵਿੱਦਿਅਕ ਗਤੀਵਿਧੀਆਂ ਨੂੰ ਨਿਗਰਾਨ ਅਤੇ ਗਹੁ ਸਕਦਾ ਹੈ। ਹੁਣ ਅਸੀਂ ਚਰਚਾ ਕਰਾਂਗੇ ਕਿ ਕਿਨ੍ਹਾਂ ਢੰਗਾਂ ਨਾਲ ਸਮੁਦਾਇ ਯੋਗਦਾਨ ਪਾ ਸਕਦਾ ਹੈ।

## ਨਿਗਰਾਨ/ਦਬਾਅ ਸਮੂਹ ਦੇ ਤੌਰ 'ਤੇ ਸਮੁਦਾਇ

ਸਮੁਦਾਇ ਸਕੂਲ ਅਧਿਆਪਕਾਂ, ਪ੍ਰਿੰਸੀਪਲ, ਹੈੱਡ ਮਾਸਟਰ ਆਦਿ ਦੀਆਂ ਕਿਰਿਆਵਾਂ ਦੀ ਨਿਗਰਾਨੀ ਕਰ ਸਕਦਾ ਹੈ। ਨਿਮਨ ਮਿਸਾਲ ਤੁਹਾਨੂੰ ਇਹ ਦਰਸਾਵੇਗੀ ਕਿ ਸਮੁਦਾਇ ਨੇ ਕਿਵੇਂ ਇੱਕ ਹੈੱਡ ਟੀਚਰ ਦੀ ਬਦਲੀ ਨੂੰ ਰੋਕਣ ਵਾਸਤੇ ਦਬਾਅ ਪਾਇਆ।

### ਕੇਸ ਅਧਿਐਨ – 2 ਦਬਾਅ ਸਮੂਹ ਦੇ ਤੌਰ 'ਤੇ ਸਮੁਦਾਇ

ਪਿੰਡ ਧਮਤਾਨ ਸਾਹਿਬ, ਜ਼ਿਲ੍ਹਾ ਜੀਂਦ ਹਰਿਆਣਾ ਵਿਖੇ ਸਮੁਦਾਇ ਦੀ ਭਾਗੀਦਾਰੀ ਦਾ ਜ਼ਬਰਦਸਤ ਪ੍ਰਭਾਵ ਵੇਖਿਆ ਗਿਆ ਸਕੂਲ-ਸਮੁਦਾਇ ਸੰਪਰਕਾਂ ਪਿੱਛੇ ਪ੍ਰੇਰਣਾ, ਸਕੂਲ ਦੀ ਮੁੱਖ ਅਧਿਆਪਿਕਾ ਜਯੋਤੀ ਸ਼ਿਓਖੰਡ ਦੇ ਅਣਥਕ ਯਤਨਾ ਦੀ ਹੀ ਸੀ। ਦਾਖਲਾ ਮੁਹਿੰਮਾਂ, ਨਿਯਮਤ ਐੱਸ ਐੱਸ ਸੀ ਮੀਟਿੰਗਾਂ ਆਦਿ ਦੇ ਪ੍ਰਬੰਧ ਕਰਕੇ ਮੁੱਖ ਅਧਿਆਪਿਕਾ ਨੇ ਸਮੁਦਾਇ ਨੂੰ ਅਗਵਾਈ ਉਪਲੱਬਧ ਕੀਤੀ। ਸਮੁਦਾਇ ਨੇ ਸਕੂਲ ਦੇ ਨਿਯਮਤ ਦੌਰੇ ਕਰਕੇ ਅਧਿਆਪਕਾਂ ਦੀ ਗੈਰ ਹਾਜ਼ਰੀ ਦੀ ਨਿਗਰਾਨੀ ਲਈ ਨਿਗਰਾਨ ਦੀ ਭੂਮਿਕਾ ਨਿਭਾਈ। ਇਹ ਸਕੂਲ ਦੇ ਦਾਖਲੇ ਵਿੱਚ ਬੇਤਹਾਸ਼ਾ ਵਾਧੇ ਦੇ ਰੂਪ ਵਿੱਚ ਪਰਿਣਾਮਤ ਹੋਇਆ। ਮੁੱਖ ਅਧਿਆਪਿਕਾ ਦੀ ਪਹਿਲ 'ਤੇ, ਸਮੁਦਾਇ ਨੇ ਗਣਿਤ, ਵਿਗਿਆਨ ਅਤੇ ਅੰਗ੍ਰੇਜ਼ੀ ਲਈ ਪੈਰਾ-ਅਧਿਆਪਕਾਂ ਦਾ ਪ੍ਰਬੰਧ ਕੀਤਾ ਅਤੇ ਅਧਿਆਪਕ ਦੀ ਤਨਖਾਹ ਪਿੰਡ ਦੀ ਪੰਚਾਇਤ ਵੱਲੋਂ ਭੁਗਤਾਨ ਕੀਤੀ ਗਈ। ਪਿੰਡ ਦਾ ਨਿੱਜੀ ਸਕੂਲ ਇੱਕ ਸਮੁਦਾਇਕ ਗਤੀਸ਼ੀਲਤਾ ਦੀ ਨਵੀਂ ਲਹਿਰ ਨਾਲ ਬੁਰੀ ਤਰ੍ਹਾਂ ਪ੍ਰਭਾਵਤ ਸੀ, ਕਿਉਂਕਿ ਸਾਰੇ ਮਾਪਿਆਂ ਨੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣਾ ਸ਼ੁਰੂ ਕਰ ਦਿੱਤਾ। ਆਪਣੇ ਸਿਆਸੀ ਘਾਲੇ-ਮਾਲੇ ਨਾਲ ਨਿੱਜੀ ਸਕੂਲ ਦੇ ਪ੍ਰਬੰਧਨ ਨੇ ਪ੍ਰਿੰਸੀਪਲ ਦਾ ਦੁਰੇਡੇ ਤਬਾਦਲਾ ਕਰਵਾ ਦਿੱਤਾ। ਪ੍ਰੰਤੂ ਸਮੁਦਾਇ ਦੇ ਆਗੂਆਂ ਨੇ ਸਥਾਨਕ ਐੱਮ ਐੱਲ ਏ ਉਭਰ ਦਬਾਅ ਬਣਾ ਕੇ ਤਬਾਦਲਾ ਰੱਦ ਕਰਵਾ ਦਿੱਤਾ। ਇਸ ਤਰ੍ਹਾਂ ਇਹ ਕੁਝ ਮਿਸਾਲਾਂ ਸਕੂਲ ਦੀਆਂ ਵਿਦਿਅਕ ਸਮੱਸਿਆਵਾਂ ਦੇ ਸਮਾਧਾਨ ਵਿੱਚ ਸਮੁਦਾਇ ਦੀ ਭੂਮਿਕਾ ਨੂੰ ਰੇਖਾਂਕਤ ਕਰਦੀਆਂ ਹਨ। **ਪੀ ਐੱਚ ਡੀ ਸਕਾਲਰ ਮਿਸ ਕਮਲੇਸ਼ ਦਾ ਫੀਲਡ ਪ੍ਰੇਖਣ**

## ਸੋਮੇ ਦੇ ਤੌਰ 'ਤੇ ਸਮੁਦਾਇ

ਤੁਸੀਂ ਲਾਜ਼ਮੀ ਤੌਰ 'ਤੇ ਗੌਰ ਕੀਤੀ ਹੋਵੇਗੀ ਕਿ ਮਾਪੇ ਅਕਸਰ ਆਪਣੇ ਬੱਚੇ ਦੀ ਪੜ੍ਹਾਈ ਨੂੰ ਲੈ ਕੇ ਚਿੰਤਤ ਰਹਿੰਦੇ ਹਨ ਅਤੇ ਅਕਸਰ ਕੋਈ ਵੀ ਮਦਦ ਕਰਨ ਲਈ ਤਿਆਰ ਰਹਿੰਦੇ ਹਨ ਜਿਹੜੀ ਕਿ ਉਨ੍ਹਾਂ ਦੀ ਸਿੱਖਿਆ 'ਚ ਸੁਧਾਰ ਕਰ ਸਕੇ। ਕਈ ਥਾਵਾਂ ਜਿੱਥੇ ਅਧਿਆਪਕਾਂ ਵੀ ਗੈਰ ਹਾਜ਼ਰੀ ਅਤੇ ਮਾੜੀ ਕਾਰਗੁਜ਼ਾਰੀ ਸੰਵੇਦਨਸ਼ੀਲ ਮੁੱਦੇ ਹੁੰਦੇ ਹਨ, ਮਾਪੇ ਅਤੇ ਸਮੁਦਾਇ ਦੇ ਮੈਂਬਰ ਅਧਿਆਪਕਾਂ ਦੀ ਨਿਗਰਾਨੀ ਦੀ ਪ੍ਰਣਾਲੀ ਦਾ ਭਾਗ ਬਣ ਸਕਦੇ ਹਨ। ਸਮੁਦਾਇ ਇਹ



ਨੋਟ

ਯਕੀਨੀ ਬਣਾ ਸਕਦਾ ਹੈ ਕਿ ਅਧਿਆਪਕ ਕਲਾਸਰੂਮ ਵਿੱਚ ਸਮੇਂ ਸਿਰ ਪਹੁੰਚ ਰਿਹਾ ਹੈ ਅਤੇ ਕਲਾਸਰੂਮ ਵਿੱਚ ਪ੍ਰਭਾਵੀ ਭੂਮਿਕਾ ਨਿਭਾ ਰਿਹਾ ਹੈ।

ਇਹ ਵੀ ਵੇਖਿਆ ਜਾਂਦਾ ਹੈ ਕਿ ਲੋੜ ਪੈਣ ’ਤੇ ਮਾਪੇ ਵੀ ਆ ਸਕਦੇ ਹਨ ਅਤੇ ਕਲਾਸਾਂ ਲੈ ਸਕਦੇ ਹਨ ਜਾਂ ਫੇਰ ਸੋਮਾ ਵਿਅਕਤੀ ਦੇ ਤੌਰ ’ਤੇ ਕੰਮ ਕਰ ਸਕਦੇ ਹਨ। ਉਹ ਸਿੱਖਿਆ ਦੀ ਹਵਾਲਗੀ ਦੇ ਮਜਬੂਤ ਏਜੰਟ ਬਣ ਸਕਦੇ ਹਨ। ਮਾਤਾ-ਪਿਤਾ ਬੱਚਿਆਂ ਨੂੰ ਅਮਲੀ ਗਿਆਨ ਅਤੇ ਹੁਨਰ ਪ੍ਰਦਾਨ ਕਰ ਸਕਦੇ ਹਨ।

ਨਿਮਨ ਮਿਸਾਲ ਤੁਹਾਨੂੰ ਇਹ ਸਮਝਣ ਲਈ ਸਹਾਈ ਹੋਵੇਗੀ ਕਿ ਸਮੁਦਾਇ ਦੇ ਮੈਂਬਰ ਕਿਵੇਂ ਯੋਗਦਾਨ ਪਾ ਸਕਦੇ ਹਨ।

**ਕੇਸ ਅਧਿਐਨ – 3 ਅਮਲੀ ਹੁਨਰ ਪ੍ਰਦਾਨ ਕਰਨ ’ਚ ਸਮੁਦਾਇ ਲਾਹੇਵੰਦ**

ਕੁਝ ਸਕੂਲਾਂ ਵਿੱਚ ਇੱਕ ਗਤੀਵਿਧੀ ਦੇ ਤੌਰ ’ਤੇ ਸਾਈਕਲ ਦੇ ਮਕੈਨਿਜ਼ਮ ਅਤੇ ਕਿਰਿਆਸ਼ੀਲਤਾ ਨੂੰ ਸਮਝਣਾ ਰੱਖਿਆ ਗਿਆ। ਹਾਲਾਂਕਿ ਲਗਭਗ ਸਾਰੇ ਹੀ ਅਧਿਆਪਕ ਸਾਈਕਲ ਦੀ ਵਰਤੋਂ ਕਰਦੇ ਸਨ, ਪ੍ਰੰਤੂ ਕੋਈ ਵੀ ਇਸ ਦੀ ਕਿਰਿਆਸ਼ੀਲਤਾ ਨੂੰ ਵਰਨਣ ਨਹੀਂ ਕਰ ਸਕਿਆ। ਸਾਈਕਲ ਮਕੈਨਿਕ ਨੂੰ ਵਰਨਣ ਨਹੀਂ ਕਰ ਸਕਿਆ। ਸਾਈਕਲ ਮਕੈਨਿਕ ਨੂੰ ਸੋਮਾ (ਸਾਧਨ) ਵਿਅਕਤੀ ਦੇ ਤੌਰ ’ਤੇ ਸੱਦਿਆ ਗਿਆ। ਉਸ ਨੇ ਸਾਈਕਲ ਦੇ ਪੁਰਜਿਆਂ ਅਤੇ ਕਿਰਿਆਵਾਂ ਦਾ ਪ੍ਰਦਰਸ਼ਨ ਕੀਤਾ ਅਤੇ ਇਸ ਪ੍ਰਕਿਰਿਆ ਵਿੱਚ ਉਹ ਅਧਿਆਪਕਾਂ ਦਾ ਅਧਿਆਪਕ ਬਣ ਗਿਆ। ਇਹ ਵਿਚਾਰਿਆ ਗਿਆ ਕਿ ਮਾਪੇ ਵਿਦਿਆਰਥੀਆਂ ਨੂੰ ਵਿਭਿੰਨ ਸਿਖਲਾਈ ਅਨੁਭਵ ਉਪਲੱਬਧ ਕਰ ਸਕਦੇ ਹਨ।

## 4.3.4 ਸੰਬੰਧਤ ਪਾਠਕ੍ਰਮ ਅਤੇ ਸਿੱਖਿਆ ਸਾਮੱਗਰੀ ਦਾ ਵਿਕਾਸ

ਤੁਸੀਂ ਧਿਆਨ ਦੇਵੋਗੇ ਕਿ ਜਦੋਂ ਪਾਠਕ੍ਰਮ ਦੇ ਵਿਕਾਸ ਵਿੱਚ ਮਾਪੇ ਅਤੇ ਸਮੁਦਾਇ ਸ਼ਾਮਲ ਹੁੰਦੇ ਹਨ, ਇਹੋ ਪਾਠਕ੍ਰਮ ਸਰਲ ਅਤੇ ਦਿਲਚਸਪ ਬਣ ਜਾਂਦਾ ਹੈ। ਸਮੁਦਾਇ ਅਤੇ ਮਾਪਿਆਂ ਦੀ ਸ਼ਮੂਲੀਅਤ ਪਾਠਕ੍ਰਮ ਅਤੇ ਸਿਖਲਾਈ ਸਾਮੱਗਰੀ ਤਿਆਰ ਕਰਨ ਵਿੱਚ ਮਦਦ ਕਰਦੇ ਹਨ, ਜਿਹੜਾ ਬੱਚਿਆਂ ਦੇ ਸਮਾਜ ਵਿੱਚ ਰੋਜ਼ਾਨਾ ਦੇ ਜੀਵਨ ਨੂੰ ਪ੍ਰਤੀਬਿੰਬਤ ਕਰਦਾ ਹੈ। ਜਦੋਂ ਬੱਚੇ ਪਾਠ ਪੁਸਤਕਾਂ ਅਤੇ ਹੋਰ ਸਾਮੱਗਰੀ ਦੀ ਵਰਤੋਂ ਕਰਦੇ ਹਨ, ਉਹ ਆਸਾਨੀ ਨਾਲ ਸੰਬੰਧਤ ਹੋ ਸਕਦੇ ਹਨ, ਜੋ ਉਹ ਪੜ੍ਹ ਰਹੇ ਹਨ ਅਤੇ ਜੋ ਉਨ੍ਹਾਂ ਨੂੰ ਪਹਿਲਾਂ ਤੋਂ ਹੀ ਪਤਾ ਹੈ। ਨਿਮਨ ਮਿਸਾਲਾਂ ਸਪਸ਼ਟ ਰੂਪ ਵਿੱਚ ਦਰਸਾਉਂਦੀਆਂ ਹਨ ਕਿ ਮਾਪੇ ਅਤੇ ਸਮੁਦਾਇਕ ਮੈਂਬਰ ਅਮਲੀ ਹੁਨਰਾਂ ਨੂੰ ਤਿਆਰ ਅਤੇ ਅਮਲ ਪ੍ਰਕਿਰਿਆ ਵਿੱਚ ਸ਼ਾਮਲ ਸਨ।



ਨੋਟ

### ਕੇਸ ਅਧਿਐਨ – 4 – ਮਾਪਿਆਂ ਵੱਲੋਂ ਗਤੀਵਿਧੀ ਆਧਾਰਤ ਅਧਿਆਪਨ

ਮਹਾਰਾਸ਼ਟਰ ਦੇ ਚੰਦਰਪੁਰ ਜ਼ਿਲ੍ਹੇ ਦੇ ਭੇਡਾਂ (ਵਾਰੋਰਾ) ਘੋਡਖਿੰਡੀ (ਯਿਓਤਮਲ) ’ਚ ਬਾਲ ਵਿਗਿਆਨ ਉਤਸਵ ਦਾ ਆਯੋਜਨ ਕੀਤਾ ਗਿਆ। ਮਾਪਿਆਂ ਨੇ ਮੇਲੇ ਦੀ ਤਿਆਰੀ ਵਿੱਚ ਮਦਦ ਕੀਤੀ। ਮਾਵਾਂ ਨੇ ਵਧੇਰੇ ਦਿਲਚਸਪੀ ਵਿਖਾਈ। ਉਨ੍ਹਾਂ ਪੇਂਟਿੰਗ, ਕਲੇਅ-ਆਰਟ, ਕਢਾਈ ਆਦਿ ਦੇ ਹੁਨਰ ਪ੍ਰਦਰਸ਼ਤ ਕੀਤੇ, ਉਸੇ ਸਮੇਂ ਸਾਰੇ ਬੱਚਿਆਂ ਨੂੰ ਇਹ ਸਿਖਾ ਵੀ ਸਕੇ। ਜਦਕਿ ਮਾਵਾਂ ਭਾਗੀਦਾਰੀ ਨਾਲ ਬੇਹਦ ਖੁਸ਼ ਸਨ, ਅਧਿਆਪਕਾਂ ਨੇ ਸਮੁਦਾਇ ਦੀ ਸ਼ਮੂਲੀਅਤ ਦੀ ਮਜਬੂਤੀ ਨੂੰ ਅਹਿਸਾਸ ਕੀਤਾ।

ਜਦੋਂ ਫਸਲਾਂ ਦੀਆਂ ਸ਼ੈਲੀਆਂ ਅਤੇ ਖੇਤੀਬਾੜੀ ਬਾਰੇ ਸਿਖਲਾਈ ਦੀ ਵਾਰੀ ਆਈ, ਅਧਿਆਪਕਾਂ ਨੇ ਮਹਿਸੂਸ ਕੀਤਾ ਕਿ ਪਾਠ ਪੁਸਤਕਾਂ ਵਿੱਚ ਦਿੱਤੀ ਜਾਣਕਾਰੀ ਨਾਕਾਫੀ ਹੈ। ਇਹ ਮਹਿਸੂਸ ਕੀਤਾ ਗਿਆ ਕਿ ਉਨ੍ਹਾਂ ਦੇ ਖਿੱਤੇ ਵਿੱਚ ਖੇਤੀ ਦੀ ਸ਼ੈਲੀ ਪਾਠ ਪੁਸਤਕ ਵਿੱਚ ਦੱਸੀ ਗਈ ਨਾਲੋਂ ਕਾਫੀ ਭਿੰਨ ਸੀ। ਇਸ ਲਈ ਉਨ੍ਹਾਂ ਕਿਸਾਨ ਪਿਤਾਵਾਂ ਦੀ ਮਦਦ ਲੈਣ ਦਾ ਨਿਰਣਾ ਕੀਤਾ। ਕੁਝ ਅਧਿਆਪਕਾਂ ਨੇ ਕਿਸਾਨ ਪਿਤਾਵਾਂ ਨੂੰ ਕਲਾਸਰੂਮ ਵਿੱਚ ਸੱਦਿਆ, ਜਦਕਿ ਕੁਝ ਨੇ ਪਿਤਾ ਦੀ ਮਾਲਕੀ ਵਾਲੇ ਖੇਤਾਂ ਦਾ ਦੌਰਾ ਕਰਵਾਇਆ। ਦੋਹਾਂ ਮਾਮਲਿਆਂ ਵਿੱਚ ਵਿਦਿਆਰਥੀਆਂ ਨੇ ਕਿਸਾਨਾਂ ਤੋਂ ਵਾਰਤਾਲਾਪ ਕੀਤੀ ਅਤੇ ਅਸਲ ਅਨੁਭਵਾਂ ਦੁਆਰਾ ਉਨ੍ਹਾਂ ਤੋਂ ਸਿੱਖਿਆ ਪ੍ਰਾਪਤ ਕੀਤੀ। ਅਧਿਆਪਕਾਂ ਨੇ ਲਾਹਿਆਂ ਦਾ ਅਨੁਭਵ ਕੀਤਾ ਕਿਉਂਕਿ ਇਹ ਜੀਵਨ ਅਨੁਭਵਾਂ ਨਾਲ ਸੰਬੰਧਤ ਸੀ ਅਤੇ ਬੱਚੇ ਦੇ ਵਾਤਾਵਰਣ ’ਤੇ ਕੇਂਦਰਤ ਸੀ। ਮਾਪਿਆਂ ਨੇ ਸਕੂਲ ਅਤੇ ਬੱਚਿਆਂ ਨਾਲ ਗੱਲਬਾਤ ਦਾ ਅਸਵਰ ਹਾਸਲ ਕੀਤਾ।

## 4.3.6 ਸਮੱਸਿਆਵਾਂ ਦੀ ਪਛਾਣ ਕਰਨੀ ਅਤੇ ਮੁਖਾਤਬ ਹੋਣਾ

ਸਮੁਦਾਇ ਉਨ੍ਹਾਂ ਕਾਰਣਾਂ ਦੀ ਸ਼ਨਾਖਤ ਵਿੱਚ ਮਦਦ ਕਰ ਸਕਦਾ ਹੈ ਅਤੇ ਕਾਰਨ ਦਸ ਸਕਦਾ ਹੈ ਜਿਹੜੇ ਵਿਦਿਅਕ ਸਮੱਸਿਆਵਾਂ ਵਿੱਚ ਯੋਗਦਾਨ ਪਾਉਂਦੇ ਹਨ, ਜਿਵੇਂ ਕਿ ਘੱਟ ਦਾਖਲੇ, ਸਕੂਲ ਵਿਚਾਲੇ ਛੱਡ ਦੇਣਾ ਅਤੇ ਬੱਚਿਆਂ ਦੀ ਮਾੜੀ ਅਕਾਦਮਿਕ ਕਾਰਗੁਜ਼ਾਰੀ। ਕਈ ਇਲਾਕਿਆਂ ਵਿੱਚ ਮਾਤਾ-ਪਿਤਾ ਅਤੇ ਸਮੁਦਾਇ ਸਰਗਰਮੀ ਨਾਲ ਸਕੂਲ ਤੋਂ ਬਾਹਰ ਦੇ ਬੱਚਿਆਂ ਦੀ ਸ਼ਨਾਖਤ ਕਰਨ ਅਤੇ ਉਨ੍ਹਾਂ ਨੂੰ ਦਾਖਲਾ ਦਿਵਾਉਣ ਵਿੱਚ ਮਦਦ ਕਰਨ ’ਚ ਸ਼ਾਮਲ ਹੁੰਦੇ ਹਨ।

## ਤੁਹਾਡੀ ਪ੍ਰਗਤੀ ਦੀ ਪਰਖ – 4

**ਨੋਟ :** ਤੁਹਾਡੇ ਉੱਤਰ ਲਈ ਸਥਾਨ ਦਿੱਤਾ ਗਿਆ ਹੈ।

1. ਭਿੰਨ ਢੰਗਾਂ ਦਾ ਮਿਸਾਲਾਂ ਨਾਲ ਵਰਨਣ ਕਰੋ ਜਿਨ੍ਹਾਂ ਦੁਆਰਾ ਸਮੁਦਾਇ ਯੋਗਦਾਨ ਪਾ ਸਕਦਾ ਹੈ?



ਨੋਟ

---------------------------------------------------------------------------
---------------------------------------------------------------------------
---------------------------------------------------------------------------
------------------------------------------

2. ਕੀ ਤੁਸੀਂ ਸੋਚਦੇ ਹੋ ਕਿ ਮਾਪੇ ਅਤੇ ਸਮੁਦਾਇ ਨੂੰ ਪਾਠਕ੍ਰਮ ਤਿਆਰ ਕਰਨ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ?

---------------------------------------------------------------------------
---------------------------------------------------------------------------
---------------------------------------------------------------------------
------------------------------------------

## 4.4 ਸਮੁਦਾਇ ਦੀ ਭਾਗੀਦਾਰੀ ਸਿੱਖਿਆ ਸੁਧਾਰ ਕਿਵੇਂ ਕਰ ਸਕਦੀ ਹੈ?

ਸਮੁਦਾਇ ਦੀ ਭਾਗੀਦਾਰੀ ਇੱਕ ਅੰਤਰ ਪੈਦਾ ਕਰਦੀ ਹੈ ਅਤੇ ਸਿੱਖਿਆ ਪ੍ਰਬੰਧਕ ਨੂੰ ਸੁਧਾਰ ਸਕਦੀ ਹੈ, ਇਹ ਨਿਮਨ ਉਦਾਹਰਣ ਤੋਂ ਸ਼ਪਸ਼ਟ ਹੈ।

### ਕੇਸ ਅਧਿਐਨ 5 – ਸਮੁਦਾਇ ਲਾਮਬੰਦ ਸਾਧਨ

ਚਿਤਰਾਦੁਰਗਾ ਜ਼ਿਲ੍ਹੇ ਵਿੱਚ ਮੋਲਕਾਲਾਮੁਰੂ ਤਾਲੁਕ ਦੇ ਕੋਂਡਲਾਹਾਲੀ ਏ ਕੇ ਕਾਲੋਕੀ ਦਾ ਸਕੂਲ ਹਾਸ਼ੀਆਕ੍ਰਿਤ ਸਮੁਦਾਇ ਦੇ ਬੱਚਿਆਂ ਦੀਆਂ ਲੋੜਾਂ ਪੂਰੀਆਂ ਕਰਦਾ ਹੈ, ਜਿਹੜੀ ਕਿ ਪਿੰਡ ਦੀ ਆਬਾਦੀ ਨੂੰ ਸੀਮਤ ਕਰਦੀ ਹੈ। ਸੂਬੇ ਵਿਚਲੇ ਹੋਰਨਾਂ ਸਰਕਾਰੀ ਸਕੂਲਾਂ ਵਾਂਗ ਹੀ ਇਹ ਵੀ ਸੀ, ਜਿਸ ਵਿੱਚ ਬੁਨਿਆਦੀ ਸਹੂਲਤਾਂ ਦੀ ਘਾਟ ਸੀ, ਬੱਚਿਆਂ ਦੀ ਵੱਡੀ ਗਿਣਤੀ, ਨਾ ਕਾਫੀ ਕਲਾਸਰੂਮ, ਕੋਈ ਖੇਡ ਦਾ ਮੈਦਾਨ ਨਹੀਂ ਅਤੇ ਡਰਾਪ ਆਊਟ ਬੱਚਿਆਂ ਦੀ ਵੱਡੀ ਗਿਣਤੀ। ਸਕੂਲ ਕਮੇਟੀ ਦੇ ਮੈਂਬਰ ਪੰਚਾਇਤ ਪੱਧਰੀ ਟਰੇਨਿੰਗ ਪ੍ਰੋਗ੍ਰਾਮ 'ਚ ਸ਼ਾਮਲ ਹੋ ਕੇ ਫੌਰਨ ਆਪਣੇ ਕੰਮਾਂ ਨੂੰ ਤੁਰ ਪਏ। ਉਹ ਜ਼ਿਲ੍ਹਾ ਪੰਚਾਇਤ ਨੂੰ ਮਿਲੇ ਤੇ ਸਕੂਲ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਪ੍ਰਕਿਰਿਆ 'ਤੇ ਅਮਲ ਕਰਨ ਦੇ ਸਿੱਟੇ ਵਜੋਂ, ਜ਼ਿਲ੍ਹਾ ਪੰਚਾਇਤ ਨੇ 24,000 ਰੁਪਏ ਪਾਸ ਕਰ ਦਿੱਤੇ ਅਤੇ ਸਕੂਲ ਦੀ ਮੁਰੰਮਤ ਹੋ ਗਈ। ਫੇਰ ਉਹ ਮਾਮਲਾ ਤਾਲੁਕ ਪੰਚਾਇਤ ਕੋਲ ਵਧੇਰੇ ਕਲਾਸਰੂਮਾਂ ਦੀ ਲੋੜ ਨੂੰ ਲੈ ਕੇ ਮਿਲੇ। ਇਸ ਮਾਮਲੇ ਵਿੱਚ ਵੀ ਸਰਵ ਸਿੱਖਿਆ ਅਭਿਆਨ ਅਧੀਨ ਇੱਕ ਕਮਰੇ ਦੀ ਉਸਾਰੀ ਕੀਤੀ ਗਈ। ਸਕੂਲ ਕਮੇਟੀ ਨੇ ਸਮੁਦਾਇ ਨੂੰ ਲਾਮਬੰਦ ਕੀਤਾ ਅਤੇ ਗ੍ਰਾਮ ਪੰਚਾਇਤ ਵੱਲੋਂ ਪਾਸ ਕੀਤੇ 5,000 ਰੁਪਏ ਨਾਲ ਪਾਣੀ ਦੀ ਟੈਂਕੀ ਬਣਾ ਦਿੱਤੀ।

ਸਮੁਦਾਇ ਦੇ ਅੰਦਰੋਂ ਲਾਮਬੰਦ ਕੀਤੇ ਹੋਰ ਫੰਡ ਸਕੂਲ ਦੇ ਪਖਾਨੇ ਬਣਾਉਣ ਵਿੱਚ ਖਰਚੇ ਗਏ। ਸਕੂਲ ਦੀ ਕਮੇਟੀ ਨੇ ਡਰਾਪ ਆਊਟ ਬੱਚਿਆਂ ਦੇ ਮੁੜ ਦਾਖਲੇ ਵਾਸਤੇ ਆਪਣੇ ਆਪ ਨੂੰ ਵੀ

ਨੋਟ

ਸ਼ਾਮਲ ਕਰਨ ਬਾਰੇ ਅਹਿਸਾਸ ਕੀਤਾ ਅਤੇ ਬੱਚਿਆਂ ਨੂੰ ਵਾਪਸ ਸਕੂਲ ਵਿੱਚ ਲਿਆਉਣ ਲਈ ਸਫਲਤਾ ਮਿਲੀ। (ਪ੍ਰਯਤਨ ਤੋਂ ਇੱਕ ਤਜ਼ਰਬਾ, ਦਇਆਰਾਮ ਵਿਖੇ ਉਲੇਖ, ਕਰਨਾਟਕ ਵਿਖੇ ਬੁਨਿਆਦੀ ਸਿੱਖਿਆ 'ਤੇ ਨਾਗਰਿਕਾਂ ਦੀ ਪਹਿਲ। ਸਕੂਲ ਪ੍ਰਬੰਧਕ ਕਮੇਟੀ ਅਤੇ ਸਿੱਖਿਆ ਦਾ ਅਧਿਕਾਰ ਐਕਟ 2009)

ਉਪਰੋਕਤ ਮਿਸਾਲਾਂ ਤੋਂ ਤੁਹਾਨੂੰ ਪਤਾ ਲਗ ਹੀ ਗਿਆ ਹੋਵੇਗਾ ਕਿ ਕਿਵੇਂ ਸਮੁਦਾਇ ਦੀ ਭਾਗੀਦਾਰੀ ਵਿਭਿੰਨ ਚੈਨਲਾਂ (ਮਾਧਿਅਮਾਂ) ਰਾਹੀਂ ਸਿੱਖਿਆ ਪ੍ਰਦਾਨ ਕਰਨ ਵਿੱਚ ਯੋਗਦਾਨ ਪਾ ਸਕਦੀ ਹੈ। ਹੇਠਾਂ ਕੁਝ ਵਿਧੀਆਂ ਦੀ ਸੂਚੀ ਹੈ, ਜਿਸ ਰਾਹੀਂ ਸਮੁਦਾਇ ਸਿੱਖਿਆ ਪ੍ਰਦਾਨ ਕਰਨ ਵਿੱਚ ਯੋਗਦਾਨ ਪਾ ਸਕਦਾ ਹੈ, ਖਾਸ ਕਰ ਜਿਵੇਂ ਆਰ ਟੀ ਆਈ ਵਿੱਚ ਉਲੇਖ ਕੀਤਾ ਗਿਆ ਹੈ ਅਤੇ ਐੱਸ ਐੱਸ ਰਾਹੀਂ ਅਮਲ ਵਿੱਚ ਲਿਆਂਦਾ ਗਿਆ ਹੈ।

- ਸਕੂਲ ਤੋਂ ਬਾਹਰ ਦੇ ਬੱਚਿਆਂ ਦੀ ਪਛਾਣ ਕਰਨ 'ਚ ਮਦਦ ਕਰਕੇ;
- ਸਾਰੇ ਬੱਚਿਆਂ ਦਾ ਦਾਖਲਾ ਅਤੇ ਸਾਰੇ ਵਿਦਿਆਰਥੀਆਂ ਨੂੰ ਬਰਕਰਾਰ ਰੱਖਣ ਦੀ ਪ੍ਰਣਾਲੀ ਬਣਾ ਕੇ;
- ਦਾਖਲੇ ਅਤੇ ਵਿਦਿਅਕ ਲਾਹਿਆਂ ਲਈ ਮੁਹਿੰਮਾਂ ਦੁਆਰਾ;
- ਸਕੂਲਾਂ ਲਈ ਪੈਸਾ ਉਗਰਾਹ ਕੇ;
- ਵਿਦਿਆਰਥੀਆਂ ਦੀ ਨਿਯਮਤ ਹਾਜ਼ਰੀ ਅਤੇ ਮੁਕੰਮਲੀ ਦੁਆਰਾ;
- ਸਕੂਲੀ ਸਹੂਲਤਾਂ 'ਚ ਸੁਧਾਰ, ਉਸਾਰੀ ਅਤੇ ਮੁਰੰਮਤ ਕਰਕੇ;
- ਅਧਿਆਪਕਾਂ ਦੀ ਨਿਯੁਕਤੀ ਅਤੇ ਸਹਾਇਤਾ/ਸਹਾਰਾ;
- ਸਕੂਲ ਦੀ ਲੋਕੇਸ਼ਨ ਅਤੇ ਸਾਰਣੀਆਂ ਬਾਰੇ ਫੈਸਲਾ ਲੈ ਕੇ;
- ਅਧਿਆਪਕਾਂ ਦੀ ਹਾਜ਼ਰੀ ਅਤੇ ਕਾਰਗੁਜ਼ਾਰੀ ਦੀ ਨਿਗਰਾਨੀ ਕਰਕੇ;
- ਸਕੂਲਾਂ ਦੇ ਪ੍ਰਬੰਧਨ ਲਈ ਪਿੰਡ ਦੀਆਂ ਸਿੱਖਿਆ ਕਮੇਟੀਆਂ ਦੀ ਰਚਨਾ;
- ਬੱਚਿਆਂ ਦੀ ਸਿਖਲਾਈ ਪ੍ਰਗਤੀ ਅਤੇ ਕਲਾਸਰੂਮ ਵਿਵਹਾਰ ਬਾਰੇ ਜਾਣਨ ਲਈ ਸਰਗਰਮੀ ਨਾਲ ਸਕੂਲ ਦੀਆਂ ਮੀਟਿੰਗਾਂ 'ਚ ਸ਼ਾਮਲ ਹੋ ਕੇ;
- ਹੁਨਰ ਦਿਸ਼ਾ-ਨਿਰਦੇਸ਼ ਦੇ ਕੇ ਅਤੇ ਸਥਾਨਕ ਜਾਣਕਾਰੀ ਪ੍ਰਦਾਨ ਕਰਕੇ;
- ਅਧਿਐਨ ਦੁਆਰਾ ਬੱਚਿਆਂ ਦੀ ਮਦਦ ਕਰਕੇ;
- ਕੰਨਿਆ ਸਿੱਖਿਆ ਦੀ ਵਕਾਲਤ ਅਤੇ ਪ੍ਰਗਤੀ ਲਈ ਕੋਸ਼ਿਸ਼ ਕਰਕੇ;
- ਸਕੂਲ ਦੀ ਕਾਰਜ ਸੂਚੀ ਤਿਆਰ ਕਰਕੇ;
- ਸਕੂਲ ਚਲਾਉਣ ਲਈ ਬਜਟ ਸੰਭਾਲ ਕਰਕੇ;
- ਬਲਾਕ, ਜ਼ਿਲ੍ਹਾ ਅਤੇ ਸਕੂਲ ਵਿਚਾਲੇ ਸੰਪਰਕ ਸਥਾਪਤ ਕਰਕੇ;

## ਤੁਹਾਡੀ ਪ੍ਰਗਤੀ ਦੀ ਪਰਖ – 5

**ਨੋਟ : ਤੁਹਾਡੇ ਉੱਤਰ ਲਈ ਸਥਾਨ ਦਿੱਤਾ ਗਿਆ ਹੈ।**

1. ਮਿਸਾਲ ਦੇ ਨਾਲ ਵਰਨਣ ਕਰੋ ਕਿ ਕਿਸ ਕਿਸਮ ਦੀਆਂ ਗਤੀਵਿਧੀਆਂ ਵਿੱਚ ਸਮੁਦਾਇ ਸਿੱਖਿਆ ਦੇ ਕੰਮ ਵਿੱਚ ਸ਼ਾਮਲ ਹੈ, ਜਿਵੇਂ ਕਿ ਆਰ ਟੀ ਈ ਵਿੱਚ ਉਲੇਖ ਕੀਤਾ ਗਿਆ ਹੈ?

ਨੋਟ

--------------------------------------------------------------
--------------------------------------------------------------
--------------------------------------------------------------
----------------------------------

2. ਮਹਾਰਾਸ਼ਟਰ ਵਿੱਚ ਸਮੁਦਾਇ ਨੇ ਸਿੱਖਿਆ ਵਿੱਚ ਯੋਗਦਾਨ ਪਾਇਆ ਹੈ? ਭਾਰਤ ਵਿਚਲੇ ਹੋਰਨਾਂ ਸੂਬਿਆਂ ਬਾਰੇ ਇਸੇ ਕਿਸਮ ਦੀਆਂ ਜਾਣਕਾਰੀਆਂ ਇਕੱਤਰ ਕਰੋ।

--------------------------------------------------------------
--------------------------------------------------------------
--------------------------------------------------------------
----------------------------------

## ਸਮੁਦਾਇ ਦੀ ਸ਼ਮੂਲੀਅਤ ਦੇ ਅਹਿਮ ਖੇਤਰ




## ਐੱਸ ਐੱਸ ਏ/ਆਰ ਟੀ ਈ ਅਧੀਨ ਸਮੁਦਾਇ ਦੀ ਭਾਗੀਦਾਰੀ ਦੀ ਰਸਮੀ ਸੰਰਚਨਾ

ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਭਾਰਤ ਇੱਕ ਬਹੁਭਾਂਤੀ ਦੇਸ਼ ਹੈ ਅਤੇ ਹਰੇਕ ਸੂਬੇ ਨੇ ਪਿੰਡ ਦੀ ਸਿੱਖਿਆ ਕਮੇਟੀ ਅਤੇ ਸਕੂਲ ਪ੍ਰਬੰਧਕ ਕਮੇਟੀ ਬਣਾਈ ਹੋਈ ਹੈ ਅਤੇ ਭਿੰਨ ਨਾਅ ਰੱਖੇ ਹਨ।

ਨੋਟ

ਪ੍ਰੰਤੂ ਇਨ੍ਹਾਂ ਕਮੇਟੀਆਂ ਦੀਆਂ ਜ਼ਿੰਮੇਵਾਰੀਆਂ ਅਤੇ ਸ਼ਕਤੀਆਂ ਇੱਕੋ ਜਿਹੀਆਂ ਹਨ। ਇਨ੍ਹਾਂ ਕਮੇਟੀਆਂ ਦੀ ਸੰਰਚਨਾ ਅਤੇ ਕਿਰਿਆਵਾਂ ਦਾ ਹੇਠਾਂ ਜ਼ਿਕਰ ਕੀਤਾ ਗਿਆ ਹੈ।

## 4.5 ਪਿੰਡ ਦੀਆਂ ਸਿੱਖਿਆ ਕਮੇਟੀਆਂ (ਵੀ ਈ ਸੀਜ਼)

ਪਿੰਡ ਦੀਆਂ ਸਿੱਖਿਆ ਕਮੇਟੀਆਂ ਨੂੰ ਡਰਾਪ ਆਊਟ ਅਤੇ ਸਕੂਲ ਤੋਂ ਬਾਹਰ ਦੇ ਬੱਚਿਆਂ ਦੀ ਸ਼ਨਾਖਤ ਕਰਨ ਦੀ ਅਹਿਮ ਭੂਮਿਕਾ ਦਿੱਤੀ ਜਾਂਦੀ ਹੈ। ਵੀ ਈ ਸੀਜ਼ ਵੱਲੋਂ ਕੀਤੇ ਸਰਵੇਖਣਾਂ ਦੇ ਆਧਾਰ ’ਤੇ ਸਕੂਲ ਦਾ ਇੱਕ ਰਜਿਸਟਰ ਤਿਆਰ ਕੀਤਾ ਜਾਂਦਾ ਹੈ। ਸਕੂਲ ਦਾ ਰਜਿਸਟਰ ਸਕੂਲ ਤੋਂ ਬਾਹਰ ਦੇ ਬੱਚਿਆਂ ਦੀ ਸੰਖਿਆ ਦਿੰਦਾ ਹੈ, ਫੇਰ ਉਨ੍ਹਾਂ ਨੂੰ ਸਕੂਲ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

### ਪਿੰਡ ਦੀਆਂ ਸਿੱਖਿਆ ਕਮੇਟੀਆਂ ਦੀਆਂ ਨਿਮਨ ਪ੍ਰਮੁੱਖ ਕਿਰਿਆਵਾਂ ਹੁੰਦੀਆਂ ਹਨ

- ਕਿਰਿਆਵਾਂ ਦਾ ਪ੍ਰਬੰਧ ਜਿਵੇਂ ਕਿ ਦਾਖਲਾ ਮੁਹਿੰਮ, ਜਾਗਰੂਕਤਾ ਮੁਹਿੰਮ, ਬਾਲ ਮੇਲੇ, ਮਾਂ-ਬੇਟੀ ਮੇਲਾ ਅਤੇ ਕਿਸ਼ੋਰੀ ਮੇਲਾ, ਤਾਂ ਜੋ ਬੁਨਿਆਦੀ ਸਿੱਖਿਆ ਵੱਲ ਸਮੁਦਾਇਕ ਜਾਗਰੂਕਤਾ ਪੈਦਾ ਕੀਤੀ ਜਾ ਸਕੇ।
- ਵੀ ਈ ਸੀਜ਼ ਉਸਾਰੂ ਗਤੀਵਿਧੀਆਂ ਵਿੱਚ ਪ੍ਰਮੁੱਖ ਭੂਮਿਕਾ ਨਿਭਾਉਂਦੀਆਂ ਹਨ। ਇਹ ਸਾਮੱਗਰੀ ਦੀ ਖਰੀਦ ਦੇ ਨਾਲ ਕੰਮ ਦੀ ਨਿਗਰਾਨੀ ਵੀ ਕਰਦੀ ਹੈ।
- ਦਾਖਲੇ, ਹਾਜ਼ਰੀ, ਬਰਕਰਾਰੀ ਅਤੇ ਬੱਚਿਆਂ ਦੀ ਸਿਖਲਾਈ ਪ੍ਰਾਪਤੀ ਦਾ ਪ੍ਰਸਾਰ ਨਿਯਮਤ ਗਾਖਣਾ।
- ਇਹ ਸਟਾਕ ਰਜਿਸਟਰ ਅਤੇ ਕੈਸ਼ ਬੁੱਕ ਸਾਂਭਦੀ ਹੈ। ਇਹ ਸਕੂਲ ਦੀ ਲੋੜ ਅਤੇ ਪ੍ਰਾਥਮਿਕਤਾ ਅਨੁਸਾਰ ਮੇਨਟੀਨੈਂਸ ਗ੍ਰਾਂਟ ਜਾਰੀ ਕਰਨ ਦੀ ਨਿਗਰਾਨੀ ਕਰਦੀ ਹੈ।
- ਕੁਝ ਸੂਬਿਆਂ, ਜਿਵੇਂ ਕਿ ਜੰਮੂ ਤੇ ਕਸ਼ਮੀਰ ਵਿੱਚ, ਵੀ ਈ ਸੀਜ਼ ਪੈਰਾ ਅਧਿਆਪਕਾਂ ਦੀ ਨਿਯੁਕਤੀ ਵੀ ਕਰਦੀਆਂ ਹਨ।
- ਵਿਦਿਆਰਥੀਆਂ ਦੀ ਹਾਜ਼ਰੀ ਅਤੇ ਅਧਿਆਪਕਾਂ ਦੀ ਗੈਰ ਹਾਜ਼ਰੀ ਦੀ ਨਿਗਰਾਨੀ।
- ਸਕੂਲੀ ਇਮਾਰਤ ਦੀ ਸਾਂਭ-ਸੰਭਾਲ।
- ਐੱਸ ਐੱਸ ਏ ਅਧੀਨ ਹਰੇਕ ਸਾਲ ਵਸੇਬਾ/ਸਕੂਲ ਪੱਧਰੀ ਕਾਰਜ ਯੋਜਨਾ ਦੀ ਤਿਆਰੀ ਅਤੇ ਅਮਲ ਵਿੱਚ ਲਿਆਉਣਾ, ਜਿਸਨੂੰ ਸੂਖਮ ਯੋਜਨਾ ਕਿਹਾ ਜਾਂਦਾ ਹੈ, ਇਹ ਬੁਨਿਆਦੀ ਸਿੱਖਿਆ ਦੇ ਵਿਆਪੀਕਰਣ ਦੀ ਟੀਚੇ ਦੀ ਪ੍ਰਾਪਤੀ ਲਈ ਹੈ।
- ਸਮੁਦਾਇ ਨੂੰ ਸਕੂਲ ਦੇ ਸਰਵਪੱਖੀ ਵਿਕਾਸ ਲਈ ਨਕਦ/ਸਾਮੱਗਰੀ/ਦਾਨ/ਕਿਰਤ ਦਾਨ ਲਈ ਪ੍ਰੇਰਤ ਕਰਨਾ।

ਨੋਟ

## ਕੇਸ ਅਧਿਐਨ 6 – ਉੱਤਰ ਪ੍ਰਦੇਸ਼ ’ਚ ਵੀ ਈ ਸੀ

ਹਰੇਕ ਗ੍ਰਾਮ ਪੰਚਾਇਤ ਵਿੱਚ ਪਿੰਡ ਦੀ ਸਿੱਖਿਆ ਕਮੇਟੀ ਲਾਜ਼ਮੀ ਹੈ। ਪੰਚਾਇਤ ਵਿੱਚ ਸਾਰੇ ਪ੍ਰਾਇਮਰੀ ਅਤੇ ਜੂਨੀਅਰ ਸਰਕਾਰੀ ਸਕੂਲਾਂ ਲਈ ਪਿੰਡ ਦੀ ਸਿੱਖਿਆ ਕਮੇਟੀ ਲਾਜ਼ਮੀ ਹੁੰਦੀ ਹੈ। ਇਸ ਕਮੇਟੀ ਵਿੱਚ 5 ਮੈਂਬਰ ਹੁੰਦੇ ਹਨ। ਇਸ ਦੀ ਅਗਵਾਈ ਗ੍ਰਾਮ ਪ੍ਰਧਾਨ ਕਰਦਾ ਹੈ। ਹੋਰਨਾ ਮੈਂਬਰਾਂ ਵਿੱਚ ਸਕੂਲਾਂ ਵਿੱਚੋਂ ਸਭ ਤੋਂ ਸੀਨੀਅਰ ਮੁੱਖ ਅਧਿਆਪਕ ਹੁੰਦਾ ਹੈ ਅਤੇ ਇਨ੍ਹਾਂ ਸਕੂਲਾਂ ਦੇ ਬੱਚਿਆਂ ਦੇ ਤਿੰਨ ਮਾਤਾ-ਪਿਤਾ। ਪ੍ਰਧਾਨ ਅਤੇ ਹੈਡ ਟੀਚਰ (ਮੁੱਖ ਅਧਿਆਪਕ) ਸਾਂਝੇ ਤੌਰ ’ਤੇ ਸਕੂਲ ਦਾ ਖਾਤਾ ਚਲਾਉਂਦੇ ਹਨ। ਸਕੂਲ ਦਾ ਖਾਤਾ ਸਾਂਭ-ਸੰਭਾਲ, ਸਕੂਲ ਦੇ ਵਿਕਾਸ, ਅਧਿਆਪਕ ਸਿਖਲਾਈ ਸਾਮੱਗਰੀ, ਸਕੂਲ ਦੀਆਂ ਵਰਦੀਆਂ ਲਈ ਪੈਸਾ, ਜਨਤਕ ਕੰਮਾਂ ਲਈ – ਸਕੂਲ ਦੀ ਇਮਾਰਤ, ਕਮਰੇ, ਪਖਾਨੇ, ਪੀਣ ਵਾਲਾ ਪਾਣੀ ਆਦਿ ਅਤੇ ਠੇਕਾ ਅਧਿਆਪਕਾਂ ਦੀ ਤਨਖਾਹ ਲਈ ਸਾਲਾਨਾ ਗ੍ਰਾਂਟ ਹਾਸਲ ਕਰਦਾ ਹੈ। ਗ੍ਰਾਮ ਪ੍ਰਚਾਇਤ ਦਾ ਖਾਤਾ, ਜਿਸ ਨੂੰ ਵੀ ਈ ਸੀ ਦਾ ਮੁੱਖੀ ਜਾਂਚ ਕਰਦਾ ਹੈ, ਵਜ਼ੀਫਿਆਂ ਲਈ ਫੰਡ ਅਤੇ ਮਿਡ ਡੇ ਮੀਲ ਫੰਡ ਪ੍ਰਾਪਤ ਕਰਦਾ ਹੈ। ਵੀ ਈ ਸੀ ਨੇ ਸਕੂਲ ਖਾਤੇ ਲਈ ਆਉਂਦੇ ਫੰਡਾਂ ਅਤੇ ਗ੍ਰਾਮ ਪੰਚਾਇਤ ਖਾਤੇ ’ਚ ਆਉਂਦੇ ਫੰਡਾਂ (ਜਿਹੜੇ ਸਕੂਲ ਲਈ ਚਿੰਨ੍ਹਤ ਹੁੰਦੇ ਹਨ) ਦਾ ਪ੍ਰਬੰਧਨ ਅਤੇ ਨਿਗਰਾਨ ਕਰਨਾ ਹੁੰਦਾ ਹੈ। ਵੀ ਈ ਸੀ ਨੇ ਇਹ ਵੀ ਨਿਰਧਾਰਤ ਕਰਨਾ ਹੁੰਦਾ ਹੈ ਕਿ ਫੰਡਾਂ ਦੀ ਕਿਵੇਂ ਵਰਤੋਂ ਕਰਨੀ ਹੈ ਅਤੇ ਫੰਡਾਂ ਦੀ ਵਰਤੋਂ ਲਈ ਮਨਜ਼ੂਰੀ ਦੇਣੀ ਹੈ, ਜੇਕਰ ਜਨਤਕ ਕੰਮਾਂ ਲਈ ਲੋੜ ਹੈ, ਤਾਂ ਵਾਧੂ ਫੰਡਾਂ ਲਈ ਬੇਨਤੀ ਕਰਨੀ ਹੈ, ਖਾਤਿਆਂ ਦਾ ਰਿਕਾਰਡ ਰੱਖਣਾ ਅਤੇ ਠੇਕਾ ਅਧਿਆਪਕਾਂ ਦੀ ਚੋਣ ਕਰਨੀ, ਜਿਨ੍ਹਾਂ ਨੂੰ ਸ਼ਿਕਸ਼ਾ ਮਿੱਤਰ ਕਿਹਾ ਜਾਂਦਾ ਹੈ। ਠੇਕਾ ਦਸ ਮਹੀਨਿਆਂ ਲਈ ਹੁੰਦਾ ਹੈ ਅਤੇ ਵੀ ਈ ਸੀ ਨੇ ਨਿਰਣਾ ਕਰਨਾ ਹੁੰਦਾ ਹੈ ਕਿ ਅਗਲੇ ਸਾਲ ਲਈ ਠੇਕਾ ਨਵਿਆਉਣਾ ਹੈ ਜਾਂ ਨਹੀਂ। ਦੋ-ਤਿਹਾਈ ਬਹੁਮਤ ਨਾਲ ਵੀ ਈ ਸੀ ਠੇਕੇ ਦੌਰਾਨ ਕਿਸੇ ਵੀ ਸਮੇਂ ਠੇਕਾ ਅਧਿਆਪਕ ਨੂੰ ਹਟਾ ਸਕਦੀ ਹੈ।



ਉਪਰੋਕਤ ਚਿੱਤਰ ਵਿੱਚ ਕੀ ਵਾਪਰ ਰਿਹਾ ਹੈ? ਕੀ ਤੁਸੀਂ ਦਸ ਸਕਦੇ ਹੋ ਕਿ ਕਿਸ ਕਿਸਮ ਦੀ ਮੀਟਿੰਗ ਹੋ ਰਹੀ ਹੈ?

ਨੋਟ

## ਚਿੱਤਰ 1 : ਪਿੰਡ ਦੀਆਂ ਸਿੱਖਿਆ ਕਮੇਟੀਆਂ ਦੀ ਰਚਨਾ ਅਤੇ ਭੂਮਿਕਾ





ਨੋਟ

### ਕੇਸ ਅਧਿਐਨ 7 – ਪਿੰਡ ਦੀ ਸਿੱਖਿਆ ਕਮੇਟੀ ਦੀਆਂ ਕਿਰਿਆਵਾਂ ’ਤੇ ਪ੍ਰਤਿਬਿੰਬ

ਹਰਿਆਣਾ ਦੇ ਜ਼ਿਲ੍ਹਾ ਜੀਂਦ ਦੇ ਨਰਵਾਣਾ ਵਿਖੇ ਨਵੀਂ ਬਣੀ ਸਕੂਲ ਪ੍ਰਬੰਧਕ ਕਮੇਟੀ (ਐਸ ਐਸ ਸੀ) ਦੀ ਕਾਰਜਸ਼ੈਲੀ ਨੇ ਇਨ੍ਹਾਂ ਰਸਮੀ ਸੰਰਚਨਾਵਾਂ ਦੀ ਕਾਰਜਸ਼ੈਲੀ ਉੱਪਰ ਸਵਾਲ ਖੜ੍ਹੇ ਕੀਤੇ ਹਨ। ਸਕੂਲ ਦੇ ਅਧਿਕਾਰੀਆਂ ਨੇ ਸਿੱਖਿਆ ਵਿਭਾਗ ਵੱਲੋਂ ਭੇਜੀਆਂ ਸੇਧਾਂ ਅਨੁਸਾਰ ਐਸ ਐਸ ਸੀ ਦੀ ਰਚਨਾ ਨੂੰ ਪੁਸ਼ਟ ਕਰ ਦਿੱਤਾ। ਮੀਟਿੰਗਾਂ ਦੇ ਰਿਕਾਰਡ ਜਿਹੜੇ ਕਿ ਐਸ ਐਸ ਸੀ ਦੀ ਰਚਨਾ ਵਾਸਤੇ ਸੰਚਾਲਤ ਕੀਤੇ ਗਏ ਸਨ, ਸਕੂਲ ਦੇ ਅਧਿਕਾਰੀਆਂ ਦੇ ਨਾਲ ਚੈੱਕ ਕੀਤੇ ਗਏ। ਪ੍ਰੰਤੂ ਉਨ੍ਹਾਂ ਮੈਂਬਰਾਂ ਨੇ, ਜਿਨ੍ਹਾਂ ਦੇ ਹਸਤਾਖਰ ਜਾਂ ਅੰਗੂਠਿਆਂ ਦੇ ਨਿਸ਼ਾਨ (ਜਿਹੜੇ ਅਨਪੜ੍ਹ ਸਨ) ਸਕੂਲ ਦੇ ਰਿਕਾਰਡ ਵਿੱਚ ਮੌਜੂਦ ਸਨ, ਅਜਿਹੀ ਕਿਸੇ ਮੀਟਿੰਗ ਵਿੱਚ ਮੌਜੂਦ ਹੋਣ ਤੋਂ ਸਾਫ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਸਕੂਲ ਦਾ ਅਧਿਆਪਕ ਅਜਿਹੇ ਹਸਤਾਖਰਾਂ ਵਾਸਤੇ ਘਰ-ਘਰ ਘੁੰਮ ਰਿਹਾ ਸੀ। ਗੱਲਬਾਤ ਕੀਤੇ ਗਏ ਇਨ੍ਹਾਂ ਮਾਪਿਆਂ ਵਿੱਚੋਂ ਕੋਈ ਵੀ ਐਸ ਐਸ ਸੀ ਦੀ ਰਚਨਾ ਮਗਰ ਕਿਸੇ ਵੀ ਮੰਤਵ ਤੋਂ ਗਿਆਤ ਨਹੀਂ ਸੀ। ਬਹਿਰੀ ਖੇਤਰ ਵਿੱਚ ਵੀ ਲਿੰਗ ਵਿਮਾਵਾਂ ਬੇਹਦ ਪ੍ਰਤੱਖ ਸਨ। ਸਥਾਨਕ ਅਥਾਰਟੀ ਨੁਮਾਇੰਦਾ (ਮਿਉਂਸਪਲ ਕਮੇਟੀ ਮੈਂਬਰ) ਮਹਿਲਾ ਸੀ ਅਤੇ ਉਸ ਦੇ ਸਾਰੇ ਕਾਰਜ ਉਸ ਦਾ ਪਤੀ ਕਰਦਾ ਸੀ। ਉਹ ਐਸ ਐਸ ਸੀ ਦੀ ਰਚਨਾ ਬਾਰੇ ਕੁਝ ਵੀ ਦੱਸਣ ਦੇ ਯੋਗ ਨਹੀਂ ਸੀ (ਇਸ ਤੱਥ ਦੇ ਬਾਵਜੂਦ ਕਿ ਉਸ ਦੇ ਹਸਤਾਖਰ ਜ਼ਰੂਰ ਸਨ)। ਉਸ ਨੇ ਸਾਧਾਰਣ ਜਿਹਾ ਜਵਾਬ ਦਿੱਤਾ ਕਿ "ਮੇਰੇ ਪਤੀ ਤੋਂ ਪੁੱਛ ਲਵੋ, ਦੱਸ ਦੇਣਗੇ। ਮੈਂ ਤਾਂ ਬਸ ਦਸਤਖਤ ਕਰ ਸਕਦੀ ਹਾਂ।" ਇਸ ਤਰ੍ਹਾਂ ਕਮੇਟੀਆਂ ਤੋਂ ਕੀ ਆਸ ਕੀਤੀ ਜਾ ਸਕਦੀ ਹੈ?

**ਬਿਰਤਾਂਤ : ਕਮਲੇਸ਼ ਨਰਵਾਣਾ, ਪੀ ਐਚ ਡੀ ਵਿਦਿਆਰਥੀ, ਸੈਂਟਰ ਫਾਰ ਹਿਸਟੌਰੀਕਲ ਸਟੱਡੀਜ਼, ਜੇ.ਐਨ.ਯੂ।**

### ਤੁਹਾਡੀ ਪ੍ਰਗਤੀ ਦੀ ਪਰਖ – 6

**ਨੋਟ :** ਤੁਹਾਡੇ ਉੱਤਰ ਲਈ ਸਥਾਨ ਦਿੱਤਾ ਗਿਆ ਹੈ।

1. ਆਰ ਟੀ ਈ ਨੂੰ ਅਮਲ ਵਿੱਚ ਲਿਆਉਣ ਲਈ ਪਿੰਡ ਦੀਆਂ ਸਿੱਖਿਆ ਕਮੇਟੀਆਂ ਦੀਆਂ ਕਿਰਿਆਵਾਂ ਦਾ ਵਰਨਣ ਕਰੋ?

------------------------------------------------------------------------
------------------------------------------------------------------------
------------------------------------------------------------------------
-----------------------------------

2. ਖੋਜ ਕਰੋ ਕਿ ਕੀ ਵੀ ਈ ਸੀ/ਵਾਰਡ ਸਿੱਖਿਆ ਕਮੇਟੀ ਤੁਹਾਡੇ ਪਿੰਡ/ਵਾਰਡ ਵਿੱਚ ਬਣੀ ਹੈ ਜਾਂ ਨਹੀਂ?

---------------------------------------------------------------------
---------------------------------------------------------------------
---------------------------------------------------------------------
---------------------------------------

ਗਤੀਵਿਧੀ – 1

1. ਪਿੰਡ ਦੀ ਸਿੱਖਿਆ ਕਮੇਟੀ 'ਚ ਦੌਰਾ ਕਰੋ ਅਤੇ ਪ੍ਰੇਖਣ ਕਰੋ?

2. ਤੁਹਾਡੇ ਇਲਾਕੇ ਵਿੱਚ ਕਿੰਨੀ ਤੇਜ਼ੀ ਨਾਲ ਇਹ ਮੀਟਿੰਗਾਂ ਹੋ ਰਹੀਆਂ ਹਨ?

3. ਰਜਿਸਟਰ 'ਤੇ ਵੇਖੋ ਅਤੇ ਪ੍ਰੇਖਣ ਕਰੋ ਕਿ ਕੀ ਮੀਟਿੰਗ ਵਿੱਚ ਲਏ ਗਏ ਨਿਰਣੇ ਅਮਲ ਵਿੱਚ ਲਿਆਂਦੇ ਗਏ ਹਨ ਜਾਂ ਨਹੀਂ?

## 4.6 ਸਕੂਲ ਪ੍ਰਬੰਧਨ ਕਮੇਟੀਆਂ (ਐਸ ਐਸ ਸੀ)/ਮਾਪੇ–ਅਧਿਆਪਕ ਐਸੋਸਿਏਸ਼ਨਾਂ

ਕਰਨਾਟਕ, ਮੱਧ ਪ੍ਰਦੇਸ਼ ਜਿਹੇ ਕਈ ਸੂਬਿਆਂ ਨੇ ਹਰੇਕ ਸਰਕਾਰੀ ਸਕੂਲ ਵਿੱਚ ਸਮੁਦਾਇ ਦੀ ਮਾਲਕੀ ਅਤੇ ਸਿੱਖਿਆ ਵਿੱਚ ਭਾਗੀਦਾਰੀ ਨੂੰ ਯਕੀਨੀ ਬਣਾਉਣ ਵਾਸਤੇ ਸਕੂਲ ਪ੍ਰਬੰਧਨ ਕਮੇਟੀਆਂ, ਜਿਨ੍ਹਾਂ ਨੂੰ ਸਕੂਲ ਵਿਕਾਸ ਅਤੇ ਨਿਗਰਾਨ ਕਮੇਟੀ (ਐਸ ਡੀ ਐਸ ਸੀ)/ਮਾਪੇ–ਅਧਿਆਪਕ ਐਸੋਸਿਏਸ਼ਨ ਸੰਰਚਨਾ ਦੀ ਪ੍ਰਣਾਲੀ ਦੀ ਸ਼ੁਰੂਆਤ ਕੀਤੀ ਹੈ।

### ਐਸ ਐਸ ਸੀਜ਼ ਦੀ ਰਚਨਾ

ਆਰ ਟੀ ਈ ਤਰਕ ਦਿੰਦਾ ਹੈ ਕਿ ਮਾਪੇ/ਸਰਪ੍ਰਸਤਾਂ ਤੋਂ ਐਸ ਐਸ ਸੀ ਦੇ ਤਿੰਨ–ਚੌਥਾਈ (75%) ਮੈਂਬਰ ਹੋਣ ਅਤੇ ਉਨ੍ਹਾਂ ਵਿੱਚ 50% ਮਹਿਲਾਵਾਂ ਹੋਣਗੀਆਂ। ਕਮਜ਼ੋਰ ਵਰਗਾਂ ਨੂੰ ਪਿੰਡ/ਵਾਰਡ ਵਿੱਚ ਆਬਾਦੀ ਦੇ ਅਨੁਪਾਤ ਅਨੁਸਾਰ ਨੁਮਾਇੰਦਗੀ ਦਿੱਤੀ ਜਾਵੇਗੀ।

ਬਾਕੀ ਦਾ ਇੱਕ ਚੌਥਾਈ (25%, 1/3 ਸਥਾਨਕ ਅਥਾਰਟੀ, 1/3 ਸਕੂਲ ਅਧਿਆਪਕ, 1/3 ਅਕਾਦਮੀਸ਼ੀਅਨ/ਵਿਦਿਆਰਥੀ ਦੇ ਤੌਰ 'ਤੇ ਨੁਮਾਇੰਦਗੀ ਦਿੱਤੀ ਜਾਵੇਗੀ।

ਆਰ ਟੀ ਈ ਵਿੱਚ ਵਰਨਣ ਕੀਤੇ ਮੁਤਾਬਕ ਐਸ ਐਸ ਸੀਜ਼ ਦੀਆਂ ਅਹਿਮ ਸ਼ਕਤੀਆਂ ਅਤੇ ਕਰਤਵ ਨਿਮਨ ਹਨ :

### 4.6.1 ਐਸ ਐਸ ਸੀ/ਪੀ ਟੀ ਏ ਦੇ ਮੁੱਖ ਕਾਰਜ



ਨੋਟ

- ਆਰ ਟੀ ਈ ਦੀਆਂ ਸੇਧਾਂ/ਨੇਮਾਂ ਅਨੁਸਾਰ ਸਕੂਲ ਵਿਕਾਸ ਯੋਜਨਾ (ਐੱਸ ਡੀ ਪੀ) ਤਿਆਰ ਕਰਨਾ।
- ਐੱਡ ਡੀ ਪੀ ਦੇ ਅਮਲ ਦੀ ਨਿਗਰਾਨੀ ਅਤੇ ਮਦਦ ਕਰਨੀ।
- ਵਿੱਤ ਪ੍ਰਬੰਧਨ, ਅਕਾਦਮਿਕ ਪ੍ਰਗਤੀ ਦੀ ਨਿਗਰਾਨੀ ਤੇ ਨਿਰੀਖਣ।
- ਨਿਯਮਤ ਹਾਜ਼ਰੀ ਅਤੇ ਅਧਿਆਪਕਾਂ ਦੀ ਅਨੁਸ਼ਾਸਨਾਪ੍ਰਸਤੀ ਯਕੀਨੀ ਬਣਾਉਣਾ।
- ਪ੍ਰਾਇਮਰੀ, ਅਪਰ ਪ੍ਰਾਇਮਰੀ ਮੁੱਖ ਅਧਿਆਪਕਾਂ ਨੂੰ ਰਸਟਰਿਕਟਡ ਅਤੇ ਕੈਜ਼ੂਅਲ ਛੁੱਟੀਆਂ ਦੇਣੀਆਂ।
- ਬੇਕਾਰ ਉਪਕਰਣਾਂ ਅਤੇ ਫਰਨੀਚਰਾਂ ਦੀ ਨਿਲਾਮੀ ਅਤੇ ਪੈਸਾ ਸਕੂਲ ਦੇ ਵਿਦਿਅਕ ਫੰਡ ਵਿੱਚ ਦੇਣਾ।
- ਸਕੂਲ ਦੀਆਂ ਜ਼ਮੀਨਾਂ ਵਿੱਚ ਪੈਦਾ ਅਨਾਜ ਦੀ ਨਿਲਾਮੀ ਅਤੇ ਪੈਸਾ ਸਕੂਲ ਦੇ ਵਿਦਿਅਕ ਫੰਡ ਨੂੰ ਦੇਣਾ।
- ਦਾਖਲੇ ਨੂੰ ਗਤੀਸ਼ੀਲ ਕਰਨ ਲਈ ਪ੍ਰੋਗ੍ਰਾਮਾਂ ਦਾ ਪ੍ਰਬੰਧ ਅਤੇ ਬੱਚਿਆਂ ਨੂੰ ਸਕੂਲਾਂ 'ਚ ਵਾਪਸ ਲਿਆਉਣ ਵਾਸਤੇ ਬ੍ਰਿਜ ਕੋਰਸ।
- ਉਸਾਰੀ ਦੇ ਕੰਮਾਂ ਦੀ ਨਿਗਰਾਨੀ।
- ਇਹ ਯਕੀਨੀ ਬਣਾਉਣਾ ਕਿ ਮਾਪੇ ਬੱਚਿਆਂ ਦਾ ਦਾਖਲਾ ਕਰਵਾ ਰਹੇ ਹਨ ਅਤੇ ਬੱਚਿਆਂ ਨੂੰ ਨਿਯਮਤ ਸਕੂਲ ਭੇਜ ਰਹੇ ਹਨ।
- ਭਿੰਨ ਵਿਸ਼ਿਆਂ ਵਿੱਚ ਪ੍ਰਾਪਤੀ ਵਿੱਚ ਬੱਚਿਆਂ ਦੇ ਵਾਧੇ ਦਾ ਨਿਰੀਖਣ।
- ਸਾਰੇ ਵਿਕਾਸ – ਅਕਾਦਮਿਕ, ਪ੍ਰਸ਼ਾਸਨਿਕ ਅਤੇ ਸਕੂਲ ਦੀਆਂ ਵਿੱਤੀ ਗਤੀਵਿਧੀਆ ਦੀ ਪੜਚੋਲ ਅਤੇ ਨਿਗਰਾਨੀ।
- ਇਹ ਯਕੀਨੀ ਬਣਾਉਣਾ ਕਿ ਸਰਕਾਰ ਵੱਲੋਂ ਆਏ ਸਾਰੇ ਲਾਹੇ ਵਿਦਿਆਰਥੀਆਂ ਤੱਕ ਪਹੁੰਚਦੇ ਹਨ ਕਿ ਨਹੀਂ।
- ਉਪਲੱਬਧ ਫੰਡ ਦਾ ਸਹੀ ਲੇਖਾ ਰੱਖਣਾ ਅਤੇ ਸਾਧਾਰਣ ਲੋਕਾਂ ਨਾਲ ਇਸ ਦਾ ਵਿਕਾਸ ਅਤੇ ਵਰਤੋਂ ਵੰਡਣਾ।
- ਵਿਦਿਅਕ ਡਾਟਾਬੇਸ ਨੂੰ ਤਿਆਰ ਅਤੇ ਬਰਕਰਾਰ ਰੱਖਣਾ।

ਨੋਟ

**ਕੇਸ ਅਧਿਐਨ 8 – ਐੱਸ ਐੱਸ ਸੀਜ਼ ਦੀਆਂ ਸਫਲ ਮੁਹਿੰਮਾਂ ਨੌਪਾੜਾ, ਉਡੀਸ਼ਾ**

ਬੋਦਨ ਬਲਾਕ ਦੇ ਕਮਲਾਮਲ ਸਕੂਲ ਵਿੱਚ ਬੱਚੇ ਅਤੇ ਅਧਿਆਪਕ ਛੋਟੇ-ਮੋਟੇ ਹਾਦਸਿਆਂ ਦੇ ਆਦੀ ਸਨ। ਕਿਉਂਕਿ ਇੱਕ 1100 ਕੇ ਵੀ ਦੀ ਤਾਰ ਸੀ ਜਿਹੜੀ ਕਿ ਸਕੂਲ ਦੀ ਚਾਰ ਦੀਵਾਰੀ ਦੇ ਅੰਦਰ ਸਥਿਤੀ ਟਰਾਂਸਫਾਰਮਰ ਨਾਲ ਜੁੜੀ ਹੋਈ ਸੀ। ਸਕੂਲ ਵਿਕਾਸ ਯੋਜਨਾ ਉੱਪਰ ਟਰੇਨਿੰਗ ਨੇ ਐੱਸ ਐੱਸ ਸੀ ਮੈਂਬਰਾਂ ਨੂੰ ਆਪਣੀ ਮੰਗ ਤਿਆਰ ਕਰਨ ਅਤੇ ਕੁਲੈਕਟਰ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਕੋਲ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਵਿੱਚ ਮਦਦ ਕੀਤੀ। ਐੱਸ ਐੱਸ ਸੀ ਨੇ ਮੰਗ ਉੱਪਰ ਨਿਯਮਤ ਪਿੱਛਾ ਕੀਤਾ ਅਤੇ ਉਨ੍ਹਾਂ ਨੂੰ ਯਕੀਨ ਦਿਵਾਇਆ ਗਿਆ ਕਿ ਇੱਕ ਮਹੀਨੇ ਦੇ ਅੰਦਰ ਕਾਰਵਾਈ ਕੀਤੀ ਜਾਵੇਗੀ। ਜ਼ਿਲ੍ਹਾ ਅਫਸਰ ਨੇ ਮਾਮਲੇ ਨੂੰ ਵੇਖਣ ਵਾਸਤੇ ਇੱਕ ਇੰਜੀਨੀਅਰ ਨੂੰ ਨਿਯੁਕਤ ਕੀਤਾ ਅਤੇ ਟਰਾਂਸਫਾਰਮਰ ਨੂੰ ਹਟਾਉਣ ਵਾਸਤੇ 100,000 ਰੁਪਏ ਪਾਸ ਕੀਤੇ ਗਏ।

**ਦਯਾਰਾਮ**

## ਤੁਹਾਡੀ ਪ੍ਰਗਤੀ ਦੀ ਪਰਖ – 7

**ਨੋਟ :** ਤੁਹਾਡੇ ਉੱਤਰ ਲਈ ਸਥਾਨ ਦਿੱਤਾ ਗਿਆ ਹੈ

1. ਐੱਸ ਐੱਸ ਸੀਜ਼ ਦੀਆਂ ਕਿਰਿਆਵਾਂ ਦਾ ਵੇਰਵਾ ਦਿਓ?

------------------------------------------------------------
------------------------------------------------------------
------------------------------------------------------------
-----------------------------------

2. ਜਾਣਕਾਰੀ ਹਾਸਲ ਕਰੋ ਕਿ ਤੁਹਾਡੇ ਗੁਆਂਢਚਾਰੀ ਵਿਚਲੇ ਸਕੂਲਾਂ ਵਿੱਚ ਦੀ ਮਾਪੇ-ਅਧਿਆਪਕ ਐਸੋਸਿਏਸ਼ਨਾਂ ਬਣੀਆਂ ਹਨ?

------------------------------------------------------------
------------------------------------------------------------
------------------------------------------------------------
-----------------------------------

3. ਕੀ ਇਹ ਐੱਸ ਐੱਸ ਸੀਜ਼/ਪੀ ਟੀ ਏਜ਼ ਮੀਟਿੰਗਾਂ ਦਾ ਆਯੋਜਨ ਕਰਦੀਆਂ ਹਨ? ਜੇਕਰ ਹਾਂ ਤਾਂ ਸਾਲ ਵਿੱਚ ਕਿੰਨੀ ਵਾਰ? ਸਕੂਲ ਦਾ ਰਜਿਸਟਰ ਵੇਖੋ ਅਤੇ ਦਰਜ ਕਰੋ ਕਿ ਪਿਛਲੇ ਤਿੰਨ ਮਹੀਨਿਆਂ ਵਿੱਚ ਕਿੰਨੀਆਂ ਮੀਟਿੰਗਾਂ ਕੀਤੀਆਂ ਗਈਆਂ।

---------------------------------------------------------------
---------------------------------------------------------------
---------------------------------------------------------------
------------------------------------

## 4.7 ਪੂਰੇ ਸੂਬਿਆਂ 'ਚ ਸਮੁਦਾਇ ਦੀ ਭਾਈਵਾਲੀ ਵੱਲ ਕਦਮ

ਸਾਰੇ ਸੂਬਿਆਂ 'ਚ ਯੂ ਈ ਈ ਦੀ ਪ੍ਰਾਪਤੀ ਲਈ ਸਮੁਦਾਇ ਦੁਆਰਾ ਚੁੱਕੇ ਕਦਮਾਂ ਦੀਆਂ ਮਿਸਾਲਾਂ ਤੁਹਾਡੀ ਜਾਣਕਾਰੀ 'ਚ ਸੁਧਾਰ ਕਰਨ ਲਈ ਕਿ ਕਿਸ ਕਿਸਮ ਦੀਆਂ ਗਤੀਵਿਧੀਆਂ 'ਚ ਸਮੁਦਾਇ ਸ਼ਾਮਲ ਹੈ, ਹੇਠਾਂ ਪੇਸ਼ ਕੀਤੀਆਂ ਗਈਆਂ ਹਨ।

### ਆਂਧਰਾ ਪ੍ਰਦੇਸ਼

- ਲੜਕੀਆਂ ਲਈ ਬਾਲ ਮਿੱਤਰ ਕੇਂਦਰ ਸ਼ੁਰੂ ਕੀਤੇ ਗਏ ਹਨ ਤਾਂ ਜੋ ਲੜਕੀਆਂ ਦੀਆਂ ਲੋੜਾਂ ਦੀ ਪੂਰਤੀ ਕੀਤੀ ਜਾ ਸਕੇ। ਮਾਤਾ-ਪਿਤਾ ਅਧਿਆਪਕਾਂ ਦੀ ਚੋਣ, ਸੈਂਟਰਾਂ ਦੀ ਨਿਗਰਾਨੀ ਅਤੇ ਅਧਿਆਪਕਾਂ ਦੀਆਂ ਤਨਖਾਹਾਂ ਵਿੱਚ ਯੋਗਦਾਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

### ਅਸਮ

- ਲੋੜ ਮੁਤਾਬਕ ਬਦਲਵੇਂ ਅਧਿਆਪਕ।
- ਅਪਾਹਜ ਬੱਚਿਆਂ ਦੇ ਮਾਪਿਆਂ ਨੂੰ ਉਨ੍ਹਾਂ ਦੇ ਸਕੂਲਾਂ ਵਿੱਚ ਦਾਖਲੇ ਲਈ ਪ੍ਰੇਰਤ ਕਰਨਾ।
- ਸਕੂਲ ਦੇ ਵਿਕਾਸ ਲਈ ਫੰਡਾਂ ਦੀ ਗਤੀਸ਼ੀਲਤਾ।

### ਬਿਹਾਰ

- ਨਿਯਮਤ ਹਾਜ਼ਰੀ ਲਈ ਵਿਦਿਆਰਥੀਆਂ ਨੂੰ ਲਾਭ ਭੱਤੇ ਦੇਣੇ ਅਤੇ ਨਿਗਰਾਨੀ ਕਰਨੀ। ਜਿਹੜੇ ਭੱਤੇ ਨਿਯਮਤ ਹਾਜ਼ਰੀ ਲਈ ਦਿੱਤੇ ਜਾਂਦੇ ਹਨ।
- ਲਾਗਤ ਪ੍ਰਭਾਵੀ ਤਕਨਾਲੋਜੀ ਉੱਪਰ ਆਧਾਰਤ ਉਸਾਰੀ ਕਾਰਜ।

### ਦਾਦਰ ਅਤੇ ਨਗਰ ਹਵੇਲੀ

- ਪੀਣ ਵਾਲੇ ਪਾਣੀ ਦੀ ਸਹੂਲਤ ਦੀ ਤਜਵੀਜ਼
- ਸ਼ਾਲਾ ਪ੍ਰਵੇਸ਼ ਉਤਸਵ (ਦਾਖਲਾ ਮੁਹਿੰਮਾਂ)

### ਗੁਜਰਾਤ

- ਸਖੀ, ਸਹਿਯੋਗਿਨੀ ਅਤੇ ਆਂਗਣ ਵਾੜੀਆਂ ਦੁਆਰਾ ਸ਼ੁਰੂਆਤੀ ਬੱਚਾ ਸੰਭਾਲ ਕੇਂਦਰਾਂ ਦਾ ਸੰਚਾਲਣ। ਇਹ ਸਮੁਦਾਇ ਕੇਂਦਰਾਂ ਦੀ ਨਿਗਰਾਨੀ ਕਰਦੇ ਹਨ ਅਤੇ ਨਕਦੀ ਤੇ ਦਾਨ ਵਿੱਚ ਸਥਾਨਕ ਸੋਮਿਆਂ ਨੂੰ ਗਤੀਸ਼ੀਲ ਕਰਦੇ ਹਨ।
- ਵਿਦਿਅਕ ਸਾਮੱਗਰੀ ਜਿਵੇਂ ਕਿ ਆਸਨ ਪੱਟਾ (ਬੈਠਣ ਵਾਸਤੇ ਚਟਾਈ), ਕਿਤਾਬਾਂ, ਕਾਪੀਆਂ, ਪੈਨ-ਪੈਂਸਿਲਾਂ ਅਤੇ ਬਦਲਵੀਂ ਸਕੂਲੀ ਪ੍ਰਣਾਲੀ ਵਿੱਚ ਬੱਚਿਆਂ ਨੂੰ ਸਨੈਕ।

### ਹਰਿਆਣਾ



ਨੋਟ

- ਸਮੁਦਾਇ ਦੁਆਰਾ ਬੱਚਿਆਂ ਦੀ ਹਾਜ਼ਰੀ ਅਤੇ ਅਧਿਆਪਕਾਂ ਦੀ ਨਿਯਮਤਤਾ ਨਿਗਰਾਨ/ਪ੍ਰੀਖਣ ਕੀਤਾ ਜਾਂਦਾ ਹੈ।
- ਲੋੜਵੰਦਾਂ ਕੋਲ ਲਾਭ ਪਹੁੰਚਣ ਦੀ ਵੀ ਨਿਗਰਾਨੀ ਸਮੁਦਾਇ ਦੁਆਰਾ ਕੀਤੀ ਜਾਂਦੀ ਹੈ।

### ਹਿਮਾਚਲ ਪ੍ਰਦੇਸ਼

- ਮਿਡ ਡੇ ਮੀਲ ਦਾ ਮਿਆਰ ਅਤੇ ਨਿਯਮਤ ਪਰੋਸਣਾ ਵੀ ਸਮੁਦਾਇ ਵੱਲੋਂ ਪ੍ਰੀਖਣ/ਨਿਰੀਖਣ ਕੀਤਾ ਜਾਂਦਾ ਹੈ।

### ਝਾਰਖੰਡ

- ਪਿੰਡ ਦੀ ਸਿੱਖਿਆ ਕਮੇਟੀ ਸਕੂਲ ਪ੍ਰਬੰਧਨ, ਅਧਿਆਪਕਾਂ ਦੀ ਹਾਜ਼ਰੀ, ਵਿਦਿਆਰਥੀ ਦੀ ਹਾਜ਼ਰੀ, ਉਸਾਰੀ ਦੇ ਕਾਰਜ, ਕੰਨਿਆਵਾਂ ਦਾ ਦਾਖਲਾ, ਸਕੂਲ ਤੋਂ ਬਾਹਰ ਦੇ ਬੱਚਿਆਂ ਦਾ ਅਨੁਮਾਨ, ਅਧਿਆਪਕਾਂ ਦੀ ਨਿਯੁਕਤੀ ਆਦਿ ਦੀ ਦੇਖਭਾਲ ਕਰਦੀ ਹੈ।
- ਮਾਪੇ ਅਧਿਆਪਕ ਐਸੋਸਿਏਸ਼ਨ ਬੱਚਿਆਂ ਦੇ ਨਾਲ-ਨਾਲ ਅਧਿਆਪਕਾਂ ਦੀਆਂ ਸਮੱਸਿਆਵਾਂ ਅਤੇ ਪ੍ਰਗਤੀ ਦਾ ਨਿਰੀਖਣ ਕਰਨ ਲਈ ਨਿਯਮਤ ਆਧਾਰ 'ਤੇ ਮੀਟਿੰਗ ਕਰਦੀ ਹੈ।
- ਤਿਮਾਹੀ ਆਮ ਸਭਾ ਦਾ ਆਯੋਜਨ ਕਰਕੇ ਸਮਾਜਕ ਆਡਿਟ
- ਸਕੂਲ ਦੇ ਸਹਿਜ ਚੱਲਣ ਵਾਸਤੇ ਨਿਯਮਤ ਅਧਿਆਪਕਾਂ ਦੀ ਗੈਰ ਹਾਜ਼ਰੀ ਵਿੱਚ ਸਥਾਨਕ ਅਧਿਆਪਕਾਂ ਦੁਆਰਾ ਬਦਲ।
- ਵਿਦਿਆਰਥੀਆਂ ਵਿਚਾਲੇ ਗੱਲਬਾਤ (ਪਰਸਪਰ ਕਿਰਿਆ) ਨੂੰ ਉੱਨਤ ਕਰਨ ਲਈ ਬੱਚਿਆਂ ਦੀ ਕੈਬਨਿਟ ਦੀ ਰਚਨਾ।
- ਸਕੂਲਾਂ ਵਿੱਚ ਦਾਖਲਿਆਂ ਲਈ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸ਼ਨਾਖਤ ਕਰਨੀ।

### ਕਰਨਾਟਕ

- ਸ਼ੁਰੂਆਤੀ ਸਥਾਪਨਾ ਅਤੇ ਵਾਲੰਟੀਅਰਾਂ ਨੂੰ ਟਰੇਨਿੰਗ ਤੋਂ ਇਲਾਵਾ ਮਹਿਲਾ ਸਮਾਖਿਆ ਤੋਂ ਬਗੈਰ ਕਿਸੇ ਵਿੱਤੀ ਮਦਦ ਦੇ ਸੰਘ ਬਾਲਬਾੜੀ ਚਲਾ ਰਹੇ ਹਨ। ਇਹ ਸੰਘ, ਜਿਹੜੇ ਕਿ ਸਿਰਫ ਮਹਿਲਾਵਾਂ ਦੀ ਸ਼ਮੂਲੀਅਤ ਹੀ ਕਰਦੇ ਹਨ, ਪ੍ਰਾਇਮਰੀ ਸਕੂਲਾਂ ਵਿੱਚ ਬੱਚਿਆਂ ਦੇ ਦਾਖਲੇ ਵਿੱਚ ਸਰਗਰਮ ਭੂਮਿਕਾ ਨਿਭਾਉਂਦੇ ਹਨ।

### ਮੱਧ ਪ੍ਰਦੇਸ਼

- ਜਨ ਸ਼ਿਕਸ਼ਾ ਅਧਿਨਿਯਮ ਐਕਟ 2002, ਸਿੱਖਿਆ ਵਿੱਚ ਮਿਆਰ ਅਤੇ ਬਰਾਬਰੀ/ਨਿਰਪਖਤਾ ਨੂੰ ਯਕੀਨੀ ਬਣਾਉਣ ਲਈ ਸਮੁਦਾਇ ਨੂੰ ਕੇਂਦਰ ਵਿੱਚ ਲਿਆਉਂਦਾ ਹੈ।
- ਪਿੰਡ ਦੇ ਵਿਦਿਅਕ ਰਜਿਸਟਰ ਨੂੰ ਅੱਪਡੇਟ ਕਰਨਾ।
  ਗੈਰ-ਰਿਹਾਇਸ਼ੀ ਬਰਿੱਜ (ਰਾਬਤਾ) ਕੋਰਸਾਂ, ਸ਼ਹਿਰੀ ਬਸਤੀਆਂ ਵਿੱਚ ਮਨੁੱਖੀ ਵਿਕਾਸ ਕੇਂਦਰ ਅਤੇ ਸ਼ਿਸ਼ੂ ਸ਼ਿਕਸ਼ਾ ਕੇਂਦਰਾਂ ਲਈ ਵਾਲੰਟੀਅਰਾਂ ਦੀ ਨਿਯੁਕਤੀ।

### ਮਣੀਪੁਰ

- ਈ ਜੀ ਐਸ/ਏ ਆਈ ਈ ਕੇਂਦਰਾਂ ਵਿੱਚ ਸਿੱਖਿਆ ਵਾਲੰਟੀਅਰਾਂ ਦੀ ਨਿਯੁਕਤੀ

### ਮਿਜ਼ੋਰਮ

- ਰਿਹਾਇਸ਼ੀ ਯੋਜਨਾਵਾਂ ਦੀ ਤਿਆਰੀ



ਨੋਟ

- ਪਿੰਡ ਦੇ ਵਿਦਿਅਕ ਰਜਿਸਟਰਾਂ ਦੀ ਬਰਕਰਾਰੀ

**ਨਾਗਾਲੈਂਡ**

- 'ਕੋਈ ਕੰਮ ਨਹੀਂ, ਕੋਈ ਤਨਖਾਹ ਨਹੀਂ" ਦੇ ਸਿਧਾਂਤ ਅਨੁਸਾਰ-ਅਧਿਆਪਕਾਂ ਨੂੰ ਤਨਖਾਹਾਂ ਦੀ ਵੰਡ।

**ਉੜੀਸਾ**

- ਸਕੂਲਾਂ ਵਿੱਚ ਨਿਯਮਤ ਹਾਜ਼ਰੀ ਲਈ ਮਾਪਿਆਂ ਦੀ ਲਾਮਬੰਦੀ
- ਕੰਨਿਆਵਾਂ ਦੇ ਦਾਖਲੇ ਲਈ ਪਹਿਲ
- ਸਕੂਲ ਤੋਂ ਬਾਹਰਲੇ ਬੱਚਿਆਂ ਦੀ ਸ਼ਨਾਖਤ ਅਤੇ ਦਾਖਲਾ
- ਸਕੂਲਾਂ ਵਿੱਚ ਕਮੀ ਦੀ ਹਾਲਤ ਵਿੱਚ ਅਧਿਆਪਕਾਂ ਦੀ ਆਰਜ਼ੀ ਨਿਯੁਕਤੀ

## ਰਾਜਸਥਾਨ

- ਬੱਚਿਆਂ ਦੀ ਹਾਜ਼ਰੀ ਦੀ ਨਿਯਮਤ ਨਿਗਰਾਨੀ ਸਮੁਦਾਇ ਦੁਆਰਾ ਕੀਤੀ ਜਾਂਦੀ ਹੈ। ਨਿਗਰਾਨੀ/ਨਿਰੀਖਣ ਹਰੇਕ ਗ੍ਰਾਮ ਪੰਚਾਇਤ ਵਿੱਚ ਅਧਿਆਪਕਾਂ ਦੁਆਰਾ ਤਿਆਰ ਬੱਚਿਆਂ ਦੀ ਨਿਸ਼ਾਨਦੇਹੀ ਰਜਿਸਟਰ ਲਈ ਕੀਤੀ ਜਾਂਦੀ ਹੈ।
- ਜੈਪੁਰ ਜ਼ਿਲ੍ਹੇ ਦੇ ਭੁਤੇਦਾ ਗ੍ਰਾਮ ਪੰਚਾਇਤ ਵਿੱਚ ਸਕੂਲ ਵਿੱਚ ਇੱਕ ਪਖਾਨਾ ਨਿਰਮਤ ਨਹੀਂ ਸੀ, ਪ੍ਰੰਤੂ ਬਲਾਕ ਦੇ ਅਧਿਕਾਰਤ ਰਿਕਾਰਡ ਵਿੱਚ ਵਿਖਾਖਿਆ ਗਿਆ ਸੀ। ਨਿਰੀਖਣ ਕਮੇਟੀ ਨੇ ਮੁੱਦਾ ਉਜਾਗਰ ਕੀਤਾ ਅਤੇ ਭੁੱਲ ਸੁਧਾਰੀ ਗਈ।

## ਪੱਛਮੀ ਬੰਗਾਲ

- ਪ੍ਰੀ-ਪ੍ਰਾਇਮਰੀ, ਪ੍ਰਾਇਮਰੀ, ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਉਨ੍ਹਾਂ ਦੇ ਅਧਿਕਾਰ ਖੇਤਰ ਦੇ ਅੰਦਰ ਬੱਚਿਆਂ ਲਈ ਵਿਦਿਅਕ ਯੋਜਨਾਵਾਂ ਦਾ ਵਿਕਾਸ
- 6-14 ਸਾਲ ਦੇ ਉਮਰ ਸਮੂਹ ਵਿੱਚ ਬੱਚਿਆਂ ਲਈ ਸੂਖਮ ਪੱਧਰ ਦਾ ਡਾਟਾਬੇਸ ਸੰਭਾਲਣਾ
- ਖਾਤਿਆਂ (ਵੋਚਰ, ਕੈਸ਼ ਬੁੱਕ, ਰਿਪੋਰਟਾਂ ਆਦਿ) ਦੀ ਸੰਭਾਲ।

## ਤੁਹਾਡੀ ਪ੍ਰਗਤੀ ਦੀ ਪਰਖ - 8

**ਨੋਟ :** ਤੁਹਾਡੇ ਉੱਤਰ ਲਈ ਸਥਾਨ ਦਿੱਤਾ ਗਿਆ ਹੈ।

1. ਉਨ੍ਹਾਂ ਗਤੀਵਿਧੀਆਂ ਦੀ ਸੂਚੀ ਤਿਆਰ ਕਰੋ ਜਿਸ ਵਿੱਚ ਦੇਸ਼ ਭਰ ਦੇ ਸੂਬਿਆਂ ਵਿਚਲੇ ਸਮੁਦਾਇ ਰੁੱਝੇ ਹੁੰਦੇ ਹਨ।

-----------------------------------------------------------------

-----------------------------------------------------------------

-----------------------------------------------------------------

-------------------------------------

2. ਬੱਚਿਆਂ ਦੀ ਸਿੱਖਿਆ ਵਿੱਚ ਤੁਹਾਡੇ ਇਲਾਕੇ ਵਿੱਚ ਸਮੁਦਾਇ ਦੀ ਸ਼ਮੂਲੀਅਤ ਬਾਰੇ ਪਤਾ ਲਗਾਓ।

-----------------------------------------------------------------

-----------------------------------------------------------------

ਨੋਟ

---------------------------------------------------------------------------------------------------------------
--------------------------------------------------------------

3. ਉਸ ਇਲਾਕੇ ਨੂੰ ਚਿੰਨ੍ਹਤ ਕਰੋ, ਜਿੱਥੇ ਸਮੁਦਾਇ ਦੀ ਭਾਗੀਦਾਰੀ ਦੀ ਲੋੜ ਹੈ।

---------------------------------------------------------------------------------------------------------------
---------------------------------------------------------------------------------------------------------------
---------------------------------------------------------------------------------------------------------------
--------------------------------------------------------------

## 4.8 ਸਾਰਾਂਸ਼

ਇਸ ਬਲਾਕ ਵਿੱਚ ਤੁਸੀਂ ਸਿੱਖਿਆ ਕਿ ਸਿੱਖਿਆ ਸਮੇਤ ਵਿਕਾਸ ਕਾਰਜਾਂ ਵਿੱਚ ਸਮੁਦਾਇ ਦੀ ਭਾਗੀਦਾਰੀ ਕਿੰਨੀ ਅਹਿਮ ਹੈ। ਸਮੁਦਾਇ ਦੀ ਮਾਲਕੀ ਸਮੁਦਾਇ ਨੂੰ ਸਥਾਨਕ ਸਮੱਸਿਆਵਾਂ ਦੀ ਸ਼ਨਾਖਤ ਕਰਨ ਵਿੱਚ ਮਦਦ ਕਰਦੀ ਹੈ। ਸਮੁਦਾਇ ਯੋਜਨਾ ਪ੍ਰਕਿਰਿਆਵਾਂ ਵਿੱਚ ਸਰਗਰਮੀ ਨਾਲ ਭਾਗੀਦਾਰੀ ਦੁਆਰਾ ਵਿਦਿਅਕ ਸਮੱਸਿਆਵਾਂ ਦੇ ਉਚਿਤ ਸਮਾਧਾਨ ਅਤੇ ਉਚਿਤ ਰਣਨੀਤੀਆਂ ਵੀ ਸੁਝਾਉਂਦਾ ਹੈ। ਵਿਸ਼ਾ ਪੜ੍ਹਨ ਤੋਂ ਬਾਅਦ ਤੁਸੀਂ ਧਿਆਨ ਦਿੱਤਾ ਹੋਵੇਗਾ ਕਿ ਭਾਰਤ ਵਿੱਚ ਸਿੱਖਿਆ ਦੇ ਖੇਤਰ ਵਿੱਚ ਸਮੁਦਾਇ ਦੀ ਭਾਗੀਦਾਰੀ ਵਧੀ ਹੈ, ਖਾਸਕਰ ਸਰਵ ਸਿੱਖਿਆ ਅਭਿਆਨ ਦੀ ਸ਼ੁਰੂਆਤ ਮਗਰੋਂ। ਸਰਵ ਸਿੱਖਿਆ ਅਭਿਆਨ ਨੇ ਸਕੂਲ ਪੱਧਰ ’ਤੇ ਭਿੰਨ ਸੰਰਚਨਾਵਾਂ ਪੈਦਾ ਕੀਤੀਆਂ ਹਨ, ਜਿਵੇਂ ਸਕੂਲ ਪ੍ਰਬੰਧਨ ਕਮੇਟੀ/ਮਾਪੇ ਅਧਿਆਪਕ ਐਸੋਸਿਏਸ਼ਨ, ਤਾਂ ਜੋ ਸਕੂਲ ਦੀਆਂ ਗਤੀਵਿਧੀਆਂ ਅਤੇ ਕਾਰਜ ਸ਼ੈਲੀ ਦਾ ਨਿਰੀਖਣ ਕੀਤਾ ਜਾ ਸਕੇ। ਪਿੰਡ ਅਤੇ ਮਿਉਂਸੀਪਲ ਪੱਧਰ ’ਤੇ ਭਿੰਨ ਸੰਰਚਨਾਵਾਂ, ਜਿਵੇਂ ਕਿ ਪਿੰਡ ਦੀ ਸਿੱਖਿਆ ਕਮੇਟੀ/ਵਾਰਡ ਪੱਧਰ ਕਮੇਟੀਆਂ ਸਿੱਖਿਆ ਦੀ ਯੋਜਨਾ ਅਤੇ ਪ੍ਰਬੰਧਨ ਵਿੱਚ ਰੁੱਝੀਆਂ ਹੋਈਆਂ ਹਨ।

ਇਹ ਕਮੇਟੀਆਂ ਮਾਤਾ ਪਿਤਾ ਅਤੇ ਹੋਰਨਾਂ ਸਮੁਦਾਇ ਦੇ ਮੈਂਬਰਾਂ ਨਾਲ ਨਿਕਟ ਸੰਬੰਧ ਰੱਖਦੀਆਂ ਹਨ। ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਵੀ ਸਿੱਖਿਆ ਦੇ ਖੇਤਰ ਵਿੱਚ ਸਮੁਦਾਇ ਦੀ ਭਾਗੀਦਾਰੀ ’ਤੇ ਬਹੁਤ ਜ਼ੋਰ ਪਾਉਂਦਾ ਹੈ। ਐਕਟ ਸਪਸ਼ਟ ਤੌਰ ’ਤੇ ਤਰਕ ਦਿੰਦਾ ਹੈ ਕਿ ਸਮੁਦਾਇ ਦੀ ਯੋਜਨਾ, ਪ੍ਰਬੰਧਨ, ਨਿਰੀਖਣ ਅਤੇ ਸਕੂਲ ਦੀ ਕਾਰਜਸ਼ੈਲੀ ਵਿੱਚ ਸਰਗਰਮ ਭੂਮਿਕਾ ਹੁੰਦੀ ਹੈ। ਅਧਿਆਪਕਾਂ ਅਤੇ ਪ੍ਰਸ਼ਾਸਕਾਂ ਨੂੰ ਸਿੱਖਿਆ ਵਿੱਚ ਸੁਧਾਰ ਵਾਸਤੇ ਸਮੁਦਾਇ ਦੇ ਨਾਲ ਨਿਕਟ ਰਾਬਤਾ ਕਾਇਮ ਕਰਕੇ ਕੰਮ ਕਰਨ ਦੀ ਲੋੜ ਹੈ।

## 4.9 ਤੁਹਾਡੀ ਪ੍ਰਗਤੀ ਦੀ ਪਰਖ ਲਈ ਉੱਤਰ

### ਤੁਹਾਡੀ ਪ੍ਰਗਤੀ ਦੀ ਪਰਖ – 1

1. ਰਸਮੀ ਅਤੇ ਗੈਰ ਰਸਮੀ
2. ਗੈਰ ਰਸਮੀ
3. ਰਸਮੀ
4. ਗਤੀਵਿਧੀ

### ਤੁਹਾਡੀ ਪ੍ਰਗਤੀ ਦੀ ਪਰਖ – 2

1. 2001

ਨੋਟ

2. ਐੱਸ ਐੱਸ ਏ ਦਾ ਟੀਚਾ ਪੰਹੁਚ 'ਚ ਸੁਧਾਈ, ਸਿੱਖਿਆ ਵਿੱਚ ਮਿਆਰ ਅਤੇ ਭਾਗੀਦਾਰੀ ਦੁਆਰਾ ਬੁਨਿਆਦੀ ਸਿੱਖਿਆ ਦੇ ਵਿਆਪੀਕਰਣ ਦਾ ਨਿਸ਼ਾਨਾ ਪ੍ਰਾਪਤ ਕਰਨਾ ਹੈ। ਇਹ ਲਿੰਗ ਅਤੇ ਸਮਾਜਕ ਨਾਬਰਾਬਰੀ ਨੂੰ ਘਟਾਉਣ 'ਤੇ ਕੇਂਦਰਤ ਹੈ।

3. ਪ੍ਰੋਗ੍ਰਾਮ ਨਵੇਂ ਸਕੂਲ ਖੋਲ੍ਹਣ ਅਤੇ ਮੌਜੂਦਾ ਸਕੂਲਾਂ ਨੂੰ ਅੱਪਗ੍ਰੇਡ ਕਰਨਾ ਲੋੜਦਾ ਹੈ। ਵਾਧੂ ਕਲਾਸਰੂਮ ਦਾ ਨਿਰਮਾਣ, ਵਧੀਕ ਅਧਿਆਪਕ ਦੀ ਪੂਰਤੀ; ਬੱਚਿਆਂ ਦੀ ਭਾਗੀਦਾਰੀ ਨੂੰ ਸੁਧਾਰਣ ਲਈ ਲਾਹੇ ਜਿਵੇਂ ਮਿਡ ਡੇ ਮੀਲ, ਪਾਠ-ਪੁਸਤਕਾਂ ਉਪਲੱਬਧ ਕਰਨਾ ਲੋੜਦਾ ਹੈ। ਮਿਆਰ ਨੂੰ ਸੁਧਾਰਣ ਲਈ ਇਹ ਇਨ-ਸਰਵਿਸ ਅਧਿਆਪਕ ਟਰੇਨਿੰਗ 'ਤੇ ਜ਼ੋਰ ਪਾਉਂਦਾ ਹੈ।

4. ਸਕੂਲ ਪੱਧਰ 'ਤੇ ਸਕੂਲ ਪ੍ਰਬੰਧਕ ਕਮੇਟੀ/ਮਾਪੇ-ਅਧਿਆਪਕ ਐਸੋਸਿਏਸ਼ਨਾਂ ਦੀ ਤਜਵੀਜ਼ ਦਿੱਤੀ ਗਈ ਹੈ। ਪਿੰਡ/ਮਿਉਂਸਪਲ ਪੱਧਰ 'ਤੇ - ਪਿੰਡ ਦੀ ਸਿੱਖਿਆ ਕਮੇਟੀ/ਵਾਰਡ ਪੱਧਰੀ ਸਿੱਖਿਆ ਕਮੇਟੀ ਦੀ ਤਜਵੀਜ਼ ਦਿੱਤੀ ਗਈ ਹੈ।

5. ਆਰ ਟੀ ਈ - ਹਵਾਲਾ 1.3.1

## ਤੁਹਾਡੀ ਪ੍ਰਗਤੀ ਦੀ ਪਰਖ - 3

1. ਸਮੁਦਾਇ ਦੀ ਭਾਗੀਦਾਰੀ ਦੀ ਅਹਿਮੀਅਤ - ਹਵਾਲਾ 1.3.3

## ਤੁਹਾਡੀ ਪ੍ਰਗਤੀ ਦੀ ਪਰਖ - 4

1. ਸਮੁਦਾਇ ਇੱਕ ਦਬਾਅ ਸਮੂਹ ਦੇ ਤੌਰ 'ਤੇ ਕਿਰਿਆ ਕਰ ਸਕਦਾ ਹੈ, ਵਿਦਿਅਕ ਸਮੱਸਿਆਵਾਂ ਜਿਵੇਂ ਗੈਰ-ਦਾਖਲੇ, ਡਰਾਪ ਆਊਟ ਆਦਿ ਦੀ ਸਮੱਸਿਆ ਦੀ ਸ਼ਨਾਖਤ ਅਤੇ ਮੁਖਾਤਬ ਹੋਣਾ। ਇਹ ਸੰਬੰਧਤ ਪਾਠਕ੍ਰਮ ਨੂੰ ਵਿਕਸਤ ਕਰਨ ਵਿੱਚ ਵੀ ਸਹਾਈ ਹੋ ਸਕਦਾ ਹੈ। ਇਸ ਦੇ ਨਾਲ ਸਿਖਲਾਈ ਸਾਮੱਗਰੀ ਵਿੱਤੀ ਅਤੇ ਮਨੁੱਖੀ ਵਸੀਲਿਆਂ ਦੀ ਲਾਮਬੰਦੀ ਵਿੱਚ ਵੀ ਸਹਾਈ ਹੋ ਸਕਦਾ ਹੈ।
-ਹਵਾਲਾ 1.3.4

2. ਸਮੁਦਾਇ ਦੀਆਂ ਗਤੀਵਿਧੀਆਂ ਹਵਾਲਾ 1.4

## ਤੁਹਾਡੀ ਪ੍ਰਗਤੀ ਦੀ ਪਰਖ - 5

1.

2.

## ਤੁਹਾਡੀ ਪ੍ਰਗਤੀ ਦੀ ਪਰਖ - 6

1. ਪਿੰਡ ਦੀਆਂ ਸਿੱਖਿਆ ਕਮੇਟੀਆਂ ਦੀਆਂ ਗਤੀਵਿਧੀਆਂ ਹਵਾਲਾ 1.5

## ਤੁਹਾਡੀ ਪ੍ਰਗਤੀ ਦੀ ਪਰਖ - 7

1. ਐੱਸ ਐੱਸ ਸੀ ਦੀਆਂ ਕਿਰਿਆਵਾਂ ਹਵਾਲਾ 1.6.1

## ਤੁਹਾਡੀ ਪ੍ਰਗਤੀ ਦੀ ਪਰਖ - 8

1. ਸਮੁਦਾਇ ਦੀਆਂ ਗਤੀਵਿਧੀਆਂ ਦੀ ਸੂਚੀ ਵਿੱਚ ਜਾਗਰੂਕਤਾ ਉਤਪੰਨ ਕਰਨ ਲਈ ਮੇਲੇ/ਮੁਹਿੰਮਾਂ, ਦਾਖਲਾ ਮੁਹਿੰਮਾਂ ਦਾ ਪ੍ਰਬੰਧ, ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸ਼ਨਾਖਤ ਕਰਨਾ ਆਦਿ ਸ਼ਾਮਲ ਹੈ। ਮਾਪਿਆਂ ਨੂੰ ਬੱਚਿਆਂ ਨੂੰ ਸਕੂਲਾਂ 'ਚ ਭੇਜਣ ਲਈ ਪ੍ਰੇਰਤ ਕਰਨਾ। ਉਸਾਰੀ ਗਤੀਵਿਧੀਆਂ ਦੀ ਨਿਗਰਾਨੀ, ਪਖਾਨੇ, ਪੀਣ ਵਾਲੇ ਪਾਣੀ ਲਈ ਤਜਵੀਜ਼ਾਂ ਤਿਆਰ ਕਰਨੀਆਂ, ਸਕੂਲ ਜਾਂਦੇ ਬੱਚਿਆਂ ਬਾਰੇ ਜਾਣਕਾਰੀ, ਵਿਦਮਾਨ ਸਕੂਲਾਂ ਦੀ ਗਿਣਤੀ, ਹੋਰ ਕਿੰਨੇ ਸਕੂਲ, ਅਧਿਆਪਕਾਂ ਦੀ ਲੋੜ ਹੈ, ਬਾਰੇ

ਨੋਟ

ਜਾਣਕਾਰੀ ਦੇਣੀ। ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਹਾਜ਼ਰੀ ਦਾ ਨਿਰੀਖਣ ਕਰਨਾ। ਲਾਹੇ ਜਿਵੇਂ ਪਾਠ-ਪੁਸਤਕਾਂ ਅਤੇ ਵਰਦੀ, ਮਿਡ ਡੇ ਮੀਲ ਦਾ ਨਿਰੀਖਣ ਕਰਨਾ। ਖਾਤਿਆਂ ਦੀ ਸਾਂਭ-ਸੰਭਾਲ। ਬਰਿੱਜ (ਰਾਬਤਾ) ਕੋਰਸਾਂ ਲਈ ਵਾਲੰਟੀਅਰ ਆਦਿ।

## 4.9 ਸੁਝਾਏ ਅਧਿਐਨ ਅਤੇ ਸੰਦਰਭ


Bjork, Christopher ed. (2006) Educational Decentralisation : Asian Experiences and Conceptual Contributions, Springer, Netherland.

Darak G. Kishor, (2008) Community Participation as Resource in Elementary Education, Paper presented at National Seminar on Community and School Linkages : Prinicples and Practices (March 17-19, 2008), NUEPA, New Delhi.

Dayaram (2011) School Management Committee and the Right to education Act 2009 - Resource material for SMC Training. American India Foundation.

Gaysu R. Arvind (2008) Locating Community in School Education : Emerging Perspectives and Practices to Empowered Participatory Governance, Paper presented at National Seminar on Community and School Linkages : Principles and Practices (March 17-19,2008), NUEPA, New Delhi.

Government of India (undated) Sarva Shiksha Abhiyan - Framework for Implementation. Ministry of HRD, Department of Elementary Education and Literacy, New Delhi.

Govinda. R & Diwan Rashmi (2003) Community Participation and Empowerment in Primary Education, Sage Publications, New Delhi.

Grant A. Carl (1979) Community Participation in Education, Allyn and Bacon, USA.

Jayaram, N, (2008) School-Community Relations in India : Some Theoretical and Methodological Considerations, Paper presented at National Seminar on Community and School Linkages : Principles and Practices (March 17-19,2008), NUEPA, New Delhi.

Kantha V. Vinay & Daisy Narain (2003) Dynamics of Community Mobilisation in Govinda. R & Diwan Rashmi Community Participation and Empowerment in Primary Education, Sage Publications, New Delhi.

Govt. of India (2011) Sarva Shiksha Abhiyan : framework for Implementation (based on the RTE 2009), Ministry of Human Resource Development, Department of school education and Literacy.

Khanna Kailash (2007) Evolution of Policies in India in Mukhopadhyay Marmar & Madhu Parhar (ed) Education in India, Shipra, New Delhi.

Mitsue Uemura (1999) Community Participation in Education : What do we know? The World Bank.



ਨੋਟ

Meenai Zubair (2008) Participatory Community Work, Concept Publishing Company, New Delhi.

Pailwar, Veena K. & Mahajan Vandana (2005) Janshala in Jharkhand : An Experiment with Community Involvement in Education, International Education Journal, 2005, 6(3), 373-385.

Pokhriyal H.C (2008) Communitisation of School Education : Reflections from the Field Paper presented at National Seminar on Community and School Linkages : Principles and Practices (March 17-19,2008), NUEPA, New Delhi.

Priyanka Pandey, Sangeeta Goyal, Venkatesh Sundararaman (2008) Community Participation in Public Schools : The Impart of Information Campaigns in Three Indian State, Policy Research Working Paper 4776, The World Bank, South Asia Region, Human Development Department.

Ramachandran Vimala (2003) Community Participation and Empowerment in Primary Education : Discussion of Experiences from Rajasthan in Govinda. R & Diwan Rashmi Community Participation and Empowerment in Primary Education, Sage Publications New Delhi.

Tharakan P.K. Michael (undated) Community Participation in School Education : Experiments and Experiences under People's Planning Campaign in Kerala http://decwatch.org/files/icdd/021.pdf

Vasavi A.R (2008) Concepts and Realities of Community in Elementary Education, Paper presented at National Seminar on Community and School Linkages : Principles and Practices (March 17-19,2008), NUEPA, New Delhi.

## 4.10 ਇਕਾਈ ਅੰਤ ਅਭਿਆਸ

1. ਸਿੱਖਿਆ ਵਿੱਚ ਸਮੁਦਾਇ ਦੀ ਭਾਗੀਦਾਰੀ ਦੀਆਂ ਭਿੰਨ ਕਿਸਮਾਂ ਦੀ ਚਰਚਾ ਕਰੋ।
2. ਆਰ ਟੀ ਈ ਐਕਟ 2009 ਦੀਆਂ ਵਿਸ਼ੇਸ਼ਤਾਈਆਂ ਦੀ ਚਰਚਾ ਕਰੋ।
3. ਪਿੰਡ ਦੀਆਂ ਸਿੱਖਿਆਂ ਕਮੇਟੀਆਂ (ਵੀ ਈ ਸੀ) ਦੀ ਮੁੱਖ ਕਿਰਿਆਂ ਦਾ ਜ਼ਿਕਰ ਕਰੋ।
4. ਐੱਸ ਐੱਸ ਸੀਜ਼ ਦੀ ਰਚਨਾ ਲਈ ਰੂਪਰੇਖਾ (ਫਾਰਮੈਟ) ਦਾ ਜ਼ਿਕਰ ਕਰੋ।